@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 20 February 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 20 ਫਰਵਰੀ 2025, 6 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 101. qpatrika@gmail.com ਫੋਨ : 9971359517 www.qaumipatrika.org

## ਦਿੱਲੀ ਦੇ ਨਵੇਂ ਮੁੱਖ ਮੰਤਰੀ ਦਾ ਐਲਾਨ, ਰੇਖਾ ਗੁਪਤਾ ਨੂੰ ਮਿਲੀ ਜ਼ਿੰਮੇਵਾਰੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 19 ਫਰਵਰੀ। ਦਿੱਲੀ ਦੇ ਮੁੱਖ ਮੰਤਰੀ ਚਹਿਰੇ ਦਾ ਸੰਸਪੈਂਸ ਖਤਮ ਹੋ ਗਿਆ ਹੈ। ਭਾਜਪਾ ਨੇ ਆਪਣੀ ਨਵੀਂ ਚੁਣੀ ਗਈ ਵਿਧਾਇਕ ਰੇਖਾ ਗੁਪਤਾ ਨੂੰ ਦਿੱਲੀ ਦੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਹੈ। ਰੇਖਾ ਗੁਪਤਾ ਸ਼ਾਲੀਮਾਰ ਬਾਗ ਸੀਟ ਤੋਂ ਜਿੱਤਣ ਤੋਂ ਬਾਅਦ ਵਿਧਾਇਕ ਬਣੀ। ਭਾਜਪਾ ਵਿਧਾਇਕ ਦਲ ਦੀ ਮੀਟਿੰਗ ਵਿੱਚ ਉਨ੍ਹਾਂ ਦੇ ਨਾਮ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਉਹ ਵੀਰਵਾਰ ਦੁਪਹਿਰ ਰਾਮਲੀਲਾ ਮੈਦਾਨ ਵਿੱਚ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਇਸ ਦੇ ਨਾਲ ਹੀ ਪ੍ਰਵੇਸ਼ ਵਰਮਾ ਨੂੰ ਡਿਪਟੀ ਸੀ.ਐੱਮ. ਬਣਾਏ ਜਾਣ ਦੀਆਂ ਚਰਚਾਵਾਂ ਹਨ। ਦਿੱਲੀ ਦੇ ਨਵੇਂ ਮੁੱਖ ਮੰਤਰੀ ਦਾ ਸਹੁੰ ਚੁੱਕ ਸਮਾਗਮ ਵੀਰਵਾਰ ਯਾਨੀ 20 ਫਰਵਰੀ ਨੂੰ ਸਵੇਰੇ ਲਗਭਗ 11.00 ਵਜੇ ਸ਼ੁਰੂ ਹੋਵੇਗਾ। ਉਪ ਰਾਜਪਾਲ ਵੀਕੇ ਸਕਸੈਨਾ ਨਵੇਂ ਮੁੱਖ ਮੰਤਰੀ ਅਤੇ ਕੈਬਨਿਟ ਨੂੰ ਦੁਪਹਿਰ 12.35 ਵਜੇ ਸਹੁੰ ਚੁਕਾਉਣਗੇ। ਪਹਿਲਾਂ ਇਹ ਪ੍ਰੋਗਰਾਮ ਸ਼ਾਮ 4.30 ਵਜੇ ਲਈ ਪ੍ਰਸਤਾਵਿਤ ਸੀ। ਬੁੱਧਵਾਰ ਸ਼ਾਮ ਨੂੰ ਦਿੱਲੀ ਵਿੱਚ ਨਵੇਂ ਚੁਣੇ ਗਏ ਭਾਜਪਾ ਵਿਧਾਇਕਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਰੇਖਾ ਗੁਪਤਾ ਨੂੰ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ। ਰੇਖਾ ਗੁਪਤਾ ਉਪ ਰਾਜਪਾਲ ਵੀਕੇ ਸਕਸੈਨਾ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰੇਗੀ ਅਤੇ ਨਵੀਂ ਸਰਕਾਰ 20 ਫਰਵਰੀ ਨੂੰ ਰਾਮਲੀਲਾ ਮੈਦਾਨ ਵਿੱਚ ਸਹੁੰ ਚੁੱਕੇਗੀ। ਦਿੱਲੀ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਧਾਇਕ ਦਲ ਦੇ ਨੇਤਾ ਦੀ ਚੋਣ ਲਈ ਸਾਬਕਾ ਬੁੱਧਵਾਰ ਨੂੰ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਅਤੇ ਰਾਸ਼ਟਰੀ ਸਕੱਤਰ ਓਮ ਪ੍ਰਕਾਸ਼ ਧਨਖੜ ਨੂੰ ਕੇਂਦਰੀ ਆਬਜ਼ਰਵਰ ਨਿਯੁਕਤ ਕੀਤਾ ਗਿਆ। ਇਹ ਜਾਣਕਾਰੀ ਪਾਰਟੀ ਵੱਲੋਂ ਜਾਰੀ ਇਕ ਅਧਿਕਾਰਤ ਬਿਆਨ 'ਚ ਦਿੱਤੀ ਗਈ। ਦਿੱਲੀ ਦੇ ਨਵੇਂ ਮੁੱਖ ਮੰਤਰੀ ਦੇ ਨਾਮ ਦਾ ਫੈਸਲਾ ਕਰਨ ਲਈ ਬੁੱਧਵਾਰ ਸ਼ਾਮ ਨੂੰ ਪਾਰਟੀ ਦੇ ਦਿੱਲੀ ਯੂਨਿਟ ਦਫ਼ਤਰ 'ਚ ਵਿਧਾਇਕ ਦਲ ਦੀ ਇਕ ਬੈਠਕ ਬੁਲਾਈ ਗਈ ਹੈ। 5 ਫਰਵਰੀ ਨੂੰ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ (ਆਪ) ਨੂੰ ਹਰਾ ਕੇ ਭਾਜਪਾ 27 ਸਾਲਾਂ ਬਾਅਦ ਸੱਤਾ 'ਚ ਆਈ ਹੈ। ਪਾਰਟੀ ਆਗੂਆਂ ਨੇ ਦੱਸਿਆ ਕਿ ਦਿੱਲੀ ਭਾਜਪਾ ਦਫ਼ਤਰ 'ਚ ਸ਼ਾਮ 7 ਵਜੇ ਦੇ ਕਰੀਬ ਸ਼ੁਰੂ ਹੋਣ ਵਾਲੀ ਵਿਧਾਇਕ ਦਲ ਦੀ ਬੈਠਕ 'ਚ ਪਾਰਟੀ ਦੇ 48 ਵਿਧਾਇਕ ਦਿੱਲੀ ਵਿਧਾਨ ਸਭਾ 'ਚ ਸਦਨ ਦੇ ਨੇਤਾ ਦੀ ਚੋਣ ਕਰਨਗੇ, ਜੋ ਮੁੱਖ ਮੰਤਰੀ ਬਣੇਗਾ। ਇਹ ਬੈਠਕ ਭਾਜਪਾ ਦੇ ਕੇਂਦਰੀ ਆਬਜ਼ਰਵਰ ਪ੍ਰਸਾਦ ਅਤੇ ਧਨਖੜ ਦੀ ਮੌਜੂਦਗੀ 'ਚ ਹੋਵੇਗੀ। ਪਾਰਟੀ ਵਿਧਾਇਕਾਂ ਵਲੋਂ ਨੇਤਾ ਚੁਣੇ ਜਾਣ ਤੋਂ ਬਾਅਦ ਭਵਿੱਖ ਦੇ ਮੁੱਖ ਮੰਤਰੀ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਰਾਜ ਨਿਵਾਸ ਵਿਖੇ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ। ਇਸ ਦੌਰਾਨ, ਰਾਮਲੀਲਾ ਮੈਦਾਨ 'ਚ ਨਵੀਂ ਸਰਕਾਰ ਦੇ ਸ਼ਾਨਦਾਰ ਸਹੁੰ ਚੁੱਕ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਸਹੁੰ ਚੁੱਕ ਸਮਾਗਮ ਵੀਰਵਾਰ ਦੁਪਹਿਰ ਨੂੰ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਨ੍ਹਾਂ ਦੇ ਕੈਬਨਿਟ ਸਾਥੀ ਅਤੇ ਰਾਸ਼ਟਰੀ ਜਨਤਾਂਤਰਿਕ ਗਠਜੋੜ (ਐੱਨਡੀਏ) ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵੀ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣਗੇ। ਇਸ ਸਮਾਗਮ 'ਚ ਲਗਭਗ 50,000 ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ, ਜਿਨ੍ਹਾਂ 'ਚ ਕੁਝ ਵਿਸ਼ੇਸ਼ ਮਹਿਮਾਨ ਵੀ ਸ਼ਾਮਲ ਹਨ। ਨਵੇਂ ਮੁੱਖ ਮੰਤਰੀ ਲਈ ਜਿਨ੍ਹਾਂ ਨਾਵਾਂ 'ਤੇ ਚਰਚਾ ਹੋ ਰਹੀ ਹੈ, ਉਨ੍ਹਾਂ 'ਚ ਪ੍ਰਵੇਸ਼ ਵਰਮਾ ਪ੍ਰਮੁੱਖ ਹਨ। ਉਨ੍ਹਾਂ ਨੇ ਇਸ ਵਿਧਾਨ ਸਭਾ ਚੋਣ 'ਚ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਹਰਾਇਆ ਹੈ। ਦਿੱਲੀ ਭਾਜਪਾ ਦੇ ਸਾਬਕਾ ਪ੍ਰਧਾਨ ਵਿਜੇਂਦਰ ਗੁਪਤਾ, ਸਤੀਸ਼ ਉਪਾਧਿਆਏ, ਪਵਨ ਸ਼ਰਮਾ, ਆਸ਼ੀਸ਼ ਸੂਦ, ਰੇਖਾ ਗੁਪਤਾ ਅਤੇ ਸ਼ਿਖਾ ਰਾਏ ਵਰਗੇ ਹੋਰ ਨੇਤਾ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ 'ਚ ਸ਼ਾਮਲ ਦੱਸੇ ਜਾ ਰਹੇ ਹਨ। ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਜਨਤਕ ਤੌਰ 'ਤੇ ਚਰਚਾ ਕੀਤੇ ਜਾ ਰਹੇ ਨਾਵਾਂ ਤੋਂ ਇਲਾਵਾ, ਕੁਝ ਆਗੂ ਅਜਿਹੇ ਹਨ ਜੋ ਇਸ ਦੌੜ 'ਚ 'ਲੁਕਵੇਂ ਯੋਧੇ' ਸਾਬਤ ਹੋ ਸਕਦੇ ਹਨ। ਬਵਾਨਾ (ਐੱਸਸੀ) ਸੀਟ ਤੋਂ ਵਿਧਾਇਕ ਰਵਿੰਦਰ ਇੰਦਰ ਸਿੰਘ ਅਤੇ ਪਹਿਲੀ ਵਾਰ ਭਾਜਪਾ ਲਈ ਮਾਦੀਪੁਰ (ਐੱਸਸੀ) ਸੀਟ ਜਿੱਤਣ ਵਾਲੇ ਕੈਲਾਸ਼ ਗੰਗਵਾਲ ਨੂੰ ਇਸੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ।




## 'ਹੁਣ ਸਿਰਫ਼ ਭਾਰਤ ਦਾ ਨਾਮ ਬਦਲ ਕੇ 'ਭਾਜਪਾ' ਰੱਖਣਾ ਹੀ ਬਾਕੀ ਰਹਿ ਗਿਆ'

ਵੈੱਬ ਡੈਸਕ 19 ਫਰਵਰੀ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਗਾਜ਼ੀਪੁਰ ਜ਼ਿਲ੍ਹੇ ਦੇ ਇੱਕ ਪ੍ਰਾਇਮਰੀ ਸਕੂਲ ਦੇ ਪ੍ਰਵੇਸ਼ ਦੁਆਰ ਤੋਂ 1965 ਦੇ ਯੁੱਧ ਦੇ ਨਾਇਕ ਵੀਰ ਅਬਦੁਲ ਹਮੀਦ ਦਾ ਨਾਮ ਹਟਾਉਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਨੇ ਤਨਜ ਕੱਸਦੇ ਹੋਏ ਕਿਹਾ ਕਿ ਹੁਣ ਸਿਰਫ਼ ਭਾਰਤ ਦਾ ਨਾਮ ਬਦਲ ਕੇ 'ਭਾਜਪਾ' (ਭਾਰਤੀ ਜਨਤਾ ਪਾਰਟੀ) ਕਰਨਾ ਬਾਕੀ ਹੈ। ਦਰਅਸਲ, ਗਾਜ਼ੀਪੁਰ ਜ਼ਿਲ੍ਹੇ ਦੇ ਧਾਮੂਪੁਰ ਪਿੰਡ ਦੇ ਸਕੂਲ ਦੀ ਹਾਲ ਹੀ ਵਿੱਚ ਪੇਂਟਿੰਗ ਤੋਂ ਬਾਅਦ, ਇਸਦਾ ਨਾਮ ਬਦਲ ਕੇ 'ਪੀਐੱਮ ਸ਼੍ਰੀ ਕੰਪੋਜ਼ਿਟ



ਸਕੂਲ' ਕਰ ਦਿੱਤਾ ਗਿਆ ਸੀ। ਇਸ ਨਾਲ ਸਬੰਧਤ ਖ਼ਬਰਾਂ ਦਾ ਸਕ੍ਰੀਨਸ਼ਾਟ ਸਾਂਝਾ ਕਰਦੇ ਹੋਏ, ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਯਾਦਵ ਨੇ 'ਐਕਸ' 'ਤੇ ਪੋਸਟ ਕੀਤਾ, ਇਹ ਬਹੁਤ ਹੀ ਨਿੰਦਣਯੋਗ ਹੈ ਕਿ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਨਾਲੋਂ ਕਿਸੇ ਹੋਰ ਨੂੰ ਜ਼ਿਆਦਾ ਮਹੱਤਵ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਮਜ਼ਾਕ ਉਡਾਇਆ ਕਿ ਹੁਣ ਸਿਰਫ਼ ਇਹੀ ਬਚਿਆ ਹੈ ਕਿ ਕੁਝ ਲੋਕ ਦੇਸ਼ ਦਾ ਨਾਮ 'ਭਾਰਤ' ਤੋਂ ਬਦਲ ਕੇ 'ਭਾਜਪਾ' ਕਰ ਦੇਣ। ਸਪਾ ਪ੍ਰਧਾਨ ਨੇ ਕਿਹਾ, ਜਿਨ੍ਹਾਂ ਨੇ ਨਾ ਤਾਂ ਆਜ਼ਾਦੀ ਪ੍ਰਾਪਤ ਕਰਨ ਵਿੱਚ ਕੋਈ ਭੂਮਿਕਾ ਨਿਭਾਈ ਅਤੇ ਨਾ ਹੀ ਆਜ਼ਾਦੀ ਨੂੰ ਬਚਾਉਣ ਵਿੱਚ, ਉਹ ਸ਼ਹੀਦਾਂ ਦੀ ਮਹੱਤਤਾ ਨੂੰ ਕਿਵੇਂ ਜਾਣ ਸਕਦੇ ਹਨ। ਹਾਮਿਦ ਦੇ ਪਰਿਵਾਰ ਨੇ ਸਕੂਲ ਦੀ ਬਾਹਰੀ ਕੰਧ ਅਤੇ ਗੇਟ ਤੋਂ ਯੁੱਧ ਸ਼ਹੀਦ ਦਾ ਨਾਮ ਹਟਾਉਣ ਦਾ ਵਿਰੋਧ ਕੀਤਾ, ਜਿਸ ਵਿੱਚ ਪਰਮ ਵੀਰ ਚੱਕਰ ਜੇਤੂ ਨੇ ਖੁਦ ਇੱਕ ਵਾਰ ਪੜ੍ਹਾਈ ਕੀਤੀ ਸੀ। ਪਰਮ ਵੀਰ ਚੱਕਰ ਜੇਤੂ ਅਬਦੁਲ ਹਾਮਿਦ ਦੇ ਪੋਤੇ ਜਮੀਲ ਅਹਿਮਦ ਨੇ ਕਿਹਾ ਕਿ ਸਕੂਲ ਨੂੰ ਪੰਜ ਦਿਨ ਪਹਿਲਾਂ ਰੰਗ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪ੍ਰਵੇਸ਼ ਦੁਆਰ 'ਤੇ ÷ਸ਼ਹੀਦ ਹਮੀਦ ਵਿਦਿਆਲਿਆ÷ ਦੀ ਬਜਾਏ ਪੀਐੱਮ ਸ਼੍ਰੀ ਕੰਪੋਜ਼ਿਟ ਸਕੂਲ ਲਿਖਿਆ ਹੋਇਆ ਸੀ।

## ਪੰਜਾਬ ਨੈਸ਼ਨਲ ਬੈਂਕ 'ਚ ਸਾਹਮਣੇ ਆਇਆ ਇਕ ਹੋਰ ਵੱਡਾ ਬੈਂਕਿੰਗ ਘਪਲਾ

ਬਿਜ਼ਨੈੱਸ ਡੈਸਕ 19 ਫਰਵਰੀ। ਪੰਜਾਬ ਨੈਸ਼ਨਲ ਬੈਂਕ 'ਚ ਇਕ ਹੋਰ ਵੱਡਾ ਬੈਂਕਿੰਗ ਘੁਟਾਲਾ ਸਾਹਮਣੇ ਆਇਆ ਹੈ। ਇਸ ਵਾਰ ਓਡੀਸ਼ਾ ਦੀ ਗੁਪਤਾ ਪਾਵਰ ਇੰਫਰਾਸਟਰਕਚਰ ਲਿਮਟਿਡ 'ਤੇ 270.57 ਕਰੋੜ ਰੁਪਏ ਦੀ ਧੋਖਾਧੜੀ ਦਾ ਦੋਸ਼ ਹੈ। ਬੈਂਕ ਨੇ ਇਸ ਮਾਮਲੇ ਬਾਰੇ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਅਤੇ ਸ਼ੇਅਰ ਬਾਜ਼ਾਰ ਨੂੰ ਸੂਚਿਤ ਕਰ ਦਿੱਤਾ ਹੈ। ਇਹ ਧੋਖਾਧੜੀ ਦੇਸ਼ ਦੇ ਤੀਜੇ ਸਭ ਤੋਂ ਵੱਡੇ ਸਰਕਾਰੀ ਬੈਂਕ ਲਈ ਇੱਕ ਹੋਰ ਵੱਡੀ ਚੁਣੌਤੀ ਬਣ ਸਕਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਨੈਸ਼ਨਲ ਬੈਂਕ ਨੇ ਦੱਸਿਆ ਕਿ ਇਹ ਧੋਖਾਧੜੀ 270.57 ਕਰੋੜ ਰੁਪਏ ਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭੁਵਨੇਸ਼ਵਰ ਸਥਿਤ ਸਟੇਸ਼ਨ ਸਕੁਏਅਰ ਸ਼ਾਖਾ ਨੇ ਕੰਪਨੀ ਨੂੰ ਕਰਜ਼ਾ ਦਿੱਤਾ ਸੀ। ਨਿਰਧਾਰਤ ਮਾਪਦੰਡਾਂ ਅਨੁਸਾਰ, ਬੈਂਕ ਨੇ ਪਹਿਲਾਂ ਹੀ 270.57 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਚਾਲੂ ਵਿੱਤੀ ਸਾਲ (ਅਕਤੂਬਰ-ਦਸੰਬਰ 2024) ਦੀ ਤੀਜੀ ਤਿਮਾਹੀ ਵਿੱਚ ਪੀਐੱਨਬੀ ਦਾ ਸ਼ੁੱਧ ਲਾਭ ਦੁੱਗਣੇ ਤੋਂ ਵੱਧ ਕੇ 4508 ਕਰੋੜ ਰੁਪਏ ਹੋ ਗਿਆ, ਜੋ ਇੱਕ ਸਾਲ ਪਹਿਲਾਂ ਇਸੇ ਤਿਮਾਹੀ ਵਿੱਚ 2223 ਕਰੋੜ ਰੁਪਏ ਸੀ। ਇਸ ਸਮੇਂ ਦੌਰਾਨ ਬੈਂਕ ਦੀ ਕੁੱਲ ਆਮਦਨ ਵੀ ਵਧ ਕੇ 34,752 ਕਰੋੜ ਰੁਪਏ ਹੋ ਗਈ, ਜੋ ਇਕ ਸਾਲ ਪਹਿਲਾਂ 2023-24 ਦੀ ਦਸੰਬਰ ਤਿਮਾਹੀ 'ਚ 29,962 ਕਰੋੜ ਰੁਪਏ ਸੀ। ਕੁੱਲ ਗੈਰ-ਕਾਰਗੁਜ਼ਾਰੀ ਜਾਇਦਾਦ ਅਨੁਪਾਤ ਇੱਕ ਸਾਲ ਪਹਿਲਾਂ 6.24 ਪ੍ਰਤੀਸ਼ਤ ਤੋਂ ਘਟ ਕੇ 4.09 ਪ੍ਰਤੀਸ਼ਤ ਰਹਿ ਗਿਆ ਹੈ।

## ਪੰਜਾਬ ਦੇ ਅਫ਼ਸਰਾਂ ਨੂੰ ਨਵੇਂ ਦਿਸ਼ਾ-ਨਿਰਦੇਸ਼ ਜਾਰੀ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ/ਜਲੰਧਰ 19 ਫਰਵਰੀ। ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਅਧਿਕਾਰੀਆਂ ਨੂੰ ਸੂਬੇ 'ਚ ਅਨਾਜ ਦੇ ਸਟਾਕ ਨੂੰ ਤਬਦੀਲ ਕਰਨ ਦੀ ਪ੍ਰਕਿਰਿਆ 'ਚ ਹੋਰ ਤੇਜ਼ੀ ਲਿਆਉਣ ਦੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਆਪਣੀ ਸਰਕਾਰੀ ਰਿਹਾਇਸ਼ 'ਤੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਸੀਜ਼ਨ ਦੌਰਾਨ ਸਟੋਰੇਜ ਦੀ ਘਾਟ ਕਾਰਨ ਮੰਡੀਆਂ 'ਚ ਖ਼ਰੀਦ ਤੇ ਚੁਕਾਈ 'ਤੇ ਮਾੜਾ ਪ੍ਰਭਾਵ ਪਿਆ ਸੀ। ਸਰਕਾਰ ਨੇ ਸੀਜ਼ਨ ਦੌਰਾਨ ਅਨਾਜ ਦੀ ਵਿਕਰੀ 'ਚ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਉਣ ਦੇਵੇ। ਇਸ ਲਈ ਜ਼ਰੂਰੀ ਹੈ ਕਿ ਸਟੋਰੇਜ ਲਈ ਢੁੱਕਵੀਂ ਥਾਂ ਰੱਖੀ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਆਉਣ ਵਾਲੇ ਮਹੀਨਿਆਂ 'ਚ ਪੰਜਾਬ 'ਚ 60 ਲੱਖ ਮੀਟਰਿਕ ਟਨ ਅਨਾਜ ਸਟੋਰ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਵਿੱਢੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੌਮੀ ਖ਼ੁਰਾਕ ਸੁਰੱਖਿਆ ਲਈ ਅਨਾਜ ਪੈਦਾ ਕਰਦਾ ਹੈ ਅਤੇ ਸਰਕਾਰ ਦਾ ਇਹ ਫ਼ਰਜ਼ ਬਣਦਾ ਹੈ ਕਿ ਖ਼ਰੀਦ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਲਗਾਤਾਰ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ ਕਿ ਉਹ ਸੂਬੇ ਤੋਂ ਕਣਕ ਅਤੇ ਚੌਲਾਂ ਨੂੰ ਤਬਦੀਲ ਕਰਨ 'ਚ ਤੇਜ਼ੀ ਲਿਆਵੇ ਤਾਂ ਜੋ ਮੌਜੂਦਾ ਸਾਉਣੀ ਸੀਜ਼ਨ ਦੇ ਚੌਲ ਅਤੇ ਆਉਣ ਵਾਲੇ ਹਾੜ੍ਹੀ ਸੀਜ਼ਨ 2025-26 ਦੌਰਾਨ ਕਣਕ ਦੀ ਸਟੋਰੇਜ ਲਈ ਢੁੱਕਵੀਂ ਥਾਂ ਮੌਜੂਦ ਰਹੇ। ਸਾਉਣੀ ਖ਼ਰੀਦ ਸੀਜ਼ਨ 2024-25 ਦੌਰਾਨ ਸੂਬੇ 'ਚ 171.86 ਲੱਖ ਮੀਟਰਿਕ ਟਨ ਝੋਨੇ ਦੀ ਪੈਦਾਵਾਰ ਹੋਈ, ਜਿਸ 'ਚੋਂ 116.30 ਲੱਖ ਮੀਟਰਿਕ ਟਨ ਚੌਲਾਂ ਦੀ ਡਿਲੀਵਰੀ ਹੋਣੀ ਹੈ।



## ਰੋਕ ਦੇ ਬਾਵਜੂਦ ਵੀ ਬੁਲਡੋਜ਼ਰ ਕਾਰਵਾਈ ਤੋਂ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ 19 ਫਰਵਰੀ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ (ਯੂ.ਪੀ.) ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ ਵਿਚ ਸੁਪਰੀਮ ਕੋਰਟ ਨੇ ਪੁੱਛਿਆ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਕੁਸ਼ੀਨਗਰ ਵਿਚ ਮਸਜਿਦ 'ਚ ਭੰਨ-ਤੋੜ ਕਰ ਕੇ 13 ਨਵੰਬਰ, 2024 ਦੇ ਹੁਕਮ ਦੀ ਉਲੰਘਣਾ ਕਿਉਂ ਕੀਤੀ ਹੈ। 13 ਨਵੰਬਰ, 2024 ਦੇ ਇਕ ਹੁਕਮ ਵਿਚ ਸੁਪਰੀਮ ਕੋਰਟ ਨੇ ਬਿਨਾਂ ਕਿਸੇ ਪੂਰਵ ਸੂਚਨਾ ਦੇ ਅਤੇ ਦੂਜੀ ਧਿਰ ਨੂੰ ਸੁਣੇ ਬਿਨਾਂ ਭੰਨ-ਤੋੜ ਦੀ ਕਾਰਵਾਈ 'ਤੇ ਪਾਬੰਦੀ ਲਗਾ ਦਿੱਤੀ ਸੀ। ਸੁਪਰੀਮ ਕੋਰਟ ਨੇ ਇਸ ਵੇਲੇ ਕੁਸ਼ੀਨਗਰ ਮਾਮਲੇ ਵਿਚ ਕਿਸੇ ਵੀ ਹੋਰ ਭੰਨ-ਤੋੜ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਏ. ਜੀ. ਮਸੀਹ ਦੀ ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦੇ ਹੋਏ ਪੁੱਛਿਆ ਕਿ ਕਿਉਂ ਨਾ ਸਬੰਧਤ ਅਧਿਕਾਰੀਆਂ ਵਿਰੁੱਧ ਅਦਾਲਤ ਦੀ ਉਲੰਘਣਾ ਕਰਨ ਲਈ ਕਾਰਵਾਈ ਕੀਤੀ ਜਾਵੇ।

## ਹੜ੍ਹ, ਜ਼ਮੀਨ ਖਿਸਕਣ ਅਤੇ ਚੱਕਰਵਾਤ ਪ੍ਰਭਾਵਿਤ 5 ਸੂਬਿਆਂ ਲਈ 1554.99 ਕਰੋੜ ਰੁਪਏ ਮਨਜ਼ੂਰ

ਨਵੀਂ ਦਿੱਲੀ, 19 ਫਰਵਰੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਵਾਲੀ ਇਕ ਕਮੇਟੀ ਨੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਫੰਡ (ਐੱਨ.ਡੀ.ਆਰ.ਐੱਫ.) ਦੇ ਤਹਿਤ ਸਾਲ 2024 'ਚ ਹੜ੍ਹਾਂ, ਜ਼ਮੀਨ ਖਿਸਕਣ ਅਤੇ ਚੱਕਰਵਾਤੀ ਤੂਫਾਨਾਂ ਤੋਂ ਪ੍ਰਭਾਵਿਤ ਪੰਜ ਸੂਬਿਆਂ ਨੂੰ 1554.99 ਕਰੋੜ ਰੁਪਏ ਦੀ ਵਾਧੂ ਕੇਂਦਰੀ ਸਹਾਇਤਾ ਰਾਸ਼ੀ ਮੁਹੱਈਆ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰਤ ਬਿਆਨ ਦੇ ਅਨੁਸਾਰ, ਕੁੱਲ 1554.99 ਕਰੋੜ ਰੁਪਏ ਦੀ ਰਕਮ ਵਿਚੋਂ, ਆਂਧਰਾ ਪ੍ਰਦੇਸ਼ ਨੂੰ 608.08 ਕਰੋੜ ਰੁਪਏ, ਨਾਗਾਲੈਂਡ ਨੂੰ 170.99 ਕਰੋੜ ਰੁਪਏ, ਓਡੀਸ਼ਾ ਨੂੰ 255.24 ਕਰੋੜ ਰੁਪਏ, ਤੇਲੰਗਾਨਾ ਨੂੰ 231.75 ਕਰੋੜ ਰੁਪਏ ਅਤੇ ਤ੍ਰਿਪੁਰਾ ਨੂੰ 288.93 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, "ਮੋਦੀ ਸਰਕਾਰ ਆਫ਼ਤ ਪ੍ਰਭਾਵਿਤ ਲੋਕਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ। ਅੱਜ ਗ੍ਰਹਿ ਮੰਤਰਾਲੇ ਨੇ ਐੱਨ. ਡੀ.ਆਰ. ਫੰਡ ਦੇ ਤਹਿਤ ਆਂਧਰਾ ਪ੍ਰਦੇਸ਼, ਨਾਗਾਲੈਂਡ, ਓਡੀਸ਼ਾ, ਤੇਲੰਗਾਨਾ ਅਤੇ ਤ੍ਰਿਪੁਰਾ ਨੂੰ 1554.99 ਕਰੋੜ ਰੁਪਏ ਦੀ ਵਾਧੂ ਕੇਂਦਰੀ ਸਹਾਇਤਾ ਰਾਸ਼ੀ ਨੂੰ ਮਨਜ਼ੂਰੀ ਦਿੱਤੀ ਹੈ।" ਇਹ ਵਾਧੂ ਸਹਾਇਤਾ ਉਨ੍ਹਾਂ ਫੰਡਾਂ ਤੋਂ ਇਲਾਵਾ ਹੈ ਜੋ ਕੇਂਦਰ ਸਰਕਾਰ ਪਹਿਲਾਂ ਹੀ ਸੂਬਿਆਂ ਨੂੰ ਰਾਜਾਂ ਨੂੰ ਉਨ੍ਹਾਂ ਦੇ ਐੱਸ. ਡੀ. ਆਰ. ਫੰਡ ਦੇ ਤਹਿਤ ਜਾਰੀ ਕਰ ਚੁੱਕੀ ਹੈ।

## ਗਿਆਨੇਸ਼ ਕੁਮਾਰ ਨੇ ਸੰਭਾਲਿਆ ਮੁੱਖ ਚੋਣ ਕਮਿਸ਼ਨਰ ਦਾ ਅਹੁਦਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 19 ਫਰਵਰੀ। ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ। ਕਾਨੂੰਨ ਮੰਤਰਾਲੇ ਨੇ ਸੋਮਵਾਰ ਦੇਰ ਰਾਤ ਇੱਕ ਗਜ਼ਟ ਨੋਟੀਫਿਕੇਸ਼ਨ ਰਾਹੀਂ ਸੂਚਿਤ ਕੀਤਾ ਸੀ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਦੇਸ਼ ਦਾ ਅਗਲਾ ਮੁੱਖ ਚੋਣ ਕਮਿਸ਼ਨਰ ਅਤੇ ਹਰਿਆਣਾ ਦੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਹੈ। ਅਹੁਦਾ ਸੰਭਾਲਣ ਤੋਂ ਬਾਅਦ ਨਵ-ਨਿਯੁਕਤ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ, ÷ਰਾਸ਼ਟਰ ਨਿਰਮਾਣ ਦਾ ਪਹਿਲਾ ਕਦਮ ਵੋਟਿੰਗ ਹੈ। ਇਸ ਲਈ ਭਾਰਤ ਦਾ ਹਰ ਨਾਗਰਿਕ ਜੋ 18 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੈ, ਨੂੰ ਵੋਟਰ ਬਣਨਾ ਚਾਹੀਦਾ ਹੈ ਅਤੇ ਹਮੇਸ਼ਾ ਵੋਟ ਪਾਉਣੀ ਚਾਹੀਦੀ ਹੈ। ਭਾਰਤ ਦੇ ਸੰਵਿਧਾਨ, ਚੋਣ ਕਾਨੂੰਨਾਂ, ਨਿਯਮਾਂ ਅਤੇ ਇਸ ਵਿੱਚ ਜਾਰੀ ਹਦਾਇਤਾਂ ਅਨੁਸਾਰ ਭਾਰਤ ਦਾ ਚੋਣ ਕਮਿਸ਼ਨ ਹਮੇਸ਼ਾ ਵੋਟਰਾਂ ਦੇ ਨਾਲ ਸੀ ਅਤੇ ਰਹੇਗਾ।÷ ਗਿਆਨੇਸ਼ ਕੁਮਾਰ, ਭਾਰਤ ਦੇ 26ਵੇਂ ਸੀਈਸੀ ਵਜੋਂ ਆਪਣੇ ਕਾਰਜਕਾਲ ਦੌਰਾਨ ਇਸ ਸਾਲ ਦੇ ਅੰਤ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਅਤੇ 2026 ਵਿੱਚ ਕੇਰਲ ਅਤੇ ਪੁਡੂਚੇਰੀ ਵਿਧਾਨ ਸਭਾ ਚੋਣਾਂ ਦੀ ਨਿਗਰਾਨੀ ਕਰਨਗੇ। ਇਸੇ ਤਰ੍ਹਾਂ ਉਹ ਤਾਮਿਲਨਾਡੂ ਅਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਦੀ ਨਿਗਰਾਨੀ ਵੀ ਕਰਨਗੇ, ਜਿਹੜੀਆਂ 2026 ਵਿੱਚ ਹੋਣੀਆਂ ਹਨ। ਇਸ ਮੌਕੇ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਵਧਾਈ ਦਿੱਤੀ। ਕੇਰਲ ਕੇਡਰ ਦੇ 1988 ਬੈਚ ਦੇ ਆਈਏਐੱਸ ਅਧਿਕਾਰੀ ਗਿਆਨੇਸ਼ ਕੁਮਾਰ ਦਾ ਜਨਮ 27 ਜਨਵਰੀ 1964 ਨੂੰ ਆਗਰਾ, ਉੱਤਰ ਪ੍ਰਦੇਸ਼ ਵਿੱਚ ਹੋਇਆ ਸੀ। ਉਨ੍ਹਾਂ ਆਪਣੀ ਮੁੱਢਲੀ ਸਿੱਖਿਆ ਕਵੀਂਸ ਕਾਲਜ, ਵਾਰਾਣਸੀ ਅਤੇ ਕੈਲਵਿਨ ਤਾਲੁਕੇਦਾਰ ਕਾਲਜ, ਲਖਨਊ ਤੋਂ ਕੀਤੀ। ਇਸ ਤੋਂ ਬਾਅਦ ਉਨ੍ਹਾਂ 99" ਕਾਨਪੁਰ ਤੋਂ ਸਿਵਲ ਇੰਜੀਨੀਅਰਿੰਗ ਵਿੱਚ ਬੀ. ਟੈੱਕ, 93619 ਤੋਂ ਬਿਜ਼ਨਸ ਫਾਈਨਾਂਸ ਵਿੱਚ ਪੋਸਟ ਗ੍ਰੈਜੂਏਸ਼ਨ ਅਤੇ ਹਾਰਵਰਡ ਯੂਨੀਵਰਸਿਟੀ ਤੋਂ ਵਾਤਾਵਰਣ ਅਰਥਸ਼ਾਸਤਰ ਵਿੱਚ ਪੋਸਟ ਗ੍ਰੈਜੂਏਸ਼ਨ ਕੀਤੀ। ਉਨ੍ਹਾਂ ਏਰਨਾਕੁਲਮ ਦੇ ਸਹਾਇਕ ਕੁਲੈਕਟਰ, ਅਦੂਰ ਦੇ ਡਿਪਟੀ ਕੁਲੈਕਟਰ, ਕੇਰਲਾ ਰਾਜ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਵਿਕਾਸ ਨਿਗਮ ਦੇ ਮੈਨੇਜਿੰਗ ਡਾਇਰੈਕਟਰ, ਕੇਰਲ ਵਿੱਚ ਕੋਚੀਨ ਨਗਰ ਨਿਗਮ ਦੇ ਮਿਉਂਸਪਲ ਕਮਿਸ਼ਨਰ ਵਜੋਂ ਵੀ ਕੰਮ ਕੀਤਾ। ਨਾਲ ਹੀ ਕਈ ਅਹੁਦਿਆਂ 'ਤੇ ਸੇਵਾ ਨਿਭਾਈ। ਕੇਰਲ ਸਰਕਾਰ ਦੇ ਸਕੱਤਰ ਵਜੋਂ ਗਿਆਨੇਸ਼ ਕੁਮਾਰ ਨੇ ਵਿੱਤ ਸਰੋਤ, ਫਾਸਟ-ਟਰੈਕ ਪ੍ਰੋਜੈਕਟ ਅਤੇ ਲੋਕ ਨਿਰਮਾਣ ਵਿਭਾਗ ਵਰਗੇ ਵੱਖ-ਵੱਖ ਵਿਭਾਗਾਂ ਨੂੰ ਸੰਭਾਲਿਆ। ਉਨ੍ਹਾਂ ਕੋਲ ਭਾਰਤ ਸਰਕਾਰ ਵਿੱਚ ਰੱਖਿਆ ਮੰਤਰਾਲੇ ਵਿੱਚ ਸੰਯੁਕਤ ਸਕੱਤਰ, ਗ੍ਰਹਿ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਅਤੇ ਵਧੀਕ ਸਕੱਤਰ, ਸੰਸਦੀ ਮਾਮਲਿਆਂ ਦੇ ਮੰਤਰਾਲੇ ਵਿੱਚ ਸਕੱਤਰ ਅਤੇ ਸਹਿਕਾਰਤਾ ਮੰਤਰਾਲੇ ਵਿੱਚ ਸਕੱਤਰ ਵਜੋਂ ਕੰਮ ਕਰਨ ਦਾ ਤਜਰਬਾ ਹੈ। ਉਹ 31 ਜਨਵਰੀ, 2024 ਨੂੰ ਭਾਰਤ ਸਰਕਾਰ ਦੇ ਸਹਿਕਾਰੀ ਸਕੱਤਰ ਵਜੋਂ ਸੇਵਾਮੁਕਤ ਹੋਏ ਅਤੇ 14 ਮਾਰਚ, 2024 ਨੂੰ ਭਾਰਤ ਦੇ ਚੋਣ ਕਮਿਸ਼ਨ ਵਿੱਚ ਚੋਣ ਕਮਿਸ਼ਨਰ ਵਜੋਂ ਨਿਯੁਕਤ ਹੋਏ।





# ਪੰਜਾਬੀਆਂ ਨੂੰ ਮਿਲਣਗੇ ਘਰ, ਸਰਕਾਰ ਨੇ ਲਿਆ ਵੱਡਾ ਫ਼ੈਸਲਾ

ਚੰਡੀਗੜ੍ਹ 19 ਫਰਵਰੀ। ਪੰਜਾਬ ਕੈਬਨਿਟ ਨੇ ਸਮਾਜ ਦੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਨੂੰ ਘਰ ਮੁਹੱਈਆ ਕਰਵਾਉਣ ਦੇ ਉਪਰਾਲੇ ਵਜੋਂ 'ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਈ.ਵੀ.ਐੱਸ.) ਲਈ ਰਾਖਵੀਂ ਜ਼ਮੀਨ ਦੀ ਢੁਕਵੀਂ ਵਰਤੋਂ÷ ਬਾਰੇ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ। ਇਸ ਅਨੁਸਾਰ ਵੱਖ-ਵੱਖ ਕਲੋਨੀਆਂ ਵਿਚ ਖਿੰਡੀਆਂ ਪਈਆਂ ਜ਼ਮੀਨਾਂ ਤੋਂ ਮਾਲੀਆ ਪੈਦਾ ਕੀਤਾ ਜਾਵੇਗਾ ਅਤੇ ਅਜਿਹੀ ਵਿੱਕਰੀ ਤੋਂ ਪ੍ਰਾਪਤ ਫੰਡਾਂ ਦੀ ਵਰਤੋਂ ਆਰਥਿਕ ਤੌਰ ਉਤੇ ਕਮਜ਼ੋਰ ਵਰਗਾਂ ਦੇ ਲਾਭ ਲਈ ਕੀਤੀ ਜਾਵੇਗੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬਾ ਭਰ ਵਿਚ 1500 ਏਕੜ ਜ਼ਮੀਨ ਐਕੁਵਾਇਰ ਕਰਕੇ ਇਸ ਨੂੰ ਆਰਥਿਕ ਤੌਰ ਉਤੇ ਕਮਜ਼ੋਰ ਵਰਗਾਂ ਲਈ ਮਕਾਨ ਬਣਾਉਣ ਲਈ ਵਰਤਿਆ ਜਾਵੇਗਾ। ਸੂਬੇ ਦੀਆਂ ਵਿਕਾਸ ਅਥਾਰਟੀਆਂ ਨੂੰ ਅਧਿਕਾਰਤ ਕੀਤਾ ਜਾਵੇਗਾ ਕਿ ਉਹ ਆਪਣੇ ਪੱਧਰ 'ਤੇ ਇਨ੍ਹਾਂ ਖਿੰਡੀਆਂ ਹੋਈਆਂ ਜ਼ਮੀਨਾਂ ਲਈ ਅਜਿਹੀ ਯੋਜਨਾ ਬਣਾਉਣ ਤਾਂ ਜੋ ਉਪਭੋਗਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਇਨ੍ਹਾਂ ਥਾਵਾਂ ਦੀ ਨਿਲਾਮੀ ਕਰ ਕੇ ਵਿਭਾਗ ਲਈ ਢੁਕਵਾਂ ਮਾਲੀਆ ਪੈਦਾ ਹੋ ਸਕੇ। ਵਿਕਾਸ ਅਥਾਰਟੀਆਂ ਨੂੰ ਈ.ਵੀ.ਐੱਸ. ਲਈ ਪਲਾਟ ਜਾਂ ਘਰ ਬਣਾਉਣ ਲਈ ਜ਼ਮੀਨਾਂ ਦੇ ਵੱਖਰੇ ਹਿੱਸਿਆਂ ਦੀ ਪਛਾਣ ਕਰਨ ਅਤੇ ਉਸ ਨੂੰ ਪ੍ਰਾਪਤ ਕਰਨ ਲਈ ਵੀ ਅਧਿਕਾਰਤ ਕੀਤਾ ਜਾਵੇਗਾ ਤਾਂ ਜੋ ਸਰਕਾਰ ਵੱਲੋਂ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਹਿੱਤਾਂ ਦਾ



ਧਿਆਨ ਰੱਖਿਆ ਜਾ ਸਕੇ। ਮੰਤਰੀ ਮੰਡਲ ਨੇ ਵੱਖ-ਵੱਖ ਵਿਕਾਸ ਅਥਾਰਟੀਆਂ ਵੱਲੋਂ ਸਰਕਾਰ ਦੀ ਤਰਫੋਂ ਪਾਪਰਾ ਐਕਟ ਅਧੀਨ ਆਪਣੇ ਪ੍ਰਾਜੈਕਟ ਵਿਕਸਤ ਕਰਨ ਵਾਲੇ ਪ੍ਰੋਮੋਟਰਾਂ ਤੋਂ ਇਕੱਠੇ ਕੀਤੇ ਈ.ਡੀ.ਸੀ. ਦੀ ਢੁਕਵੀਂ ਵਰਤੋਂ ਕਰਨ ਦੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਅਨੁਸਾਰ ਪ੍ਰੋਮੋਟਰਾਂ ਤੋਂ ਇਕੱਠੇ ਕੀਤੇ ਗਏ ਈ.ਡੀ.ਸੀ. ਦਾ 50 ਫੀਸਦੀ ਕਲੋਨੀ ਜਾਂ ਟਾਊਨਸ਼ਿਪ ਦੇ ਘੇਰੇ ਅੰਦਰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਰਤਿਆ ਜਾਵੇਗਾ, ਜਦੋਂ ਕਿ ਬਾਕੀ 50 ਫੀਸਦੀ ਸਰਕਾਰ ਦੁਆਰਾ ਸੂਬੇ ਵਿੱਚ ਵੱਡੇ ਪ੍ਰਾਜੈਕਟਾਂ ਦੇ ਵਿਕਾਸ ਲਈ ਵਰਤਿਆ ਜਾਵੇਗਾ। ਇਹ ਨੀਤੀ ਸੂਬੇ ਦੇ ਵਿਕਾਸ ਨੂੰ ਵੱਡੇ ਪੱਧਰ ▾ਤੇ ਹੋਰ ਹੁਲਾਰਾ ਦੇਵੇਗੀ। ਮੰਤਰੀ ਮੰਡਲ ਨੇ 'ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ' ਦਾ ਨਾਮ ਬਦਲ ਕੇ "ਪੰਜਾਬ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ-2024"ਰੱਖਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇਸ ਸਕੀਮ ਵਿਚ ਹੁਣ ਔਰਤਾਂ ਦੇ ਨਾਲ ਤੇਜ਼ਾਬ ਪੀੜਤ ਪੁਰਸ਼ਾਂ ਅਤੇ ਟ?ਰਾਂਸਜੈਂਡਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਤੇਜ਼ਾਬ ਹਮਲੇ ਦੇ ਪੀੜਤ ਨੂੰ ਪ੍ਰਤੀ ਮਹੀਨਾ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ 8,000 ਰੁਪਏ ਤੋਂ ਵਧਾ ਕੇ 10,000 ਪ੍ਰਤੀ ਮਹੀਨਾ ਕਰ ਦਿੱਤੀ ਹੈ। ਇਸ ਯੋਜਨਾ ਨੂੰ ਲਿੰਗ ਆਧਾਰਿਤ ਨਿਰਪੱਖ ਬਣਾਉਂਦੇ ਹੋਏ ਸੂਬਾ ਸਰਕਾਰ ਨੇ ਇਸ ਦਾ ਨਾਮ ਬਦਲ ਕੇ 'ਪੰਜਾਬ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ-2024' ਰੱਖ ਦਿੱਤਾ ਹੈ ਅਤੇ ਇਸ ਯੋਜਨਾ ਵਿਚ ਤੇਜ਼ਾਬ ਹਮਲੇ ਦੇ ਸ਼ਿਕਾਰ ਹੋਏ ਪੁਰਸ਼ਾਂ ਅਤੇ ਟ?ਰਾਂਸਜੈਂਡਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੀੜਤਾਂ ਲਈ ਵਿੱਤੀ ਸਹਾਇਤਾ ਵੀ ਮੌਜੂਦਾ 8000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ।

## ਗਲੀ 'ਚ ਮੌਜੂਦ ਕੁੜੀ ਦਾ 2 ਅਣਪਛਾਤਿਆਂ ਖੋਹਿਆ ਮੋਬਾਈਲ ਫੋਨ

ਤਰਨਤਾਰਨ 19 ਫਰਵਰੀ। ਸ਼ਹਿਰ 'ਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਲਗਾਤਾਰ ਜਾਰੀ ਹਨ, ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਗਲੀ 'ਚ ਮੌਜੂਦ ਔਰਤ ਦਾ ਕੀਮਤੀ ਮੋਬਾਈਲ ਫੋਨ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਖੋਹ ਲਿਆ ਗਿਆ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਦੀਕਸ਼ਾ ਪੁੱਤਰੀ ਬ੍ਰਿਟਨ ਵਾਸੀ ਗਲੀ ਸਰਾਫਾ ਵਾਲੀ ਤਰਨਤਾਰਨ ਨੇ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਬੀਤੀ 12 ਫਰਵਰੀ ਦੀ ਸ਼ਾਮ ਕਰੀਬ 8 ਵਜੇ ਜਦੋਂ ਉਹ ਆਪਣੀ ਗਲੀ




ਮਾਸਟਰ ਵਾਲੀ 'ਚ ਮੌਜੂਦ ਸੀ ਤਾਂ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਉਸ ਪਾਸੋਂ ਹੱਥ 'ਚ ਫੜਿਆ ਹੋਇਆ 11 ਪ੍ਰੋ. ਮੋਬਾਈਲ ਫੋਨ ਖੋਹ ਲਿਆ ਗਿਆ ਅਤੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਰੌਲਾ ਪਾਇਆ ਗਿਆ ਪ੍ਰੰਤੂ ਉਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਤਰਨਤਾਰਨ ਦੇ ਮੁਖੀ ਇੰਸਪੈਕਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਟਰੈਫਿਕ ਪੁਲਸ ਨੇ ਕਾਨੂੰਨ ਤੋੜਣ ਵਾਲੇ ਵਾਹਨਾਂ ਨੂੰ ਅੱਧਾ-ਅੱਧਾ ਘੰਟਾ ਖੜ੍ਹਾ ਕਰ ਕੇ ਬਿਨਾਂ ਚਲਾਨ ਕੀਤੇ ਛੱਡਿਆ

ਫ਼ਲੌਰ 19 ਫਰਵਰੀ। ਟ?ਰੈਫਿਕ ਪੁਲਸ ਦੇ ਅਧਿਕਾਰੀਆਂ ਵੱਲੋਂ ਲਾਡੋਵਾਲ ਚੌਕ 'ਚ ਲੱਗਣ ਵਾਲੇ ਭਾਰੀ ਜਾਮ ਨੂੰ ਦੁਰੱਸਤ ਕਰਨ ਲਈ ਚੌਕ 'ਚ 2 ਟ?ਰੈਫਿਕ ਪੁਲਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ, ਤਾਂ ਕਿ ਲਾਡੋਵਾਲ ਚੌਕ 'ਚ ਨੈਸ਼ਨਲ ਹਾਈਵੇ 'ਤੇ 2-2 ਘੰਟੇ ਤੱਕ ਲੱਗਣ ਵਾਲਾ ਜਾਮ ਨਾ ਲੱਗ ਸਕੇ ਪਰ ਦੂਜੇ ਪਾਸੇ ਲਾਡੋਵਾਲ ਚੌਕ 'ਚ ਤਾਇਨਾਤ ਟ?ਰੈਫਿਕ ਪੁਲਸ ਮੁਲਾਜ਼ਮ ਚਲਾਨ ਕੱਟਣ ਦੇ ਨਾਂ 'ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਨੂੰ ਅੱਧਾ-ਅੱਧਾ ਘੰਟਾ ਚੌਕ 'ਚ ਰੋਕ ਕੇ ਫਿਰ ਬਿਨਾਂ ਚਲਾਨ ਕੱਟੇ ਹੀ ਛੱਡ ਦਿੱਤਾ ਜਾ ਰਿਹਾ ਹੈ। ਇਸ ਦੀ ਤਾਜਾ ਮਿਸਾਲ ਅੱਜ ਲਾਡੋਵਾਲ ਚੌਕ 'ਚ ਤਾਇਨਾਤ ਟ?ਰੈਫਿਕ ਪੁਲਸ ਮੁਲਾਜ਼ਮਾਂ ਵਲੋਂ ਕਰੀਬ ਸਾਢੇ 11 ਲੁਧਿਆਣਾ ਤੋਂ ਫ਼?ਲੌਰ ਦੇ ਵੱਲ ਜਾ ਰਹੇ



ਇਕ ਓਵਰਲੋਡ ਕੈਂਟਰ ਚਾਲਕ ਨੂੰ ਚਲਾਨ ਕੱਟਣ ਲਈ ਰੋਕਿਆ ਗਿਆ, ਜਿਸ ਤੋਂ ਬਾਅਦ ਟ?ਰੈਫਿਕ ਪੁਲਸ ਮੁਲਾਜ਼ਮ ਵਲੋਂ ਦਸਤਾਵੇਜ਼ ਮੰਗੇ ਗਏ ਪਰ ਉਕਤ ਕੈਂਟਰ ਚਾਲਕ ਵਲੋਂ ਕਰੀਬ ਅੱਧੇ ਘੰਟੇ ਤੱਕ ਟ?ਰੈਫਿਕ ਮੁਲਾਜ਼ਮ ਨੂੰ ਕੋਈ ਵੀ ਦਸਤਾਵੇਜ਼ ਨਹੀਂ ਦਿੱਤਾ ਗਿਆ ਅਤੇ ਵਾਰ-ਵਾਰ ਮੋਬਾਈਲ ਫੋਨ 'ਤੇ ਗੱਲ ਕਰਵਾਉਣ ਲਈ ਟ?ਰੈਫਿਕ ਮੁਲਾਜ਼ਮ ਦੀਆਂ ਮਿੰਨਤਾਂ ਕਰਦਾ ਰਿਹਾ, ਜਿਸ ਤੋਂ ਬਾਅਦ ਕਰੀਬ ਅੱਧੇ ਘੰਟੇ ਬਾਅਦ ਟ?ਰੈਫਿਕ ਮੁਲਾਜ਼ਮ ਵੱਲੋਂ ਉਕਤ ਓਵਰਲੋਡ ਕੈਂਟਰ ਨੂੰ ਬਿਨਾਂ ਚਲਾਨ ਕੱਟੇ ਹੀ ਛੱਡ ਦਿੱਤਾ ਗਿਆ, ਜਿਸ ਦੀ ਕਾਫੀ ਚਰਚਾ ਹੋ ਰਹੀ ਹੈ। ਜਿਸ ਸਮੱਸਿਆ ਲਈ ਟ?ਰੈਫਿਕ ਪੁਲਸ ਮੁਲਾਜ਼ਮਾਂ ਨੂੰ ਲਾਡੋਵਾਲ ਚੌਕ 'ਚ ਤਾਇਨਾਤ ਕੀਤੇ ਗਏ ਹਨ, ਉਹ ਸਮੱਸਿਆ ਜਿਉਂ ਦੀ ਤਿਓਂ ਹੀ ਬਣੀ ਪਈ ਹੈ। ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਲਾਡੋਵਾਲ ਚੌਕ 'ਚ ਟ?ਰੈਫਿਕ ਪੁਲਸ ਮੁਲਾਜ਼ਮ ਪੂਰੀ ਡਿਊਟੀ ਦਿੰਦੇ ਹਨ ਜਾ ਨਹੀਂ?

# ਪੰਜਾਬ ਦੀ ਨਵੀਂ ਐਕਸਾਈਜ਼ ਪਾਲਿਸੀ ਦਾ ਐਲਾਨ ਜਲਦ, ਹੋ ਸਕਦੇ ਨੇ ਇਹ ਬਦਲਾਅ

ਜਲੰਧਰ 19 ਫਰਵਰੀ। ਵਿੱਤੀ ਸਾਲ 2025-26 ਲਈ ਬਣਾਈ ਜਾ ਰਹੀ ਨਵੀਂ ਐਕਸਾਈਜ਼ ਪਾਲਿਸੀ ਨੂੰ ਲੈ ਕੇ ਠੇਕੇਦਾਰਾਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਪਿਛਲੀ



ਪਾਲਿਸੀ ਤੋਂ ਸਰਕਾਰ ਨੇ 10145.95 ਕਰੋੜ ਤੋਂ ਵੱਧ ਦਾ ਮਾਲੀਆ ਇਕੱਠਾ ਕੀਤਾ ਸੀ ਅਤੇ ਇਸ ਵਾਰ ਵਿਭਾਗ ਵੱਲੋਂ 11000 ਕਰੋੜ ਰੁਪਏ ਇਕੱਤਰ ਕਰਨ 'ਤੇ ਫੋਕਸ ਕੀਤਾ ਜਾ ਰਿਹਾ ਹੈ, ਜੋ ਕਿ ਹੁਣ ਤਕ ਦਾ ਸਭ ਤੋਂ ਵੱਧ ਸੰਭਾਵਿਤ ਟੀਚਾ ਰਹੇਗਾ। ਦੱਸਿਆ ਜਾ ਰਿਹਾ ਹੈ ਕਿ ਆਗਾਮੀ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਪਾਲਿਸੀ ਦਾ ਐਲਾਨ ਕਰ ਦਿੱਤਾ ਜਾਵੇਗਾ, ਜਿਸ ਕਾਰਨ ਇਸ 'ਤੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। 2025-26 ਦੀ ਐਕਸਾਈਜ਼ ਪਾਲਿਸੀ 'ਤੇ ਵਿਚਾਰ-ਚਰਚਾ ਲਈ ਚੰਡੀਗੜ੍ਹ ਵਿਚ ਲਗਾਤਾਰ ਅਹਿਮ ਮੀਟਿੰਗਾਂ ਹੋ ਰਹੀਆਂ ਹਨ, ਜਿਨ੍ਹਾਂ ਵਿਚ ਵੱਖ-ਵੱਖ ਮੁੱਦੇ ਉਠਾਏ ਜਾ ਰਹੇ ਹਨ। ਠੇਕਿਆਂ 'ਤੇ ਗਰੁੱਪਾਂ ਨੂੰ ਵਿਕਰੀ ਲਾਇਸੈਂਸ ਐੱਲ-2/ਐੱਲ-14-ਏ ਦੀ ਤਾਜ਼ਾ ਅਲਾਟਮੈਂਟ ਡਰਾਅ ਜ਼ਰੀਏ ਹੋਵੇਗੀ ਜਾਂ ਇਸ ਦੇ ਲਈ ਟੈਂਡਰ ਕਾਲ ਕੀਤੇ ਜਾਣਗੇ, ਇਸ 'ਤੇ ਵੀ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਪਿਛਲੀ ਵਾਰ ਸਰਕਾਰ ਨੇ ਡਰਾਅ ਜ਼ਰੀਏ ਗਰੁੱਪਾਂ ਦੀ ਅਲਾਟਮੈਂਟ ਕੀਤੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਲਿਸੀ ਤਹਿਤ ਸ਼ਰਾਬ ਦੇ ਵਪਾਰ ਨੂੰ ਸਥਿਰ ਕਰਨ ਅਤੇ ਇਸ ਦਿਸ਼ਾ ਵਿਚ ਸੁਧਾਰ ਕਰਨ ਲਈ ਮਹੱਤਵਪੂਰਨ ਬਦਲਾਅ ਕੀਤੇ ਜਾ ਰਹੇ ਹਨ। ਦੂਜੇ ਪਾਸੇ ਲਾਇਸੈਂਸਾਂ ਲਈ ਗਰੁੱਪ ਦਾ ਸਾਈਜ਼ ਰਣਨੀਤਿਕ ਤੌਰ 'ਤੇ ਘੱਟ ਕਰਨ ਅਤੇ ਵਧਾਉਣ 'ਤੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਅਤੇ ਪ੍ਰਕਿਰਿਆ ਨੂੰ ਉਚਿਤ ਬਣਾਉਣ ਵਾਸਤੇ ਇਕ ਅਨੁਕੂਲ ਲਾਇਸੈਂਸ ਫੀਸ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਪਿਛਲੇ ਸਾਲ ਗਰੁੱਪਾਂ ਦਾ ਆਕਾਰ ਘਟਾ ਕੇ 15 ਫੀਸਦੀ ਘੱਟ ਜਾਂ ਵੱਧ ਦੇ ਅੰਤਰ ਨਾਲ 35 ਕਰੋਡ? ਰੱਖਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਐਡਜਸਟੇਬਲ ਲਾਇਸੈਂਸ ਫੀਸ ਰੁਪਏ ਦੀ ਦਰ ਤੋਂ ਵਸੂਲੀ 'ਤੇ ਫੋਕਸ ਹੈ। ਪ੍ਰਚੂਨ ਆਈ. ਐੱਮ. ਐੱਫ. ਐੱਲ./ਆਈ. ਐੱਫ. ਐੱਲ. ਦੇ ਪਾਸ ਜਾਰੀ ਕਰਨ ਲਈ 200 ਰੁਪਏ ਪ੍ਰਤੀ ਪਰੂਫ ਲਿਟਰ ਅਤੇ ਪ੍ਰਚੂਨ ਬੀਅਰ ਦੇ ਪਾਸ ਜਾਰੀ ਕਰਨ ਸਮੇਂ 50 ਰੁਪਏ ਪ੍ਰਤੀ ਬਲਕ ਲਿਟਰ ਲਾਇਸੈਂਸ ਫੀਸ ਦੀਆਂ ਕੀਮਤਾਂ ਨੂੰ ਵਧਾਉਣ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਪਿਛਲੀ ਵਾਰ ਦੀ ਪਾਲਿਸੀ ਵਿਚ ਸ਼ਰਾਬ ਦੇ ਗਰੁੱਪਾਂ ਨੂੰ 152 ਤੋਂ ਵਧਾ ਕੇ 236 ਕੀਤਾ ਗਿਆ ਸੀ। ਇਸ ਵਾਰ ਗਰੁੱਪਾਂ ਦੀ ਗਿਣਤੀ ਵਿਚ ਫੇਰਬਦਲ ਹੋਣ ਦਾ ਅਨੁਮਾਨ ਘੱਟ ਹੀ ਨਜ਼ਰ ਆ ਰਿਹਾ ਹੈ। ਹੋ ਸਕਦਾ ਹੈ ਇਸ ਵਿਚ ਹਲਕਾ-ਫੁਲਕਾ ਵਾਧਾ ਕੀਤਾ ਜਾਵੇ।

## ਸੁਹਾਗਰਾਤ ਮੌਕੇ ਲਾੜੀ ਦੀ ਗੱਲ ਸੁਣ ਲਾੜੇ ਦੇ ਪੈਰਾਂ ਹੇਠੋਂ ਖਿਸਕੀ ਜ਼ਮੀਨ

ਨੈਸ਼ਨਲ ਡੈਸਕ 19 ਫਰਵਰੀ। ਵਿਆਹ ਤੋਂ ਬਾਅਦ ਆਪਣੇ ਸਹੁਰੇ ਘਰ ਆਈ ਲਾੜੀ ਨੇ ਹੰਗਾਮਾ ਕਰ ਦਿੱਤਾ ਅਤੇ ਸਿਰਫ਼ ਤਿੰਨ ਦਿਨਾਂ ਦੇ ਅੰਦਰ ਹੀ ਸਹੁਰਿਆਂ ਨੂੰ ਥਾਣੇ ਦਾ ਮੂੰਹ ਦਿਖਾ ਦਿੱਤਾ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਜਾਲੌਨ ਜ਼ਿਲ੍ਹੇ ਦਾ ਹੈ। ਜਿੱਥੇ 13 ਫਰਵਰੀ ਨੂੰ ਛੋਟੀ ਸੁਰੌਲੀ ਦੀ ਇਕ ਕੁੜੀ ਦਾ ਵਿਆਹ ਕੁਠੌਂਡ ਦੇ ਕਸਬੇ ਦੇ ਇਕ ਨੌਜਵਾਨ ਨਾਲ ਹੋਇਆ। ਆਪਣੇ ਮਾਪਿਆਂ ਦੇ ਘਰ ਛੱਡਣ ਤੋਂ ਬਾਅਦ ਲਾੜੀ 14 ਫਰਵਰੀ ਨੂੰ ਆਪਣੇ ਸਹੁਰੇ ਘਰ ਪਹੁੰਚੀ। ਜਿਵੇਂ ਹੀ ਪਤੀ ਸੁਹਾਗਰਾਤ ਨੂੰ ਕਮਰੇ 'ਚ ਦਾਖਲ ਹੋਇਆ, ਉਸ ਨੇ ਝਗੜਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਪ੍ਰੇਮੀ ਨਾਲ ਰਹਿਣ 'ਤੇ ਜ਼ੋਰ ਦਿੱਤਾ। ਇਸ ਤੋਂ ਬਾਅਦ ਜਦੋਂ ਸ਼ਨੀਵਾਰ ਨੂੰ ਪੰਚਾਇਤ ਬੈਠੀ ਤਾਂ ਲਾੜੀ ਤੇ ਉਸ ਦੀ ਮਾਂ ਫਰਾਰ ਹੋ ਗਈ। ਇਸ ਤੋਂ ਬਾਅਦ ਲਾੜਾ ਪੁਲਸ ਸਟੇਸ਼ਨ ਪਹੁੰਚਿਆ ਅਤੇ ਲਿਖਤੀ ਸ਼ਿਕਾਇਤ ਦਿੱਤੀ। ਇਸ ਤੋਂ ਬਾਅਦ ਜਦੋਂ ਪੁਲਸ ਲਾੜੀ ਦੇ ਘਰ ਪਹੁੰਚੀ ਤਾਂ ਉਸ ਨੇ ਕਿਹਾ ਕਿ ਉਸ ਨੇ ਆਪਣੀ ਮਾਂ ਨੂੰ ਕਿਹਾ ਸੀ ਕਿ ਉਹ ਵਿਆਹ ਨਹੀਂ ਕਰੇਗੀ ਪਰ ਉਨ੍ਹਾਂ ਨੇ ਉਸ ਦਾ ਵਿਆਹ ਜ਼ਬਰਦਸਤੀ ਅਤੇ ਝੂਠ ਬੋਲ ਕੇ ਕਰਵਾ ਦਿੱਤਾ, ਇਸ ਲਈ ਉਹ ਆਪਣੇ ਸਹੁਰੇ ਘਰ ਨਹੀਂ ਰਹੇਗੀ। ਲਕਸ਼ਮੀਕਾਂਤ ਦਾ ਵਿਆਹ 13 ਫਰਵਰੀ ਨੂੰ ਨਿਕਿਤਾ ਨਾਲ ਹੋਇਆ। 14 ਫਰਵਰੀ ਨੂੰ ਨਵੀਂ ਵਿਆਹੀ ਲਾੜੀ ਲਕਸ਼ਮੀਕਾਂਤ ਨਾਲ ਆਪਣੇ ਸਹੁਰੇ ਘਰ ਆਈ। ਇੱਥੇ ਸੁਹਾਗਰਾਤ ਨੂੰ ਉਸ ਨੇ ਲਕਸ਼ਮੀਕਾਂਤ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਿਹਾ ਕਿ ਉਹ ਉਸ ਦੇ ਨਾਲ ਨਹੀਂ ਰਹੇਗੀ।

## ਆਪਣੇ ਹੀ ਘਰ ਮਹਿਫੂਜ਼ ਨਹੀਂ ਧੀਆਂ ! ਨਾਬਾਲਗ ਨਾਲ ਛੇੜਛਾੜ ਦੇ ਦੋਸ਼ 'ਚ ਪਿਓ ਗ੍ਰਿਫ਼ਤਾਰ

ਮੁੱਲਾਂਪੁਰ ਦਾਖਾ 19 ਫਰਵਰੀ। ਅਜੋਕੇ ਕਲਯੁੱਗ ਵਿੱਚ ਧੀਆਂ ਆਪਣੇ ਘਰ ਵਿੱਚ ਵੀ ਮਹਿਫੂਜ਼ ਨਹੀਂ ਹਨ, ਜਿਸ ਦੀ ਤਾਜ਼ਾ ਉਦਾਹਰਣ ਉਦੋਂ ਵੇਖਣ ਨੂੰ ਮਿਲੀ ਜਦੋਂ ਪਿਓ ਨੇ ਆਪਣੀ ਸਕੀ ਧੀ ਨਾਲ ਹਵਸ ਮਿਟਾਉਣ ਲਈ ਛੇੜਛਾੜ ਕੀਤੀ ਤੇ ਉਸ ਨੇ ਆਪਣੀ ਮਾਂ ਨੂੰ ਬੁਲਾ ਕੇ ਰੌਲਾ ਪਾ ਕੇ ਆਪਣੀ ਆਬਰੂ ਬਚਾਈ। ਨਾਬਾਲਿਗ ਲੜਕੀ ਨਾਲ ਛੇੜਛਾੜ ਦੇ ਦੋਸ਼ ਵਿੱਚ ਇੱਕ ਕਲਯੁਗੀ ਪਿਤਾ ਵਿਰੁੱਧ ਥਾਣਾ ਸੁਧਾਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਪਿਓ ਤੋਂ ਪੀੜਤ ਨਾਬਾਲਿਗ ਧੀ ਨੇ ਇੱਕ ਪੱਤਰ ਨੰਬਰ ਡੀਸੀਪੀਯੂ/2025/1015 ਮਿਤੀ 5.2.2025 ਵੱਲੋਂ ਜ਼ਿਲ੍ਹਾ ਬਾਲ ਸਿੱਖਿਆ ਅਫਸਰ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪੱਤਰ ਨੰਬਰ 1412 ਮਿਤੀ 10.2.25 ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਲੁਧਿਆਣਾ ਨੂੰ ਦਰਖਾਸਤ ਦਿੱਤੀ। ਇਸ ਦੌਰਾਨ ਉਸ ਨੇ ਬਿਆਨ ਕੀਤਾ ਕਿ ਮਿਤੀ 26.1.2025 ਦੀ ਰਾਤ ਉਸਦੇ ਪਿਤਾ ਚਮਕੌਰ ਸਿੰਘ ਨੇ ਉਸ ਨਾਲ ਨਾਜਾਇਜ਼ ਸਬੰਧ ਬਣਾਉਣ ਲਈ ਜ਼ਬਰਦਸਤੀ ਕਰਦਿਆਂ ਹੋਇਆਂ ਉਸਨੂੰ ਬੈੱਡ 'ਤੇ ਸੁੱਟਿਆ ਤਾਂ ਉਸਨੇ ਆਪਣੀ ਇੱਜਤ ਬਚਾਉਣ ਲਈ ਆਪਣੀ



ਮਾਂ ਨੂੰ ਰੌਲਾ ਪਾ ਕੇ ਬੁਲਾਇਆ ਅਤੇ ਪਿਓ ਨੂੰ ਧੱਕਾ ਮਾਰ ਕੇ ਬਾਹਰ ਭੱਜਣ ਲੱਗੀ ਤਾਂ ਉਸਦੇ ਪਿਓ ਨੇ ਉਸਦੇ ਮੂੰਹ ਤੇ ਥੱਪੜ ਮਾਰੇ ਅਤੇ ਉਸਦੀ ਐਨਕ ਤੱਕ ਤੋੜ ਦਿੱਤੀ, ਜਿਸ ਨਾਲ ਉਸਦੇ ਮੂੰਹ 'ਤੇ ਜਖਮ ਹੋ ਗਿਆ ਅਤੇ ਉਸ ਉਪਰੰਤ ਗੰਡਾਸਾ ਚੁੱਕ ਕੇ ਉਸਨੂੰ ਧਮਕਾਇਆ ਅਤੇ ਨਾਜਾਇਜ਼ ਸਬੰਧ ਨਾ ਬਣਾਉਣ ਦੀ ਸੂਰਤ ਵਿੱਚ ਉਹ ਉਸਨੂੰ ਜਾਨ ਤੋਂ ਮਾਰ ਦੇਣ ਦੀ ਧਮਕੀ ਵੀ ਦਿੱਤੀ। ਕਲਯੁਗੀ ਪਿਤਾ ਚਮਕੌਰ ਸਿੰਘ ਵਿਰੁੱਧ ਥਾਣਾ ਸੁਧਾਰ ਵਿਖੇ 06 ਪੋਸਕੋ ਐਕਟ,75 ਜੇ ਜੇ ਐਕਟ,64ਬੀਐਨਐਸ ਅਧੀਨ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਪੜਤਾਲ ਸਬ ਇੰਸਪੈਕਟਰ ਕਮਲਦੀਪ ਕੌਰ ਕਰ ਰਹੀ ਹੈ। ਥਾਣਾ ਮੁੱਖੀ ਜਸਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਪਿਓ ਨੂੰ ਗ੍ਰਿਫਤਾਰ ਕਰ ਲਿਆ ਹੈ।

# ਵਾਹਨ ਚਾਲਕਾਂ ਲਈ ਖ਼ਤਰੇ ਦੀ ਘੰਟੀ ! ਇਸ ਰਿਪੋਰਟ ਨੂੰ ਪੜ੍ਹਨ ਤੋਂ ਬਾਅਦ ਉਡਣਗੇ ਹੋਸ਼

ਫਰੀਦਕੋਟ/ਸਾਦਿਕ/ਜੈਤੋ 19 ਫਰਵਰੀ। ਪੁਲਸ ਨੇ ਟ?ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਇਕ ਇਨੋਵੇਟਿਵ ਪਹਿਲ ਦੀ ਸ਼ੁਰੂਆਤ ਕੀਤੀ ਹੈ। ਇਹ ਪਹਿਲ ਸਿਰਫ ਨਿਯਮ ਤੋੜਣ ਵਾਲਿਆਂ ਦੇ ਚਲਾਨ ਜਾਰੀ ਕਰਨ ਤੱਕ ਸੀਮਿਤ ਨਹੀਂ ਹੈ, ਸਗੋਂ ਸਮਾਜਿਕ ਜਾਗਰੂਕਤਾ ਤੇ ਲੋਕਾਂ ਦੇ ਭਵਿੱਖ ਲਈ ਸੁਰੱਖਿਅਤ ਯਾਤਰਾ ਮੁਹੱਈਆ ਕਰਵਾਉਣ ਵੱਲ ਵੀ ਕੇਂਦਰਿਤ ਹੈ। ਇਸ ਅਭਿਆਨ ਤਹਿਤ ਸੜਕ ਸੁਰੱਖਿਆ ਨੂੰ ਲਾਗੂ ਕਰਨ ਲਈ ਫਰੀਦਕੋਟ ਪੁਲਸ ਵੱਲੋਂ ਨਵੀਂ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ 'ਚ ਸਪੀਡ ਗੰਨ ਦੇ ਜ਼ਰੀਏ ਤੇਜ਼ ਰਫ਼ਤਾਰ ਵਾਹਨਾਂ ਦੀ ਪਛਾਣ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਕੂਲਾਂ, ਕਾਲਜਾਂ ਤੇ ਪਿੰਡਾਂ 'ਚ ਜਾਗਰੂਕਤਾ ਸੈਮੀਨਾਰਾਂ ਦਾ ਆਯੋਜਨ ਕਰ ਕੇ ਲੋਕਾਂ ਨੂੰ ਟ?ਰੈਫਿਕ ਨਿਯਮਾਂ ਦੇ ਮਹੱਤਵ ਬਾਰੇ ਜਾਣੂ ਕੀਤਾ ਜਾ ਰਿਹਾ ਹੈ ਤਾਂ ਜੋ ਹਰੇਕ ਵਾਹਨ ਚਾਲਕ ਜ਼ਿੰਮੇਵਾਰੀ ਨੂੰ ਸਮਝੇ ਤੇ ਸੁਰੱਖਿਅਤ ਯਾਤਰਾ ਨੂੰ ਸਹਿਯੋਗ ਦੇਵੇ। ਜ਼ਿਕਰਯੋਗ ਹੈ ਕਿ ਪਿਛਲੇ ਕਰੀਬ 6 ਮਹੀਨਿਆਂ ਅੰਦਰ ਹੀ 10420 ਚਲਾਨ ਜਾਰੀ ਕਰਕੇ ਜੁਰਮਾਨੇ ਦੇ ਰੂਪ 'ਚ 66 ਲੱਖ 14 ਹਜ਼ਾਰ 900 ਰੁਪਏ ਵਸੂਲ ਕੀਤੇ ਗਏ ਹਨ। ਵਧੀਆ ਤਕਨਾਲੋਜੀ ਦੀ ਵਰਤੋਂ ਕਰਦਿਆਂ, ਸਪੀਡ ਗੰਨ ਦੀ ਮਦਦ ਨਾਲ ਤੇਜ਼ ਰਫ਼ਤਾਰ ਵਾਹਨਾਂ ਦੀ ਪਹਿਚਾਣ ਕੀਤੀ ਜਾ ਰਹੀ ਹੈ। ਨਵੇਂ ਸਾਲ ਦੌਰਾਨ 3000 ਤੋਂ ਵੱਧ ਚਲਾਨ ਜਾਰੀ ਕਰਕੇ ਇਹ ਸਾਬਤ ਕੀਤਾ ਗਿਆ ਹੈ ਕਿ ਪੁਲਸ ਇਸ ਮਾਮਲੇ 'ਚ ਪੂਰੀ ਤਰ੍ਹਾਂ ਸਰਗਰਮ ਹੈ। ਨਾਬਾਲਗਾਂ ਵੱਲੋਂ ਵਾਹਨ ਚਲਾਉਣ ਦੀ ਪ੍ਰਵਿਰਤੀ ਨੂੰ ਰੋਕਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜੇਕਰ ਨਾਬਾਲਗ ਵਾਹਨ ਚਲਾਉਂਦੇ ਮਿਲਦੇ ਹਨ ਤਾਂ ਮੋਟਰ ਵਾਹਨ ਐਕਟ ਅਧੀਨ ਮਾਤਾ-ਪਿਤਾ ਜਾਂ ਸਰਪ੍ਰਸਤਾਂ ਉੱਤੇ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫਰੀਦਕੋਟ ਪੁਲਸ ਵੱਲੋਂ ਸਕੂਲਾਂ, ਕਾਲਜਾਂ, ਪਿੰਡਾਂ ਤੇ ਸ਼ਹਿਰਾਂ 'ਚ ਜਾਗਰੂਕਤਾ ਕੈਂਪ ਲਾ ਕੇ ਨਵੀਂ ਪੀੜ੍ਹੀ ਨੂੰ ਟ?ਰੈਫਿਕ ਨਿਯਮਾਂ ਦੀ ਅਹਿਮੀਅਤ ਬਾਰੇ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਦਾ ਮਕਸਦ ਸਿਰਫ ਕਾਨੂੰਨ ਦੀ ਪਾਲਣਾ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ ਬਣਾਉਣਾ ਹੈ। ਐੱਸ. ਐੱਸ. ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਫਰੀਦਕੋਟ ਪੁਲਸ ਦੇ ਨਿਵੇਕਲੇ ਕਦਮਾਂ ਨਾਲ ਟ?ਰੈਫਿਕ ਸੁਰੱਖਿਆ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਸਪੀਡ ਗੰਨ ਦੀ ਮਦਦ ਨਾਲ ਤੇਜ਼ ਰਫ਼ਤਾਰ ਵਾਹਨਾਂ ਨੂੰ ਰੋਕਣ ਤੋਂ ਲੈ ਕੇ ਨਾਬਾਲਗ ਡਰਾਈਵਿੰਗ 'ਤੇ ਸਖ਼ਤ ਕਾਰਵਾਈ ਤੱਕ, ਸਾਡਾ ਇਕ ਹੀ ਸੰਦੇਸ਼ ਹੈ ਕਿ ਜ਼ਿੰਮੇਵਾਰੀ ਨਾਲ ਵਾਹਨ ਚਲਾਓ ਤੇ ਸੁਰੱਖਿਅਤ ਰਹੋ। ਸਿਰਫ ਚਲਾਨ ਭਰਨਾ ਹੱਲ ਨਹੀਂ ਹੈ, ਸਾਨੂੰ ਲੋਕਾਂ ਦੇ ਮਨ 'ਚ ਸੁਰੱਖਿਅਤ ਯਾਤਰਾ ਦੀ ਮਹੱਤਤਾ ਪੈਦਾ ਕਰਨੀ ਹੈ।



### ਬਦਲਿਆ ਜਾਵੇਗਾ ਪੰਜਾਬ ਕਾਂਗਰਸ ਦਾ ਪ੍ਰਧਾਨ?

ਖੰਨਾ 19 ਫਰਵਰੀ। ਬੀਤੇ ਕੁਝ ਦਿਨ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨੂੰ ਬਦਲਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਇਸ ਵਿਚਾਲੇ ਮੌਜੂਦਾ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਇਕ ਵੱਡਾ ਬਿਆਨ ਸਾਹਮਣੇ ਆਇਆ ਹੈ। ਰਾਜਾ ਵੜਿੰਗ ਨੇ ਕਿਹਾ ਕਿ ਜੇਕਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਹਰ ਕਿਸੇ ਦਾ ਹੱਕ ਹੈ। ਪਰ ਜਦੋਂ ਕੋਈ ਮਾਈਕ 'ਤੇ ਆ ਕੇ ਬੋਲਦਾ ਹੈ ਤਾਂ ਇਹ ਸਹੀ ਨਹੀਂ ਹੈ। ਰਾਜਾ ਵੜਿੰਗ ਨੇ ਪ੍ਰਧਾਨਗੀ ਦੇ ਦਾਅਵੇਦਾਰਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ, ÷ਪਾਰਟੀ ਹਾਈਕਮਾਨ ਕੋਲ ਜਾਓ ਅਤੇ ਆਪਣਾ ਦਾਅਵਾ ਪੇਸ਼ ਕਰੋ।÷ ਵੜਿੰਗ ਨੇ ਕਿਹਾ ਕਿ 2022 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਕੋਈ ਵੀ ਪ੍ਰਧਾਨ ਬਣਨ ਲਈ ਤਿਆਰ ਨਹੀਂ ਸੀ।

# ਸਿਹਤ ਕਰਮਚਾਰੀ ਨੂੰ 7000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ

ਚੰਡੀਗੜ੍ਹ/ਲੁਧਿਆਣਾ 19 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਿਵਲ ਹਸਪਤਾਲ, ਲੁਧਿਆਣਾ ਦੇ ਐਮਰਜੈਂਸੀ ਵਾਰਡ ਵਿਚ ਤਾਇਨਾਤ ਸਹਾਇਕ ਸਤਿੰਦਰ ਕੁਮਾਰ ਨੂੰ 7000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਜੱਸਲ ਕਲੋਨੀ, ਲੁਧਿਆਣਾ ਦੇ ਵਸਨੀਕ ਵਿਜੇ ਕੁਮਾਰ ਦੁਆਰਾ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਪਰੋਕਤ ਕਰਮਚਾਰੀ ਨੇ ਉਸ ਦੇ ਮੈਡੀਕਲ ਦੀ ਰਿਪੋਰਟ ਦੀ ਰਸੀਦ ਜਾਰੀ ਕਰਨ ਬਦਲੇ 10000 ਰੁਪਏ ਦੀ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਉਕਤ ਮੁਲਜ਼ਮ



ਪਹਿਲਾਂ ਹੀ ਉਸ ਤੋਂ 3000 ਰੁਪਏ ਲੈ ਚੁੱਕਾ ਹੈ ਅਤੇ ਬਾਕੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਆਰਥਿਕ ਅਪਰਾਧ ਸ਼ਾਖਾ, ਲੁਧਿਆਣਾ ਰੇਂਜ ਦੀ ਇਕ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ 7000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਉਕਤ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਆਰਥਿਕ ਅਪਰਾਧ ਸ਼ਾਖਾ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਬਠਿੰਡਾ 'ਚ ਇੱਟਾਂ ਮਾਰ-ਮਾਰ ਵਿਅਕਤੀ ਦਾ ਕਤਲ, ਹਾਲਤ ਦੇਖ ਕੰਬ ਗਿਆ ਭਰਾ

ਬਠਿੰਡਾ 19 ਫਰਵਰੀ। ਸਥਾਨਕ ਗ੍ਰੋਥ ਸੈਂਟਰ ਵਿਖੇ ਤਿੰਨ ਮੁਲਜ਼ਮਾਂ ਨੇ ਇਕ ਵਿਅਕਤੀ ਦੇ ਸਿਰ 'ਤੇ ਇੱਟਾਂ-ਪੱਥਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਇਸ ਸਬੰਧੀ ਥਾਣਾ ਸਦਰ ਬਠਿੰਡਾ ਦੀ ਪੁਲਸ ਨੇ ਤਿੰਨ ਮੁਲਜ਼ਮਾਂ ਖ਼?ਲਾਫ਼ ਕਤਲ ਦਾ ਕੇਸ ਦਰਜ ਕਰਕੇ ਦੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸ਼ਬੀਰ ਵਾਸੀ ਗੰਗਾਸ਼ੈਰ, ਬੀਕਾਨੇਰ ਨੇ



ਥਾਣਾ ਸਦਰ ਬਠਿੰਡਾ ਨੂੰ ਦੱਸਿਆ ਕਿ ਮੁਲਜ਼ਮ ਸੰਦੀਪ ਸਿੰਘ, ਵਿਕਰਮਜੀਤ ਸਿੰਘ ਅਤੇ ਦੀਪਕ ਕੁਮਾਰ ਵਾਸੀ ਬਠਿੰਡਾ ਨੇ ਮਿਲ ਕੇ ਉਸ ਦੇ ਭਰਾ ਜੈਦੇਵ ਅਲੀ (33) 'ਤੇ ਇੱਟਾਂ-ਪੱਥਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਤਿੰਨਾਂ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰਕੇ ਸੰਦੀਪ ਅਤੇ ਵਿਕਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਤੀਜੇ ਮੁਲਜ਼ਮ ਦੀਪਕ ਕੁਮਾਰ ਦੀ ਗ੍ਰਿਫ਼ਤਾਰੀ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੁਲਸ ਮੁਲਾਜ਼ਮ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਵਿਚ 2025 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਬਰਾਮਦ

ਚੰਡੀਗੜ੍ਹ/ਅੰਮ੍ਰਿਤਸਰ 19 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ ਨਸ਼ਿਆਂ ਵਿਰੁੱਧ ਜੰਗ ਦੌਰਾਨ ਇਸ ਸਾਲ ਦੀ ਸਭ ਤੋਂ ਵੱਡੀ ਹੈਰੋਇਨ ਦੀ ਬਰਾਮਦੀ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਸ ਨੇ 30 ਕਿਲੋਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਤਸਕਰੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਸਿਮਰਨਜੀਤ ਸਿੰਘ ਉਰਫ਼ ਸਿਮਰਨ ਵਾਸੀ ਬਾਸਰਕੇ ਗਿੱਲਾਂ, ਘਰਿੰਡਾ, ਅੰਮ੍ਰਿਤਸਰ ਵਜੋਂ ਹੋਈ ਹੈ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਸ ਟੀਮਾਂ ਨੇ ਉਸਦੀ ਫੋਰਡ ਫੀਏਸਟਾ ਕਾਰ, ਜਿਸ ਵਿਚ ਉਹ ਖੇਪ ਡਲੀਵਰ ਕਰਨ ਜਾ ਰਿਹਾ ਸੀ, ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਗੁਰਸਿਮਰਨਜੀਤ ਸਿੰਘ ਵੱਡੇ ਪੱਧਰ 'ਤੇ ਹੈਰੋਇਨ ਤਸਕਰੀ ਵਿਚ ਸ਼ਾਮਲ ਸੀ,ਅਤੇ ਇਹ ਰਿਪੋਰਟ ਮਿਲੀ ਸੀ ਕਿ ਉਸਨੇ ਹਾਲ ਹੀ ਵਿਚ ਸਰਹੱਦ ਪਾਰੋਂ ਤਸਕਰੀ ਕੀਤੀ ਗਈ ਹੈਰੋਇਨ ਦੀ ਇਕ ਵੱਡੀ ਖੇਪ ਪ੍ਰਾਪਤ ਕੀਤੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਅਧਾਰਤ ਤਸਕਰਾਂ ਨੇ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਡਰੋਨ ਰਾਹੀਂ ਭੇਜੀ ਸੀ। ਡੀਜੀਪੀ ਨੇ ਕਿਹਾ ਕਿ ਇਸ ਰੈਕਟ ਵਿਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ



ਹੈ। ਇਸ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐੱਸਐੱਸਪੀ) ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਗੁਰਸਿਮਰਨਜੀਤ ਸਿੰਘ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋਣ ਬਾਰੇ ਮਿਲੀ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐੱਸਐੱਚਓ ਘਰਿੰਡਾ ਦੀ ਅਗਵਾਈ ਵਿਚ ਅੰਮ੍ਰਿਤਸਰ ਦਿਹਾਤੀ ਪੁਲਸ ਦੀਆਂ ਟੀਮਾਂ ਨੇ ਚੈਕਿੰਗ ਲਈ ਸ਼ੱਕੀ ਫੋਰਡ ਫਿਏਸਟਾ ਕਾਰ ਨੂੰ ਰੋਕਿਆ। ਉਨ੍ਹਾਂ ਦੱਸਿਆ ਕਿ ਕਾਰ ਦੀ ਤਲਾਸ਼ੀ ਦੌਰਾਨ ਕਾਰ ਵਿਚ ਲੁਕਾ ਕੇ ਰੱਖਿਆ ਇਕ ਕਾਲਾ ਬੈਗ ਮਿਲਿਆ ਜਿਸ ਵਿਚੋਂ ਹੈਰੋਇਨ ਦੇ ਚਾਰ ਪੈਕੇਟ ਹਰੇਕ ਦਾ ਭਾਰ 7.5 ਕਿਲੋਗ੍ਰਾਮ ਸੀ ਬਰਾਮਦ ਹੋਏ। ਐੱਸਐੱਸਪੀ ਨੇ ਦੱਸਿਆ ਕਿ ਇਸ ਤਸਕਰੀ ਨੈੱਟਵਰਕ ਦੇ ਮੂਲ ਸਰੋਤ ਅਤੇ ਨਸ਼ਿਆਂ ਦੀ ਵੰਡ ਦੇ ਨੈੱਟਵਰਕ ਬਾਰੇ ਜਾਣਕਾਰੀ ਲੈਣ ਲਈ ਦੋਸ਼ੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਐੱਫਆਈਆਰ ਨੰਬਰ 30 ਮਿਤੀ 14-02-2025 ਨੂੰ ਅੰਮ੍ਰਿਤਸਰ ਦਿਹਾਤੀ ਦੇ ਪੁਲਸ ਸਟੇਸ਼ਨ ਘਰਿੰਡਾ ਵਿਖੇ ਐੱਨਡੀਪੀਐੱਸ ਐਕਟ ਦੀ ਧਾਰਾ 21(ਸੀ) ਅਤੇ 25 ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਘਰ 'ਚ ਦਾਖ਼ਲ ਹੋ ਕੇ ਪ੍ਰਾਪਰਟੀ ਡੀਲਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਹਮਲਾ

ਲੁਧਿਆਣਾ 19 ਫਰਵਰੀ। ਥਾਣਾ ਦੁੱਗਰੀ ਦੀ ਪੁਲਸ ਨੇ ਸੀ. ਆਰ. ਪੀ. ਐੱਫ਼. ਕਾਲੋਨੀ 'ਚ ਇਕ ਪ੍ਰਾਪਰਟੀ ਡੀਲਰ ਘਰ 'ਚ ਦਾਖ਼ਲ ਹੋ ਕੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਘਰ ਦੇ ਬਾਹਰ ਖੜ੍ਹੀ ਕਾਰ ਦੀ ਭੰਨਤੋੜ ਕਰਨ ਵਾਲਿਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਰੋਹਿਤ, ਜਸਵਿੰਦਰ, ਰਾਜਵੀਰ ਸਿੰਘ ਅਤੇ ਪਵਨ ਚੌਧਰੀ ਵਾਸੀ ਨਿਊ ਜੀਟੀਬੀ ਨਗਰ, ਧਾਂਦਰਾ ਰੋਡ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਜ਼ਖ਼ਮੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ 29 ਜਨਵਰੀ ਨੂੰ ਆਪਣੇ ਘਰ ਮੌਜੂਦ ਸੀ ਤਾਂ ਉਕਤ ਦੋਸ਼ੀ ਕਾਰ 'ਚ ਸਵਾਰ ਹੋ ਕੇ ਘਰ ਦੇ ਅੰਦਰ ਆਏ ਅਤੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਅਤੇ ਬਾਹਰ ਖੜ੍ਹੀ ਕਾਰ ਦੀ ਭੰਨਤੋੜ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਬ੍ਰੇਵ ਹਾਰਟ ਮੋਟਰਸਾਈਕਲ ਰੈਲੀ ਨੇ ਨੌਜਵਾਨਾਂ 'ਚ ਭਰਿਆ ਉਤਸ਼ਾਹ

## ਵਾਈ.ਪੀ.ਐਸ. ਚੌਂਕ 'ਚ ਸੇਨੋਟਫ 'ਤੇ ਵਨ ਆਰਮ ਡਵੀਜ਼ਨ ਪਟਿਆਲਾ ਦੇ ਡਿਪਟੀ ਜੀ.ਓ.ਸੀ., ਡੀ.ਸੀ., ਐਸ.ਐਸ.ਪੀ ਤੇ ਹੋਰਨਾਂ ਵੱਲੋਂ ਸ਼ਰਧਾਂਜਲੀਆਂ





**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਤੀਸਰੇ ਮਿਲਟਰੀ ਲਿਟਰੇਚਰ ਫੈਸਟੀਵਲ ਦੌਰਾਨ ਇੱਥੇ ਵਾਈ.ਪੀ.ਐਸ. ਚੌਂਕ ਵਿਖੇ ਸੇਨੋਟਾਫ (ਰਾਜ ਬਲ ਅਤੇ ਬਲੈਕ ਐਲੀਫੈਂਟ ਜੰਗੀ ਯਾਦਗਾਰ ਸਮਾਰਕ) 'ਤੇ ਭਾਰਤੀ ਸੈਨਾ ਦੀ ਵਨ ਆਰਮ ਡਵੀਜ਼ਨ ਪਟਿਆਲਾ ਦੇ ਡਿਪਟੀ ਜੀ.ਓ.ਸੀ ਤੇ ਕਮਾਂਡਰ ਬ੍ਰਿਗੇਡੀਅਰ ਵਿਕਰਮ ਗੁਲੇਰੀਆ ਸੈਨਾ ਮੈਡਲ, ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ.ਜਨ (ਰਿਟਾ.) ਟੀ.ਐਸ. ਸ਼ੇਰਗਿੱਲ, ਲੈਫ.ਜਨ (ਰਿਟਾ.) ਚੇਤਿੰਦਰ ਸਿੰਘ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ. ਡਾ. ਨਾਨਕ ਸਿੰਘ ਸਮੇਤ ਹੋਰਨਾਂ ਨੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਇਸ ਤੋਂ ਬਾਅਦ ਵਾਈ.ਪੀ.ਐਸ. ਵਿਖੇ ਇਕੱਠੇ ਹੋਏ 70 ਦੇ ਕਰੀਬ ਵੱਖ-ਵੱਖ ਮੋਟਰਸਾਈਕ ਸਵਾਰਾਂ ਦੀ ਬ੍ਰੇਵ ਹਾਰਟ ਮੋਟਰਸਾਈਕਲ ਰੈਲੀ ਨੂੰ ਡਿਪਟੀ ਜੀ.ਓ.ਸੀ ਬ੍ਰਿਗੇਡੀਅਰ ਵਿਕਰਮ ਗੁਲੇਰੀਆ ਵੱਲੋਂ ਝੰਡੀ ਵਿਖਾ ਕੇ ਰਵਾਨਾ ਕੀਤਾ ਗਿਆ। ਇਹ ਰੈਲੀ ਪਟਿਆਲਾ ਸ਼ਹਿਰ ਵਿਖੇ ਕਰੀਬ 30 ਕਿਲੋਮੀਟਰ ਦਾ ਚੱਕਰ ਪੂਰਾ ਕਰਕੇ ਖ਼ਾਲਸਾ ਕਾਲਜ ਵਿਖੇ ਮਿਲਟਰੀ ਲਿਟਰੇਚਰ ਫੈਸਟੀਵਲ ਵਾਲੇ ਸਥਾਨ 'ਤੇ ਸਮਾਪਤ ਹੋਈ, ਜਿਥੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਬਾਈਕ ਰੈਲੀ ਨੂੰ ਰਸੀਵ ਕੀਤਾ।

ਭਾਰਤੀ ਸੈਨਾ ਦੀ ਵਨ ਆਰਮ ਡਵੀਜ਼ਨ ਪਟਿਆਲਾ ਦੇ ਡਿਪਟੀ ਜੀ.ਓ.ਸੀ ਤੇ ਕਮਾਂਡਰ ਬ੍ਰਿਗੇਡੀਅਰ ਵਿਕਰਮ ਗੁਲੇਰੀਆ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਨੌਜਵਾਨਾਂ ਅੰਦਰ ਫ਼ੌਜ ਵਿੱਚ ਜਾਣ ਦਾ ਜ਼ਜ਼ਬਾ ਪੈਦਾ ਹੋਵੇਗਾ।

ਇਸ ਮੌਕੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ.ਜਨ (ਰਿਟਾ.) ਟੀ.ਐਸ. ਸ਼ੇਰਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਕਰਵਾਏ ਜਾ ਰਹੇ ਮਿਲਟਰੀ ਲਿਟਰੇਚਰ ਫੈਸਟੀਵਲ ਇਕ ਸ਼ਲਾਘਾਯੋਗ ਉਪਰਾਲਾ ਹੈ, ਇਸ ਨਾਲ ਨੌਜਵਾਨਾਂ ਅੰਦਰ ਫ਼ੌਜ ਵਿੱਚ ਜਾਣ ਦਾ ਜ਼ਜ਼ਬਾ ਪੈਦਾ ਹੋਵੇਗਾ ਤੇ ਆਮ ਲੋਕ ਵੀ ਫ਼ੌਜ ਨੂੰ ਨੇੜੇ ਤੋਂ ਜਾਣ ਸਕਣਗੇ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ, ਭਾਰਤੀ ਫ਼ੌਜ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਗਈ ਇਹ ਬ੍ਰੇਵ ਹਾਰਟ ਮੋਟਰਸਾਈਕਲ ਰਾਈਡ ਰੈਲੀ ਦਾ ਉਦੇਸ਼ ਸ਼ਹੀਦ ਹੋਏ ਸੈਨਿਕਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਾ ਹੈ।

ਇਸ ਮੌਕੇ ਵਾਈ.ਪੀ.ਐਸ. ਦੇ ਹੈਡ ਮਾਸਟਰ ਨਵੀਨ ਕੁਮਾਰ ਦੀਕਸ਼ਿਤ, ਡਿਪਟੀ ਹੈਡ ਮਾਸਟਰ ਅਨਿਲ ਬਜਾਜ, ਬਰਸਰ ਲੈਫ ਕਰਨਲ ਆਰ.ਡੀ. ਸ਼ਰਮਾ, ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ, ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਰੂਬੀ ਸੰਧੂ, ਐਸ.ਐਸ.ਪੀ. ਡਾ. ਨਾਨਕ ਸਿੰਘ, ਐਸ.ਪੀ. ਸਰਫਰਾਜ ਆਲਮ, ਫੈਸਟੀਵਲ ਦੇ ਨੋਡਲ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਸਹਾਇਕ ਕਮਿਸ਼ਨਰ ਰਿਚਾ ਗੋਇਲ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

## ਹਥਿਆਰਬੰਦ ਤਿਆਰੀ ਜ਼ਰੂਰੀ ਪਰ ਵਾਤਾਵਰਣ, ਵਿਕਾਸ ਤੇ ਤਰੱਕੀ ਲਈ ਅਮਨ-ਸ਼ਾਂਤੀ ਲਾਜਮੀ : ਡਾ. ਬਲਬੀਰ ਸਿੰਘ

# ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੇ ਦਾਅਵੇ ਕਰਨ ਵਾਲਿਆਂ ਦੇ ਰਾਜ 'ਚ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਭਾਰਤੀਆਂ ਨੂੰ ਡਿਪੋਰਟ ਕਰਨਾ ਮੰਦਭਾਗਾ : ਡਾ. ਬਲਬੀਰ ਸਿੰਘ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹੈਰੀਟੇਜ ਫੈਸਟੀਵਲ 2025 ਤਹਿਤ ਖ਼ਾਲਸਾ ਕਾਲਜ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਤੀਜੀ ਵਾਰ ਸਫ਼ਲਤਾ ਪੂਰਵਕ ਕਰਵਾਏ ਗਏ ਪਟਿਆਲਾ ਮਿਲਟਰੀ ਲਿਟਰੇਚਰ ਫੈਸਟੀਵਲ ਨੇ ਫ਼ੌਜੀ ਸ਼ਾਨ-ਓ-ਸ਼ੌਕਤ ਨਾਲ ਪਟਿਆਲਵੀਆਂ ਨੂੰ ਮਿਲਟਰੀ ਇਤਿਹਾਸ ਤੋਂ ਵਾਕਫ਼ ਕਰਵਾਇਆ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦੇ ਖ਼ਾਲਸਾ ਕਾਲਜ ਵਿਖੇ ਸਮਾਪਤ ਹੋਏ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕਰਦੇ ਹੋਏ। ਉਨ੍ਹਾਂ ਦੇ ਨਾਲ ਲੈਫ. ਜਨਰਲ ਟੀ.ਐਸ ਸ਼ੇਰਗਿੱਲ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਹੋਰ ਪਤਵੰਤੇ ਵੀ ਨਜ਼ਰ ਆ ਰਹੇ ਹਨ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਫ਼ੌਜ ਤੇ ਫ਼ੌਜੀ ਇਤਿਹਾਸ ਦੇ ਗੌਰਵ ਬਾਰੇ ਜਾਣੂ ਕਰਵਾਉਣ ਲਈ ਇਹ ਮੇਲੇ ਕਰਵਾਏ ਜਾ ਰਹੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਇਹ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲਿਆਂ ਦੇ ਰਾਜ ਵਿੱਚ ਭਾਰਤੀਆਂ ਨੂੰ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਡਿਪੋਰਟ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੇ ਨੌਜਵਾਨਾਂ ਦੇ ਨਾਲ ਖੜ੍ਹੀ ਹੈ।

ਡਾ. ਬਲਬੀਰ ਸਿੰਘ ਨੇ ਮਿਲਟਰੀ ਲਿਟਰੇਚਰ ਦੀ ਗੱਲ ਕਰਦਿਆਂ ਕਿਹਾ ਕਿ ਅਮਨ-ਸ਼ਾਂਤੀ ਲਈ ਜੰਗ ਵਾਸਤੇ ਹਥਿਆਰਬੰਦ ਤਿਆਰੀ ਜਰੂਰੀ ਹੈ ਪਰੰਤੂ ਅੱਜ ਆਲਮੀ ਪੱਧਰ 'ਤੇ ਹਰ ਮੁਲਕ ਵੱਲੋਂ ਅਜਿਹੇ ਕਦਮ ਉਠਾਏ ਜਾਣ ਅਤੇ ਫ਼ੌਜੀ ਵੈਟਰਨਾਂ ਵੱਲੋਂ ਨਿੱਠਕੇ ਸੋਚਿਆ ਜਾਵੇ ਤਾਂ ਕਿ ਦੇਸ਼ਾਂ 'ਚ ਵਾਤਾਵਰਣ, ਤਰੱਕੀ ਤੇ ਵਿਕਾਸ ਲਈ ਅਮਨ-ਸ਼ਾਂਤੀ ਕਾਇਮ ਰਹੇ।

ਸਿਹਤ ਮੰਤਰੀ ਨੇ ਸਮਾਗਮ ਦੌਰਾਨ ਰਕਸ਼ਕ ਓਪਰੇਸ਼ਨ 'ਚ ਪਟਿਆਲਾ ਜ਼ਿਲ੍ਹੇ ਦੇ ਸ਼ਹੀਦ ਹੋਏ ਫ਼ੌਜੀਆਂ ਦੀਆਂ ਪਤਨੀਆਂ-ਵੀਰ ਨਾਰੀਆਂ ਦਾ ਸਨਮਾਨ ਕਰਦਿਆਂ ਵਿਸ਼ਵ ਜੰਗਾਂ ਦੇ ਹਵਾਲੇ ਨਾਲ ਕਿਹਾ ਕਿ ਲੜਾਈਆਂ ਪਿੱਛੇ ਕੇਵਲ ਸਿਆਸੀ ਕਾਰਨ ਹੁੰਦੇ ਹਨ ਪਰੰਤੂ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਨੌਜਵਾਨ ਸਰਹੱਦਾਂ 'ਤੇ ਸ਼ਹੀਦ ਹੋਣ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸੰਭਾਲਣ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ, ਰੋਜ਼ਗਾਰ, ਸਿਹਤ 'ਤੇ ਕੰਮ ਕਰਦਿਆਂ ਨਸ਼ਿਆਂ ਨੂੰ ਠੱਲ੍ਹ ਪਾਈ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਫ਼ੌਜੀ ਸ਼ਾਨੋ ਸੌਕਤ ਨਾਲ ਸੰਪੰਨ ਹੋਏ ਫ਼ੌਜੀ ਸਾਹਿਤ ਮੇਲੇ ਦੀ ਸਫ਼ਲਤਾ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਸਮੇਤ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਅਤੇ ਭਾਰਤੀ ਫ਼ੌਜ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮੇਲਾ ਨੌਜਵਾਨਾਂ ਤੇ ਵਿਦਿਆਰਥੀਆਂ ਲਈ ਇੱਕ ਨਵੀਂ ਸ਼ੁਰੂਆਤ ਹੈ।

ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਕਰਵਾਏ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਉਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੀ ਸਦੀਆਂ ਤੋਂ ਖੜਗਭੁਜਾ ਰਿਹਾ ਹੈ, ਸਾਨੂੰ ਆਪਣੀ ਇਸ ਖ਼ੂਨ ਭਿੱਜੀ ਵਿਰਾਸਤ ਉਪਰ ਮਾਣ ਹੋਣਾ ਚਾਹੀਦਾ ਹੈ। ਭਾਰਤੀ ਫ਼ੌਜ ਦੀ 43ਵੀਂ ਆਰਮਡ ਬ੍ਰਿਗੇਡ ਦੇ ਬ੍ਰਿਗੇਡੀਅਰ ਤੇਜਿੰਦਰ ਸਿੰਘ ਬਾਵਾ ਸੈਨਾ ਮੈਡਲ ਨੇ ਦੱਸਿਆ ਕਿ ਪਟਿਆਲਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਭਾਰਤੀ ਫ਼ੌਜ ਦੀ ਆਰਮਡ ਡਵੀਜਨ ਘਰ ਪਟਿਆਲਾ ਵਿਖੇ ਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਭਾਰਤੀ ਫ਼ੌਜ ਦੁਨੀਆਂ ਦੀ ਬਿਹਤਰੀਨ ਫ਼ੌਜ ਹੈ ਅਤੇ ਕਈ ਮੁਲਕਾਂ ਦੀ ਫ਼ੌਜ ਸਾਡੀ ਫ਼ੌਜ ਤੋਂ ਟ੍ਰੇਨਿੰਗ ਲੈਂਦੀ ਹੈ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਵੀ ਸੰਬੋਧਨ ਕੀਤਾ ਤੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਸਫ਼ਲਤਾ ਪੂਰਵਕ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾ ਕੇ ਆਪਣੀ ਅਮੀਰ ਵਿਰਾਸਤ ਤੋਂ ਨੌਜਵਾਨਾਂ ਤੇ ਪਟਿਆਲਵੀਆਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

ਮੇਲੇ ਦੇ ਨੋਡਲ ਅਫ਼ਸਰ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਅਤੇ ਸੰਯੁਕਤ ਕਮਿਸ਼ਨਰ ਨਗਰ ਨਿਗਮ ਬਬਨਦੀਪ ਸਿੰਘ ਨੇ ਦੱਸਿਆ ਕਿ ਪਟਿਆਲਾ ਹੈਰੀਟੇਜ਼ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੀ ਸਮਾਪਤੀ ਮੌਕੇ ਬੁੱਢਾ ਦਲ ਨਿਹੰਗ ਸਿੰਘ ਜਥੇਬੰਦੀ ਦੇ ਬਾਬਾ ਸੁਖਦੇਵ ਸਿੰਘ ਦੀ ਦੇਖ-ਰੇਖ ਹੇਠ ਘੋੜਸਵਾਰਾਂ ਨੇ ਘੋੜਿਆਂ ਦੇ ਜਥੇਦਾਰ ਬਲਦੇਵ ਸਿੰਘ ਤੇ ਗਤਕੇ ਦੇ ਜੌਹਰ ਜਥੇਦਾਰ ਦਰਸ਼ਨ ਸਿੰਘ ਦੀ ਅਗਵਾਈ ਹੇਠ ਦਿਖਾਏ। ਪੀ.ਪੀ.ਐਸ. ਨਾਭਾ ਸਕੂਲ ਦੇ ਵਿਦਿਆਰਥੀਆਂ ਨੇ ਵੀ ਜਾਂਬਾਜ ਖੇਡ ਘੋੜਸਵਾਰੀ ਦੇ ਕਰਤੱਬ ਦਿਖਾਏ। ਏ.ਡੀ.ਸੀ. ਸੇਖੋਂ ਨੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵੱਲੋਂ ਲੰਗਰ ਦੇ ਪ੍ਰਬੰਧ ਲਈ ਸਹਿਯੋਗ ਕਰਨ ਸਮੇਤ ਹੋਰ ਵਿਭਾਗਾਂ ਦੇ ਖ਼ਾਲਸਾ ਕਾਲਜ ਵੱਲੋਂ ਵਿਸ਼ੇਸ਼ ਸਹਿਯੋਗ ਕਰਨ ਲਈ ਸਭ ਦਾ ਧੰਨਵਾਦ ਕੀਤਾ।

ਏ.ਡੀ.ਸੀ. ਸੇਖੋਂ ਨੇ ਦੱਸਿਆ ਕਿ ਬ੍ਰੇਵ-ਹਾਰਟ ਮੋਟਰਸਾਈਕਲ ਰੈਲੀ, ਭਾਰਤੀ ਫ਼ੌਜ ਦੇ ਇਤਿਹਾਸ ਸਮੇਤ ਜੋਸ਼ ਤੇ ਜਜ਼ਬੇ ਨੂੰ ਦਰਸਾਉਂਦੀਆਂ ਫ਼ਿਲਮਾਂ, ਬੈਂਡ ਡਿਸਪਲੇ, ਜਜ਼ਬੇ ਅਤੇ ਬਹਾਦਰੀ ਦਾ ਵਰਨਣ, ਫ਼ੌਜੀ ਟੈਂਕਾਂ ਤੇ ਜੰਗੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ, ਘੋੜਸਵਾਰੀ ਸ਼ੋਅ, ਬੁੱਢਾ ਦਲ ਦੇ ਨਿਹੰਗ ਸਿੰਘਾਂ ਵੱਲੋਂ ਗਤਕਾ, ਪੁਰਾਤਨ ਵਸਤਾਂ ਤੇ ਦੁਰਲੱਭ ਡਾਕ ਟਿਕਟਾਂ ਦੀ ਪ੍ਰਦਰਸ਼ਨੀ ਸਮੇਤ ਫ਼ੌਜ, ਖ਼ਾਲਸਾ ਕਾਲਜ ਵੱਲੋਂ ਭੰਗੜਾ, ਸਰਕਾਰੀ ਕਾਲਜ ਲੜਕੀਆਂ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ, ਪੁਲਿਸ ਤੇ ਫ਼ੌਜ ਭਰਤੀ ਬਾਰੇ ਕਾਉਂਸਲਿੰਗ ਅਤੇ ਫ਼ੂਡ ਕੋਰਟ ਵੀ ਸਥਾਪਤ ਕੀਤੇ ਗਏ ਸਨ, ਜਿਸ ਦਾ ਵੱਡੀ ਗਿਣਤੀ ਪਟਿਆਵਲੀਆਂ ਅਤੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਆਨੰਦ ਮਾਣਿਆ। ਇਸ ਮੌਕੇ ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਮੇਜਰ ਜਨਰਲ ਏ.ਪੀ. ਸਿੰਘ, ਬ੍ਰਿਗੇਡੀਅਰ ਅਦਵਿੱਤਿਆ ਮਦਾਨ, ਕਰਨਲ ਅਰੁਨ ਮਾਰਿਆ, ਐਸ.ਪੀ. ਸਿਟੀ ਸਰਫ਼ਰਾਜ ਆਲਮ, ਏ.ਡੀ.ਸੀ. ਇਸ਼ਾ ਸਿੰਗਲ, ਡਾਕ ਦੇ ਸੀਨੀਅਰ ਸੁਪਰਡੈਂਟ ਸੱਤਿਅਮ ਤਿਵਾੜੀ, ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉਭਾ, ਕਰਨਲ ਨਕੁਲ, ਕਰਨਲ ਰਾਜੀਵ ਸ਼ਰਮਾ, ਲੈਫ਼ ਕਰਨਲ ਰਾਜੀਵ ਸ਼ਰਮਾ, ਕਮਾਂਡਰ ਰੋਹਿਤ ਕੌਸ਼ਿਕ, ਐਨ.ਸੀ.ਸੀ., ਆਰਮੀ ਯੂਨਿਟ, ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਫ਼ੌਜ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਸਮੇਤ ਪਟਿਆਲਾ ਦੇ ਵਸਨੀਕ ਮੌਜੂਦ ਸਨ।

## ਵਿਸ਼ਵ ਪ੍ਰਸਿੱਧ ਸਿਤਾਰ ਵਾਦਕ ਨੀਲਾਦਰੀ ਕੁਮਾਰ ਨੇ ਤਬਲਾ ਵਾਦਕ ਸੱਤਿਆਜੀਤ ਤਲਵਲਕਰ ਨਾਲ ਮਿਲ ਕੇ ਯਾਦਗਾਰੀ ਬਣਾਈ ਸ਼ਾਸ਼ਤਰੀ ਸੰਗੀਤ ਦੀ ਸ਼ਾਮ

## ਨੀਲਾਦਰੀ ਕੁਮਾਰ ਨੇ ਪਟਿਆਲਵੀਆਂ ਦੀ ਵਿਸ਼ੇਸ਼ ਮੰਗ 'ਤੇ 'ਜ਼ਿਤਾਰ' (ਇਲੈਕਟ੍ਰਿਕ ਸਿਤਾਰ) 'ਤੇ ਵੀ ਆਪਣੀ ਵਿਸ਼ੇਸ਼ ਪੇਸ਼ਕਾਰੀ ਦਿੱਤੀ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**





1. ਪਟਿਆਲਾ ਹੈਰੀਟੇਜ ਫੈਸਟੀਵਲ 2025 ਦੀ ਸੰਗੀਤਕ ਸ਼ਾਮ ਮੌਕੇ ਕਿਲ੍ਹਾ ਮੁਬਾਰਕ ਵਿਖੇ ਪੇਸ਼ਕਾਰੀ ਦਿੰਦੇ ਹੋਏ ਪ੍ਰਸਿੱਧ ਸਿਤਾਰ ਨਵਾਜ਼ ਨੀਲਾਦਰੀ ਕੁਮਾਰ ਅਤੇ ਤਬਲਾ ਵਾਦਕ ਸੱਤਿਆਜੀਤ ਤਲਵਲਕਰ।
2. ਪਟਿਆਲਾ ਹੈਰੀਟੇਜ ਫੈਸਟੀਵਲ 2025 ਦੀ ਸੰਗੀਤਕ ਸ਼ਾਮ ਮੌਕੇ ਕਿਲ੍ਹਾ ਮੁਬਾਰਕ ਵਿਖੇ ਹਾਜ਼ਰ ਸ਼ਖ਼ਸੀਅਤਾਂ ਸੰਗੀਤਕ ਸ਼ਾਮ ਦਾ ਆਨੰਦ ਮਾਣਦੀਆਂ ਹੋਈਆਂ।

ਪਟਿਆਲਾ ਹੈਰੀਟੇਜ ਫੈਸਟੀਵਲ-2025 ਦੇ ਚੌਥੇ ਦਿਨ ਦੀ ਸੰਗੀਤਮਈ ਸ਼ਾਮ ਅੱਜ ਉਸ ਵੇਲੇ ਇਤਿਹਾਸਕ ਤੇ ਯਾਦਗਾਰੀ ਬਣ ਗਈ ਜਦੋਂ ਭਾਰਤੀ ਸ਼ਾਸਤਰੀ ਸੰਗੀਤ 'ਚ ਨਵੀਨਤਾ ਤੇ ਪਰੰਪਰਾਵਾਂ ਦੇ ਬੇਮਿਸਾਲ ਸੰਯੋਗ ਤੇ ਵਿਸ਼ਵ ਪ੍ਰਸਿੱਧ ਸਿਤਾਰ ਨਵਾਜ਼ ਨੀਲਾਦਰੀ ਕੁਮਾਰ ਨੇ ਪ੍ਰਸਿੱਧ ਤਬਲਾ ਵਾਦਕ ਸਤਿਆਜੀਤ ਤਲਵਲਕਰ ਦੇ ਤਬਲੇ ਦੀ ਤਾਲ ਨਾਲ ਤਾਲ ਮਿਲਾ ਕੇ ਸੰਗੀਤ ਦੀ ਖ਼ੂਬ ਛਹਿਬਰ ਲਾਈ। ਉਨ੍ਹਾਂ ਨੇ ਪਟਿਆਲਵੀਆਂ ਦੀ ਵਿਸ਼ੇਸ਼ ਮੰਗ 'ਤੇ ਆਪਣੀ ਵਿਸ਼ੇਸ਼ ਪੇਸ਼ਕਾਰੀ ਦੀ ਸ਼ੁਰੂਆਤ 'ਜ਼ਿਤਾਰ' (ਇਲੈਕਟ੍ਰਿਕ ਸਿਤਾਰ) ਨਾਲ ਕਰਦਿਆਂ ਰੰਗ ਬੰਨ੍ਹ ਦਿੱਤਾ। ਉਨ੍ਹਾਂ ਨੇ ਸ਼ੁਰੂਆਤ ਵਿੱਚ ਰਾਗ ਤਿਲਕ ਨੱਟ ਤੇ ਤਿਲਕ ਕਾਮੋਦ ਦਾ ਮਿਸ਼ਰਣ ਵਜਾਇਆ। ਉਨ੍ਹਾਂ ਨੇ ਇਸੇ ਰਾਗ ਵਿੱਚ ਖਰਜ ਦੀ ਧੁਨੀ ਛੇੜੀ।

ਪਟਿਆਲਾ ਦੇ ਪੁਰਾਤਨ ਕਿਲ੍ਹਾ ਮੁਬਾਰਕ ਦੇ ਦਰਬਾਰ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਅੱਜ ਦੇ ਇਸ ਸਮਾਰੋਹ ਮੌਕੇ ਹੁੰਮ-ਹੁਮਾ ਕੇ ਪੁੱਜੇ ਕਲਾ ਪ੍ਰੇਮੀਆਂ ਤੇ ਪਟਿਆਲਵੀਆਂ ਨੇ ਇਸ ਸ਼ਾਸ਼ਤਰੀ ਸੰਗੀਤਮਈ ਸ਼ਾਮ ਦਾ ਖ਼ੂਬ ਆਨੰਦ ਮਾਣਿਆ।

ਪੰਜਾਬ ਦੇ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਨੌਜਵਾਨ ਪੀੜ੍ਹੀ ਨੂੰ ਆਪਣੀ ਵੱਡਮੁਲੀ ਵਿਰਾਸਤ ਤੋਂ ਜਾਣੂ ਕਰਵਾਉਣ ਲਈ ਕਰਵਾਏ ਜਾ ਰਹੇ ਇਸ ਵਿਰਾਸਤੀ ਉਤਸਵ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਇਸ ਸਮਾਗਮ ਦੇ ਨੋਡਲ ਅਫ਼ਸਰ ਏ.ਡੀ.ਸੀ. ਇਸ਼ਾ ਸਿੰਗਲ ਅਤੇ ਐਸ.ਡੀ.ਐਮ. ਤਰਸੇਮ ਚੰਦ ਮੌਜੂਦ ਸਨ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਵਿੱਚ ਸੈਰ-ਸਪਾਟਾ ਖੇਤਰ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਪਟਿਆਲਾ ਵਿਰਾਸਤੀ ਮੇਲਾ ਪਟਿਆਲਾ ਨੂੰ ਸੈਰ-ਸਪਾਟਾ ਦੇ ਕੇਂਦਰ ਵਜੋਂ ਉਭਾਰੇਗਾ। ਕੋਹਲੀ ਨੇ ਕਿਹਾ ਕਿ ਇਹ ਮੇਲੇ ਨਾ ਸਿਰਫ਼ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪੇਸ਼ ਕਰ ਰਹੇ ਹਨ ਸਗੋਂ ਸਾਡੀ ਵਿਰਾਸਤ ਨੂੰ ਵੀ ਲੋਕਾਂ ਤੱਕ ਪਹੁੰਚਾਉਣ ਲਈ ਸਫਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਉਮੀਦ ਹੀ ਨਹੀਂ ਬਲਕਿ ਯਕੀਨ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸੈਰ-ਸਪਾਟਾ ਦੇ ਪ੍ਰਮੁੱਖ ਕੇਂਦਰ ਵਜੋਂ ਆਪਣੀ ਸ਼ਾਨ ਮੁੜ ਬਹਾਲ ਕਰੇਗਾ।

ਇਸ ਮੌਕੇ ਸ਼ਾਸਤਰੀ ਅਤੇ ਆਧੁਨਿਕ ਸੰਗੀਤ ਨੂੰ ਇਕੱਠੇ ਜੋੜਨ ਦੇ ਮਹੱਤਵਪੂਰਨ ਕੰਮ ਨੂੰ ਅੰਜਾਮ ਦੇਣ ਲਈ 'ਜ਼ਿਤਾਰ' (ਇਲੈਕਟ੍ਰਿਕ ਸਿਤਾਰ) ਦੀ ਕਾਢ ਕੱਢਣ ਵਾਲੇ ਸੰਗੀਤ ਦੇ ਵਿਲੱਖਣ ਸ਼ਿਲਪਕਾਰ, ਫਿਲਮਫੇਅਰ ਅਤੇ ਸੰਗੀਤ ਨਾਟਕ ਅਕਾਦਮੀ ਅਵਾਰਡ ਨਾਲ ਸਨਮਾਨਿਤ ਨੀਲਾਦਰੀ ਕੁਮਾਰ ਨੇ ਆਪਣੀਆਂ ਬੇਜੋੜ ਬੰਦਿਸ਼ਾਂ, ਮਿੱਠੇ ਸੁਰਾਂ ਅਤੇ ਸੰਗੀਤ ਦੀ ਗਹਿਰੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ। ਨੀਲਾਦਰੀ ਕੁਮਾਰ ਨੇ ਸੱਤਿਆਜੀਤ ਤਲਵਲਕਰ ਨਾਲ ਮਿਲਕੇ ਸ਼ਾਸਤਰੀ ਸੰਗੀਤ ਦੀ ਦਿਲਕਸ਼ ਪੇਸ਼ਕਾਰੀ ਦਿੱਤੀ ਅਤੇ ਸਿਤਾਰ ਤੇ ਜ਼ਿਤਾਰ 'ਤੇ ਸੰਗੀਤਕ ਧੁਨਾਂ ਵਜਾ ਕੇ ਇਸ ਸੰਗੀਤਮਈ ਸ਼ਾਮ ਨੂੰ ਯਾਦਗਾਰੀ ਬਣਾ ਦਿੱਤਾ।

ਇਨ੍ਹਾਂ ਦੇ ਨਾਲ ਕੀਬੋਰਡ 'ਤੇ ਏਗਨੀਲੋ ਫਰਨਾਡਿਸ ਅਤੇ ਡਰੰਮਜ ਤੇ ਜੈਂਬੇ ਉਪਰ ਸ਼ਿਖ਼ਰ ਨਾਦ ਖੁਰੈਸ਼ੀ ਨੇ ਸੰਗਤ ਕਰਦਿਆਂ ਸ਼ਾਸਤਰੀ ਸੰਗੀਤ ਦਾ ਅਨੋਖਾ ਸੁਮੇਲ ਦਿਖਾਇਆ। ਉਨ੍ਹਾਂ ਦੇ ਨਾਲ ਤਕਨੀਕੀ ਡਾਇਰੈਕਟਰ ਲਕੀਰ ਮਹਿਤਾ ਤੇ ਮਿਸ ਸਮੀਰਾ ਕੇਲਕਰ ਵੀ ਮੌਜੂਦ ਸਨ। ਮੰਚ ਸੰਚਾਲਨ ਉਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਕੀਤਾ।

ਇਸ ਮੌਕੇ ਨੀਲਾਦਰੀ ਕੁਮਾਰ ਨੇ ਕਿਹਾ ਕਿ ਪਟਿਆਲਾ ਵਿਰਾਸਤੀ ਉਤਸਵ ਇੱਕ ਕੌਮਾਂਤਰੀ ਉਤਸਵ ਬਣ ਗਿਆ ਹੈ ਅਤੇ ਉਨ੍ਹਾਂ ਨੂੰ ਇੱਥੇ ਆ ਕੇ ਆਪਣੀ ਪੇਸ਼ਕਾਰੀ ਦੇਣ ਦਾ ਸੁਭਾਗ ਪ੍ਰਾਪਤ ਹੋਣਾ ਉਨ੍ਹਾਂ ਖ਼ੁਦ ਦੇ ਲਈ ਮਾਣ ਦੀ ਗੱਲ ਹੈ।

ਜਿਕਰਯੋਗ ਹੈ ਕਿ ਭਾਰਤ ਰਤਨ ਉਸਤਾਦ ਬਿਸਮਿਲ੍ਹਾ ਖਾਨ ਯੁਵਾ ਪੁਰਸਕਾਰ ਅਤੇ ਸੰਗੀਤ ਨਾਟਕ ਅਕੈਡਮੀ ਦੁਆਰਾ ਆਦਿਤਿਆ ਬਿਰਲਾ ਕਲਾ ਕਿਰਨ ਪੁਰਸਕਾਰ ਨਾਲ ਸਨਮਾਨਤ ਪ੍ਰਸਿੱਧ ਤਬਲਾਵਾਦਕ ਸੱਤਿਆਜੀਤ ਤਲਵਲਕਰ ਅੱਜ ਦੇ ਨੌਜਵਾਨ ਅਤੇ ਪ੍ਰਤਿਭਾਸ਼ਾਲੀ ਤਬਲਾ ਵਾਦਕਾਂ ਵਿੱਚੋਂ ਇੱਕ ਪ੍ਰਮੁੱਖ ਹਨ। ਤਲਵਲਕਰ ਸੰਗੀਤ ਦੀ ਅਮੀਰ ਪਰੰਪਰਾ ਵਿੱਚ ਤੇ ਉਹ ਮਹਾਨ ਗੁਰੂ ਪਦਮਸ਼੍ਰੀ ਤਾਲਯੋਗੀ ਪੰਡਿਤ ਸੁਰੇਸ਼ ਤਲਵਲਕਰ ਅਤੇ ਪ੍ਰਸਿੱਧ ਹਿੰਦੁਸਤਾਨੀ ਸ਼ਾਸਤਰੀ ਗਾਇਕਾ ਪਦਮਾ ਤਲਵਲਕਰ ਦੇ ਪੁੱਤਰ ਅਤੇ ਚੇਲੇ ਹਨ।

ਸੱਤਿਆਜੀਤ ਤਲਵਲਕਰ ਭਾਰਤੀ ਸੰਗੀਤ ਦੇ ਕੁਝ ਮਹਾਨ ਕਲਾਕਾਰਾਂ ਉਸਤਾਦ ਅਮਜਦ ਅਲੀ ਖਾਨ, ਪੰਡਿਤ ਹਰੀਪ੍ਰਸਾਦ ਚੌਰਸੀਆ, ਪੰਡਿਤ ਸ਼ਿਵਕੁਮਾਰ ਸ਼ਰਮਾ, ਪੰਡਿਤ ਜਸਰਾਜ, ਆਦਿ ਤਬਲਾ ਸੰਗਤ ਕਰ ਚੁੱਕੇ ਹਨ ਅਤੇ ਹੁਣ ਨੀਲਾਦਰੀ ਸਮੇਤ ਰਾਕੇਸ਼ ਚੌਰਸੀਆ, ਅਮਾਨ ਅਲੀ ਖਾਨ, ਅਯਾਨ ਅਲੀ ਖਾਨ, ਪੂਰਬਯਾਨ ਚੈਟਰਜੀ, ਰਾਹੁਲ ਸ਼ਰਮਾ ਵਰਗੇ ਉੱਘੇ ਨੌਜਵਾਨ ਕਲਾਕਾਰਾਂ ਨਾਲ ਵੀ ਸਟੇਜ ਸਾਂਝਾ ਕਰਦੇ ਹਨ। ਇਸ ਮੌਕੇ ਨਗਰ ਨਿਗਮ ਦੇ ਕੌਂਸਲਰਾਂ ਤੋਂ ਇਲਾਵਾ ਸੀ.ਏ. ਪੀਡੀਏ ਮਨੀਸ਼ਾ ਰਾਣਾ, ਅਮਿਤ ਬੈਂਬੀ, ਕੰਨੂ ਗਰਗ, ਨਮਨ ਮਾਰਕੰਨ, ਚਰਨਜੀਤ ਸਿੰਘ, ਵਿਓਮ ਭਾਰਦਵਾਜ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ, ਐਨ. ਜੈਡ.ਸੀ.ਸੀ ਦੇ ਭੁਪਿੰਦਰ ਸਿੰਘ ਸੋਫਤ ਸਮੇਤ ਵੱਡੀ ਗਿਣਤੀ 'ਚ ਪਟਿਆਲਾ ਸਮੇਤ ਦੂਰੋਂ-ਦੂਰੋਂ ਆਏ ਅਤੇ ਸੰਗੀਤ ਤੇ ਕਲਾ ਪ੍ਰੇਮੀਆਂ ਨੇ ਸ਼ਿਰਕਤ ਕੀਤੀ ਤੇ ਅਨੰਦ ਮਾਣਿਆ।

# ਪੇਂਡੂ ਚੌਂਕੀਦਾਰਾਂ ਦੇ ਮਾਣ ਭੱਤੇ ਵਿੱਚ ਅੱਠ ਸਾਲ ਬਾਅਦ ਹੋਇਆ ਵਾਧਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਦੀ ਭਲਾਈ ਦੀ ਵਚਨਬੱਧਤਾ ਉਤੇ ਪਹਿਰਾ ਦਿੰਦਿਆਂ ਪੇਂਡੂ ਚੌਂਕੀਦਾਰਾਂ ਦੇ ਮਾਣ ਭੱਤੇ ਵਿੱਚ ਵਾਧਾ ਕੀਤਾ ਹੈ। ਕੈਬਨਿਟ ਵੱਲੋਂ ਪਾਸ ਕੀਤੇ ਇਸ ਫੈਸਲੇ ਨਾਲ ਸੂਬੇ ਦੇ 9974 ਚੌਂਕੀਦਾਰਾਂ ਨੂੰ ਸਿੱਧਾ ਫ਼ਾਇਦਾ ਹੋਵੇਗਾ। ਇਸ ਨਾਲ ਪੇਂਡੂ ਚੌਂਕੀਦਾਰਾਂ ਨੂੰ ਸਾਲਾਨਾ 3 ਕਰੋੜ ਰੁਪਏ ਦਾ ਵਾਧੂ ਫ਼ਾਇਦਾ ਮਿਲੇਗਾ।

ਪੰਜਾਬ ਦੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਜਿਸ ਨਾਲ ਕਈ ਵਰਗਾਂ ਦੀਆਂ ਚਿਰਕੋਣੀਆਂ ਮੰਗਾਂ ਪੂਰੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਵਿੱਚ ਕੈਬਨਿਟ ਵੱਲੋਂ ਕੀਤੇ ਇਕ ਮਹੱਤਵਪੂਰਨ ਫੈਸਲੇ ਵਿੱਚ ਪੇਂਡੂ ਚੌਂਕੀਦਾਰਾਂ ਦਾ ਮਾਸਿਕ ਮਾਣ-ਭੱਤਾ ਮੌਜੂਦਾ 1250 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤਾ ਗਿਆ ਹੈ। 1250 ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਸਾਲ 2017 ਤੋਂ ਚੱਲ ਰਿਹਾ ਸੀ। ਅੱਠ ਸਾਲ ਬਾਅਦ ਹੁਣ ਇਹ ਵਾਧਾ ਹੋਇਆ ਹੈ।

ਮਾਲ ਮੰਤਰੀ ਸ ਮੁੰਡੀਆ ਨੇ ਕਿਹਾ ਕਿ ਪੇਂਡੂ ਚੌਂਕੀਦਾਰਾਂ ਦੀ ਜਥੇਬੰਦੀਆਂ ਵੱਲੋਂ ਇਹ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਜੋ ਕੈਬਨਿਟ ਵੱਲੋਂ ਹੁਣ ਮਨਜ਼ੂਰ ਕੀਤੀ ਗਈ ਹੈ। ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ ਪੇਂਡੂ ਖੇਤਰਾਂ ਵਿੱਚ ਚੌਂਕੀਦਾਰਾਂ ਦੁਆਰਾ ਡਿਊਟੀ ਨੂੰ ਹੋਰ ਸੁਚਾਰੂ ਢੰਗ ਨਾਲ ਨਿਭਾਉਣ ਵਿੱਚ ਮਦਦ ਮਿਲੇਗੀ।

ਸ ਮੁੰਡੀਆ ਨੇ ਅੱਗੇ ਕਿਹਾ ਕਿ ਪੇਂਡੂ ਚੌਂਕੀਦਾਰ ਹਿਫ਼ਾਜ਼ਤ ਤੋਂ ਇਲਾਵਾ ਪਿੰਡ ਦੇ ਵਿਕਾਸ ਵਿੱਚ ਉਸਾਰੂ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ ਪਿੰਡ ਦੀ ਪੰਚਾਇਤ ਤੇ ਨੰਬਰਦਾਰਾਂ ਲਈ ਅਹਿਮ ਕੜੀ ਵਜੋਂ ਕੰਮ ਕਰਦੇ ਹਨ। ਮੰਤਰੀ ਮੰਡਲ ਦੀ ਮਨਜ਼ੂਰੀ ਨਾਲ ਹੁਣ ਇਸ ਨੂੰ ਲਾਗੂ ਕਰਨ ਲਈ ਜਲਦ ਹੀ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।

## 60 ਫੀਸਦੀ ਸੈਂਡਵਿਚ ਪੀੜ੍ਹੀ ਭਵਿੱਖ ਦੀ ਵਿੱਤੀ ਸੁਰੱਖਿਆ ਨੂੰ ਲੈ ਕੇ ਚਿੰਤਤ - ਐਡਲਵਾਈਸ ਲਾਈਫ ਅਧਿਐਨ

**ਬਠਿੰਡਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਸੈਂਡਵਿਚ ਪੀੜ੍ਹੀ, ਜੋ ਆਪਣੇ ਮਾਪਿਆਂ ਅਤੇ ਬੱਚਿਆਂ ਨੂੰ ਸਭ ਤੋਂ ਵਧੀਆ ਦੇਣ 'ਤੇ ਕੇਂਦ੍ਰਿਤ ਹੈ, ਆਪਣੇ ਭਵਿੱਖ ਲਈ ਤਿਆਰ ਨਹੀਂ ਹੈ॥ ਐਡਲਵਾਈਸ ਲਾਈਫ ਇਨਸ਼ੋਰੈਂਸ ਦੇ ਇੱਕ ਅਧਿਐਨ ਦੇ ਅਨੁਸਾਰ, 60 ਫੀਸਦੀ ਉੱਤਰਦਾਤਾਵਾਂ ਸਹਿਮਤ ਹਨ ਕਿ ÷ਭਾਵੇਂ ਮੈਂ ਕਿੰਨਾ ਵੀ ਬਚਤ ਕਰਾਂ ਜਾਂ ਨਿਵੇਸ਼ ਕਰਾਂ, ਮੈਨੂੰ ਲੱਗਦਾ ਹੈ ਕਿ ਭਵਿੱਖ ਲਈ ਇਹ ਕਦੇ ਵੀ ਕਾਫ਼ੀ ਨਹੀਂ ਹੈ।

ਐਡਲਵਾਈਸ ਲਾਈਫ ਇਨਸ਼ੋਰੈਂਸ ਨੇ ਯੂਗੋਵ ਦੇ ਸਹਿਯੋਗ ਨਾਲ 12 ਸ਼ਹਿਰਾਂ ਵਿੱਚ 4,005 ਉੱਤਰਦਾਤਾਵਾਂ ਦਾ ਸਰਵੇਖਣ ਕੀਤਾ, ਜਿਸ ਵਿੱਚ ਸੈਂਡਵਿਚ ਜਨਰੇਸ਼ਨ ਨੂੰ 35 – 54 ਸਾਲ ਦੀ ਉਮਰ ਦੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਆਪਣੇ ਵੱਡੇ ਹੋ ਰਹੇ ਮਾਪਿਆਂ ਅਤੇ ਵੱਧ ਰਹੇ ਬੱਚਿਆਂ ਦੀ ਵਿੱਤੀ ਸਹਾਇਤਾ ਕਰ ਰਹੇ ਹਨ। ਇਸ ਅਧਿਐਨ ਦਾ ਉਦੇਸ਼ ਉਨ੍ਹਾਂ ਦੇ ਰੁਝਾਨਾਂ, ਵਿਸ਼ਵਾਸਾਂ ਅਤੇ ਵਿੱਤੀ ਤਿਆਰੀ ਦੇ ਪੱਧਰ ਨੂੰ ਸਮਝਣਾ ਸੀ। ਐਡਲਵਾਈਸ ਲਾਈਫ ਇੰਸ਼ੋਰੈਂਸ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਸੁਮਿਤ ਰਾਏ ਨੇ ਕਿਹਾ, ਕਿ ਸਾਲਾਂ ਤੋਂ ਗਾਹਕਾਂ ਨਾਲ ਹੋ ਰਹੀਆਂ ਗੱਲਬਾਤ ਰਾਹੀਂ, ਅਸੀਂ ਨੇੜੇ ਤੋਂ ਦੇਖਿਆ ਹੈ ਕਿ ਸੈਂਡਵਿਚ ਪੀੜ੍ਹੀ ਆਪਣੇ ਮਾਪਿਆਂ ਅਤੇ ਬੱਚਿਆਂ ਦੀ ਦੇਖਭਾਲ ਦੇ ਚੱਕਰ ਵਿੱਚ ਜੀ ਰਹੀ ਹੈ। ਉਹ ਸਿਹਤ ਸੇਵਾਵਾਂ ਅਤੇ ਸਿੱਖਿਆ ਵਰਗੀਆਂ ਜ਼ਰੂਰਤਾਂ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਨ, ਜਦੋਂ ਕਿ 'ਜ਼ਰੂਰਤਾਂ' ਨੂੰ 'ਚਾਹਵਾਂ' ਦੀ ਕੀਮਤ 'ਤੇ ਨਹੀਂ ਆਉਣ ਦੇਣਾ ਚਾਹੁੰਦੇ। ਇਹ ਮੁੱਖ ਤੌਰ 'ਤੇ ਉਨ੍ਹਾਂ ਦੇ ਵਿੱਤੀ ਫੈਸਲੇ ਕਰਨ ਨੂੰ ਪ੍ਰੇਰਿਤ ਕਰ ਰਿਹਾ ਹੈ। ਸੁਮਿਤ ਰਾਇ ਨੇ ਕਿਹਾ ਕਿ ਇਹ ਪੀੜ੍ਹੀ ਉਨ੍ਹਾਂ ਦੀਆਂ ਮੁੱਖ ਇੱਛਾਵਾਂ ਨੂੰ ਜਾਣਦੀ ਹੈ ਅਤੇ ਵਿਸ਼ਵਾਸ ਕਰਦੀ ਹੈ ਕਿ ਉਨ੍ਹਾਂ ਦੀਆਂ ਪਸੰਦੀਦਾ ਉਤਪਾਦ ਸ਼੍ਰੇਣੀਆਂ ਵਿੱਚ ਨਿਵੇਸ਼ਾਂ ਰਾਹੀਂ ਢੁਕਵੀਂ ਯੋਜਨਾ ਬਣਾਈ ਗਈ ਹੈ।

## ਐਨ ਐਸ ਐਸ ਵਲੰਟੀਅਰਜ਼ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ

**ਪਟਿਆਲਾ, 19 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵਲੋਂ ਮੁੱਖ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਡਾਕਟਰ ਪ੍ਰੀਤੀ ਯਾਦਵ ਅਤੇ ਏਂ ਡੀ ਸੀ ਡਿਵੈਲਪਮੈਂਟ ਅਨੂਪ੍ਰਿਤਾ ਜੋਹਲ ਦੀ ਅਗਵਾਈ ਹੇਠ ਸ਼ੀਸ਼ ਮਹਿਲ ਵਿਖੇ ਸਰਸ ਮੇਲੇ ਦਾ ਆਯੋਜਨ ਕੀਤਾ ਗਿਆ ਹੈ। ਜਿਸ ਵਿਚ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕੇ, ਸਰਕਾਰੀ ਪੋਲੀਟੈਕਨਿਕ ਕਾਲਜ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕੀਆਂ ਵਲੋਂ ਨਿਰਸਵਾਰਥ ਵਲੰਟੀਅਰਜ਼ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਹਨਾਂ ਵਲੰਟੀਅਰਜ਼ ਦੇ ਇੰਚਾਰਜ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਆਈਂ ਟੀ ਆਈ ਲੜਕੇ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਅਗਵਾਈ ਹੇਠ ਸਰਸ ਮੇਲੇ ਦੌਰਾਨ ਪਹੁੰਚਣ ਵਾਲੀ ਪਬਲਿਕ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਦੇ ਐਨ ਐਸ ਐਸ ਵਲੰਟੀਅਰਜ਼ ਵਲੋਂ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਐਨ ਐਸ ਐਸ ਵਲੰਟੀਅਰਜ਼ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਨਸ਼ਿਆਂ ਨੂੰ ਪੰਜਾਬ ਵਿਚੋਂ ਜੜ੍ਹੋਂ ਖ਼ਤਮ ਕਰਨ ਲਈ ਇੱਕਜੁੱਟ ਹੋਣ ਲਈ ਅੱਗੇ ਆਉਣਾ ਪਵੇਗਾ। ਉਹਨਾਂ ਨੌਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਸਮਾਜ ਸੇਵੀ ਕਾਰਜਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਮੈਡਮ ਰਾਜਬੀਰ ਕੌਰ ਸਰਕਾਰੀ ਆਈ ਟੀ ਆਈ ਲੜਕੀਆਂ, ਮੈਡਮ ਨੀਨਾ ਰਾਣੀ ਸਰਕਾਰੀ ਆਈ ਟੀ ਆਈ ਲੜਕੀਆਂ, ਯੂਥ ਆਗੂ ਰੁਦਰਪ੍ਰਤਾਪ ਸਿੰਘ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਪ੍ਰਤਾਪ ਸ਼ਾਹੀ, ਪਰਵਿੰਦਰ ਸਿੰਘ ਸਨੌਰ, ਅਮਰਜੀਤ ਸਿੰਘ ਲੰਗ, ਪ੍ਰਭਜੋਤ ਸਿੰਘ, ਜੁਗਰਾਜ ਚੈਹਿਲ, ਰਾਮ ਸਿੰਘ, ਗੁਰਬਚਨ ਸਿੰਘ ਵੀ ਹਾਜ਼ਰ ਸਨ।

## ਕਟਾਰੂਚੱਕ ਵੱਲੋਂ 48 ਨਵੀਆਂ ਪੰਚਾਇਤਾਂ ਨੂੰ ਕਰੀਬ 2.50 ਕਰੋੜ ਰੁਪਏ ਦੀਆਂ ਗ੍ਰਾਂਟਾਂ ਤਕਸੀਮ



**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਪਿੰਡਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਅਤੇ ਲੋਕਾਂ ਲਈ ਬੁਨਿਆਦੀ ਢਾਂਚਾ ਸਹੂਲਤਾਂ ਦੇ ਨਿਰਮਾਣ ਲਈ ਵਿਧਾਨ ਸਭਾ ਹਲਕਾ ਭੋਆ ਦੀਆਂ 48 ਨਵੀਆਂ ਪੰਚਾਇਤਾਂ ਨੂੰ ਕਰੀਬ 2.50 ਕਰੋੜ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਤਕਸੀਮ ਕੀਤੇ।

ਪਿੰਡ ਕਟਾਰੂਚੱਕ ਵਿਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਇਕੱਤਰ ਹੋਏ ਸਮੂਹ ਸਰਪੰਚਾਂ ਅਤੇ ਪੰਚਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਪਿੰਡਾਂ ਦੇ ਵਿਕਾਸ ਲਈ ਵੱਧ ਤੋਂ ਵੱਧ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਅੱਜ ਪਿੰਡਾਂ ਵਿੱਚ ਮੁੱਢਲੀਆਂ ਸਹੂਲਤਾਂ ਦੇ ਵਿਕਾਸ ਲਈ ਕਰੀਬ 2.50 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਸੂਬਾ ਸਰਕਾਰ ਨੇ 2022 ਵਿੱਚ ਸੱਤਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਹੈ ਅਤੇ ਲਗਾਤਾਰ ਪਿੰਡਾਂ ਨੂੰ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਵੰਡੀ ਗਈ 2 ਕਰੋੜ 47 ਲੱਖ ਰੁਪਏ ਦੀ ਰਾਸ਼ੀ ਨਾਲ ਵੱਖ-ਵੱਖ ਵਿਕਾਸ ਕਾਰਜਾਂ ਜਿਵੇਂ ਕਮਿਊਨਿਟੀ ਹਾਲਾਂ ਦੀ ਉਸਾਰੀ, ਗੰਦੇ ਪਾਣੀ ਦੀ ਨਿਕਾਸੀ, ਨਾਲੀਆਂ ਦਾ ਨਿਰਮਾਣ, ਸੋਲਰ ਲਾਈਟਾਂ ਲਾਉਣ, ਡੂੰਘੇ ਬੋਰ ਲਾਉਣਾ, ਲਿਕੁਇਡ ਅਤੇ ਸੋਲਿਡ ਵੇਸਟ ਪ੍ਰਬੰਧਨ, ਸਮਾਰਟ ਪਿੰਡ ਬਣਾਉਣ, ਖੇਡ ਮੈਦਾਨਾਂ ਦੀ ਉਸਾਰੀ, ਤਲਾਬਾਂ ਤੇ ਨਿਕਾਸੀ ਛੱਪੜਾਂ ਦੀ ਉਸਾਰੀ ਆਦਿ ਦੇ ਕਾਰਜ ਨੇਪਰੇ ਚਾੜ੍ਹੇ ਜਾਣਗੇ।

ਉਨ੍ਹਾਂ ਕਿਹਾ ਕਿ ਨਵੀਆਂ ਬਣੀਆਂ ਪੰਚਾਇਤਾਂ ਦੀਆਂ ਮੰਗਾਂ ਦੇ ਆਧਾਰ 'ਤੇ ਇਹ ਗ੍ਰਾਂਟਾਂ ਬਿਨਾਂ ਕਿਸੇ ਪੱਖਪਾਤ ਤੋਂ ਪਿੰਡਾਂ ਦੇ ਵਿਕਾਸ ਲਈ ਦਿੱਤੀਆਂ ਗਈਆਂ ਹਨ। ਉਨ੍ਹਾਂ ਪੰਚਾਇਤ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਰਾਸ਼ੀ ਦੀ ਸੁਚੱਜੀ ਵਰਤੋਂ ਯਕੀਨੀ ਬਣਾਉਣ। ਉਨ੍ਹਾਂ ਭਰੋਸਾ ਦਿਵਾਇਆ ਕਿ ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਸਮਾਰੋਹ ਦੌਰਾਨ ਵੱਖ ਵੱਖ ਪਿੰਡਾਂ ਨੂੰ ਗ੍ਰਾਂਟਾਂ ਦੀ ਵੰਡ ਕੀਤੀ ਗਈ ਜਿਸ ਵਿੱਚ ਪਿੰਡ ਭਟੋਆ ਨੂੰ 12 ਲੱਖ ਤਲਾਬ ਅਤੇ ਗੰਦੇ ਨਾਲੇ ਦੀ ਉਸਾਰੀ ਲਈ , ਪਿੰਡ ਪਹਾੜੋਚੱਕ ਨੂੰ 4 ਲੱਖ ਰੁਪਏ ਗੰਦੇ ਨਾਲੇ ਦੀ ਉਸਾਰੀ ਲਈ, ਮੈਰਾਂਕਲ੍ਹਾ ਨੂੰ 5 ਲੱਖ ਰੁਪਏ ਡੂੰਘੇ ਬੋਰ ਲਈ, ਪਿੰਡ ਬਲੌਰ ਨੂੰ 8 ਲੱਖ ਰੁਪਏ ਗੰਦੇ ਨਾਲੇ ਦੀ ਉਸਾਰੀ ਲਈ, ਪਿੰਡ ਸ਼ਾਹੂਚੱਕ ਨੂੰ 5 ਲੱਖ ਰੁਪਏ ਗੰਦੇ ਨਾਲੇ ਦੀ ਨਿਕਾਸੀ ਲਈ, ਪਿੰਡ ਗੁਰੂ ਨਾਭਾ ਦਾਸ ਬਸਤੀ ਨੂੰ 5 ਲੱਖ ਰੁਪਏ ਡੂੰਘੇ ਬੋਰ ਲਈ, ਪਿੰਡ ਮਦਾਰਪੁਰ ਨੂੰ 7 ਲੱਖ ਰੁਪਏ ਛੱਪੜ ਅਤੇ ਕਮਿਊਨਿਟੀ ਹਾਲ ਦੀ ਉਸਾਰੀ ਲਈ, ਪਿੰਡ ਆਸਾ ਬਾਨੋ ਨੂੰ 5 ਲੱਖ ਰੁਪਏ ਡੂੰਘੇ ਬੋਰ ਲਈ, ਪਿੰਡ ਗੋਤਰਾ ਲਾਹੜੀ ਨੂੰ 10 ਲੱਖ ਰੁਪਏ ਡੂੰਘੇ ਬੋਰ ਲਈ ਪਾਈਪਾਂ ਪਾਉਣ ਵਾਸਤੇ, ਪਿੰਡ ਰਮਕਾਲਮਾ ਨੂੰ 11.40 ਲੱਖ ਰੁਪਏ ਪੀਣ ਵਾਲੇ ਪਾਣੀ ਅਤੇ ਕਮਿਊਨਿਟੀ ਹਾਲ ਦੀ ਉਸਾਰੀ ਲਈ, ਪਿੰਡ ਰਾਜਪੂਰਾ ਨੂੰ 2 ਲੱਖ ਰੁਪਏ ਸੋਲਰ ਪੰਪ ਲਈ, ਪਿੰਡ ਰਕਵਾਲ ਨੂੰ 5 ਲੱਖ ਰੁਪਏ ਗੰਦੇ ਨਾਲੇ ਦੀ ਨਿਕਾਸੀ ਲਈ, ਪਿੰਡ ਰਛਪਾਲਵਾਂ ਨੂੰ 3 ਲੱਖ ਗੰਦੇ ਪਾਣੀ ਦੀ ਨਿਕਾਸੀ ਲਈ, ਪਿੰਡ ਬਾਰਠ ਸਾਹਿਬ ਨੂੰ 3 ਲੱਖ ਗੰਦੇ ਨਾਲੇ ਦੀ ਨਿਕਾਸੀ ਲਈ, ਪਿੰਡ ਸਿਹੋੜਾਕਲ੍ਹਾ ਨੂੰ 8 ਲੱਖ ਰੁਪਏ ਗੰਦੇ ਨਾਲੇ ਦੀ ਨਿਕਾਸੀ ਲਈ, ਪਿੰਡ ਦਰਸੋਪੁਰ ਨੂੰ 7 ਲੱਖ ਰੁਪਏ ਗੰਦੇ ਨਾਲੇ ਦੀ ਉਸਾਰੀ ਲਈ, ਪਿੰਡ ਫਿਰੋਜ਼ਪੁਰ ਕਲਾਂ ਨੂੰ 5 ਲੱਖ ਰੁਪਏ ਛੱਪੜ ਦੀ ਉਸਾਰੀ ਲਈ, ਪਿੰਡ ਅੰਬੀ ਖੜਕੜਾ ਨੂੰ 3 ਲੱਖ ਰੁਪਏ ਗੰਦੇ ਨਾਲੇ ਲਈ, ਪਿੰਡ ਪਤਰਾਲਮਾ ਟਿੱਕਾ ਸਤੀਨ ਨੂੰ 3 ਲੱਖ ਰੁਪਏ ਡੂੰਘੇ ਬੋਰ ਲਈ, ਪਿੰਡ ਸਮਰਾਲਾ ਨੂੰ 7 ਲੱਖ ਰੁਪਏ ਛੱਪੜ ਅਤੇ ਗੰਦੇ ਨਾਲੇ ਲਈ, ਪਿੰਡ ਗੁਜਰਾਤ ਨੂੰ 4 ਲੱਖ ਰੁਪਏ ਡੂੰਘੇ ਬੋਰ ਲਈ, ਪਿੰਡ ਬਗਿਆਲ ਨੂੰ 3 ਲੱਖ ਰੁਪਏ ਗੰਦੇ ਨਾਲੇ ਲਈ, ਪਿੰਡ ਜਖਵੜ ਨੂੰ 3 ਲੱਖ ਗੰਦੇ ਨਾਲੇ ਲਈ, ਪਿੰਡ ਕੋਹਲੀਆਂ ਨੂੰ 17 ਲੱਖ ਰੁਪਏ ਕਮਿਊਨਿਟੀ ਹਾਲ ਲਈ, ਪਿੰਡ ਨੱਕੀ ਨੂੰ 7 ਲੱਖ ਰੁਪਏ ਕਮਿਊਨਟੀ ਹਾਲ ਲਈ, ਪਿੰਡ ਮਨਵਾਲ ਉਪਰਲਾ ਨੂੰ 4 ਲੱਖ ਰੁਪਏ ਕਮਿਊਨਿਟੀ ਹਾਲ ਲਈ, ਪਿੰਡ ਘੋਹ ਨੂੰ 7 ਲੱਖ ਰੁਪਏ ਕਮਿਊਨਿਟੀ ਹਾਲ ਲਈ, ਪਿੰਡ ਜਕਰੌਰ ਨੂੰ 7 ਲੱਖ ਰੁਪਏ ਖੇਡ ਮੈਦਾਨ ਲਈ, ਪਿੰਡ ਕਟਾਰੂਚੱਕ ਨੂੰ 7 ਲੱਖ ਰੁਪਏ ਕਮਿਊਨਿਟੀ ਹਾਲ ਲਈ ਅਤੇ 8.5 ਲੱਖ ਰੁਪਏ ਸਮਾਰਟ ਪਿੰਡ ਮੁਹਿੰਮ ਲਈ ਦਿੱਤੇ।

ਮਿੰਨੀ ਕਹਾਣੀਆਂ

# ਕਰਫ਼ਿਊ



• ਜਗਸੀਰ ਸਿੰਘ ਮੋਹਲ
94632-56909

ਘਰ ਪਿਛਲੇ ਕਈ ਦਿਨਾਂ ਤੋਂ ਚਲ ਰਿਹਾ ਮੁਰੰਮਤ ਦਾ ਕੰਮ ਅੱਜ ਖ਼ਤਮ ਹੋ ਚੱਲਿਆ ਸੀ। ਸ਼ਾਮ ਸਮੇਂ ਪ੍ਰਸ਼ਾਸਨ ਵੱਲੋਂ ਅਣਮਿੱਥੇ ਸਮੇਂ ਲਈ ਕਰਫ਼ਿਊ ਲੱਗ ਜਾਣ ਦੀ ਕੀਤੀ ਜਾ ਰਹੀ ਅਨਾਊਂਸਮੈਂਟ ਸੁਣਦਿਆਂ ਮੇਰੇ ਮੂੰਹੋਂ ਸਹਿਜ-ਸੁਭਾਅ ਕੁਝ ਸ਼ਬਦ ਨਿੱਕਲੇ, 'ਸ਼ੁਕਰ ਐ ਵਾਹਿਗੁਰੂ ਦਾ, ਆਪਣਾ ਮੁਰੰਮਤ ਵਾਲਾ ਕੰਮ ਤਾਂ ਅੱਜ ਨਿੱਬੜ ਗਿਆ'।

ਮੁੜ੍ਹਕੇ ਨਾਲ ਗੱਚ ਹੋਇਆ ਮਜ਼ਦੂਰ ਜੋ ਕੰਮ ਨਿਬੇੜ ਕੇ ਕਹੀ ਅਤੇ ਬੱਠਲ ਸਾਫ਼ ਕਰ ਰਿਹਾ ਸੀ, ਕਰਫ਼ਿਊ ਦੀ ਗੱਲ ਸੁਣਦਿਆਂ ਹੀ ਉਸ ਦਾ ਤ੍ਰਾਹ ਨਿਕਲ ਗਿਆ ਅਤੇ ਅਣਜਾਣੇ ਵਿਚ ਕਹੇ ਮੇਰੇ ਸ਼ਬਦਾਂ ਨੇ ਜਿਵੇਂ ਉਸ ਦੇ ਅੱਲੇ ਜ਼ਖ਼ਮ ਨੂੰ ਛੇੜ ਦਿੱਤਾ ਹੋਵੇ। ਉਹ ਬੋਲਿਆ, 'ਸਰਦਾਰ ਜੀ, ਤੁਸੀਂ ਤਾਂ ਸ਼ੁਕਰ ਮਨਾ ਰਹੇ ਹੋ ਕਿ ਕਰਫ਼ਿਊ ਤੋਂ ਪਹਿਲਾਂ ਸਾਡੇ ਘਰ ਦੀ ਮੁਰੰਮਤ ਦਾ ਕੰਮ ਨਿੱਬੜ ਗਿਐ ਪਰ ਸਾਨੂੰ ਗ਼ਰੀਬਾਂ ਨੂੰ ਤਾਂ ਇਸ ਕਰਫ਼ਿਊ ਨੇ ਨਵਾਂ ਹੀ ਫ਼ਿਕਰ ਖੜ੍ਹਾ ਕਰ ਦਿੱਤੈ, ਅਸੀਂ ਕੱਲ੍ਹ ਫੇਰ ਨਵਾਂ ਕੰਮ ਲੱਭਣਾ ਸੀ, ਹੁਣ ਅਸੀਂ ਕੀ ਕਰਾਂਗੇ? ਅਸੀਂ ਜੋ ਦਿਨੇ ਕਮਾਈਦੈ, ਓਸੇ ਨਾਲ ਹੀ ਆਥਣ ਨੂੰ ਟੱਬਰ ਦਾ ਢਿੱਡ ਭਰਦੈ।

ਜਿਸ ਦਿਨ ਦਿਹਾੜੀ ਨਾ ਲੱਗੇ ਓਦਣ ਟੱਬਰ ਦੀ ਰੋਟੀ ਦਾ ਝੋਰਾ ਖਾ ਲੈਂਦੈ। ਹੁਣ ਪਤਾ ਨਹੀਂ ਇਹ ਚੰਦਰਾ ਕਰਫ਼ਿਊ ਕਿੰਨੇ ਦਿਨ ਸਾਡੇ ਪਰਿਵਾਰਾਂ ਨੂੰ ਭੁੱਖੇ ਮਾਰੂਗਾ'। ਉਸ ਵਿਚਾਰੇ ਮਜ਼ਦੂਰ ਦੇ ਦੁਖੀ ਦਿਲ ਦੀਆਂ ਹੂਕਾਂ ਮੇਰੇ ਕੰਨਾਂ ਵਿਚ ਗੂੰਜਣ ਲੱਗੀਆਂ। ਮੈਂ ਅਜਿਹੇ ਅਨੇਕਾਂ ਪਰਿਵਾਰਾਂ ਦੀ ਤਰਸਯੋਗ ਆਰਥਿਕ ਹਾਲਤ ਬਾਰੇ ਸੋਚਦਿਆਂ ਸੁੰਨ ਹੋ ਗਿਆ ਕਿ ਉਸ ਨੇ ਮੇਰੀ ਸੋਚਾਂ ਦੀ ਲੜੀ ਤੋੜਦਿਆਂ ਕਿਹਾ, 'ਲਿਆਓ ਸਰਦਾਰ ਜੀ, ਦਿਓ ਦਿਹਾੜੀ, ਅੱਜ ਦੀ ਰੋਟੀ ਦਾ ਪ੍ਰਬੰਧ ਤਾਂ ਕਰੀਏ, ਕੱਲ੍ਹ ਦੀ ਕੱਲ੍ਹ ਦੇਖੀ ਜਾਊ'। •

# ਆਲ੍ਹਣਾ

ਲੰਮੇ ਅਰਸੇ ਪਿੱਛੋਂ ਵਿਦੇਸ਼ੋਂ ਮੁੜੇ ਬਲਕਾਰ ਸਿੰਘ ਨੇ ਪਿੰਡ ਆਉਂਦਿਆਂ ਹੀ ਆਪਣੇ ਪੁਰਾਣੇ ਘਰ ਨੂੰ ਢਾਹ ਕੇ ਨਵੇਂ ਜ਼ਮਾਨੇ ਦੀ ਕੋਠੀ ਬਣਾਉਣੀ ਸ਼ੁਰੂ ਕਰ ਦਿੱਤੀ। ਬਲਕਾਰ ਸਿੰਘ ਦੀ ਬੁੱਢੀ ਮਾਂ ਦਲੀਪ ਕੌਰ ਜੋ ਕਿ ਦਹਾਕਿਆਂ ਤੋਂ ਇਸ ਪੁਰਾਣੇ ਘਰ 'ਚ ਰਹਿ ਰਹੀ ਸੀ ਨੂੰ ਆਪਣੇ ਘਰ ਦੇ ਢਹਿਣ ਦਾ ਦੁੱਖ ਜ਼ਰੂਰ ਹੋਇਆ।

ਭਾਵੇਂ ਕਿ ਉਸ ਪੁਰਾਣੇ ਘਰ ਦੀ ਜਗ੍ਹਾ ਹੁਣ ਅੰਗਰੇਜ਼ੀ ਨਾਵਾਂ ਵਾਲੇ ਵੱਖ-ਵੱਖ ਕਮਰਿਆਂ ਦੀ ਕੋਠੀ ਉਸਰ ਗਈ ਸੀ ਪਰ ਦਲੀਪ ਕੌਰ ਨੂੰ ਇਸ ਦੇ ਅੰਦਰ ਪੁਰਾਣੇ ਘਰ ਵਰਗਾ ਸਕੂਨ ਨਹੀਂ ਸੀ ਮਿਲ ਰਿਹਾ। ਕੋਠੀ ਦੇ ਬੰਦ ਸ਼ੀਸ਼ਿਆਂ ਵਾਲੇ ਕਮਰੇ ਅੰਦਰ ਬੈਠੀ ਦਲੀਪ ਕੌਰ ਦੀ ਨਜ਼ਰ ਬਾਹਰਵਾਰ ਏਧਰ-ਓਧਰ ਉੱਡ ਰਹੀ ਇਕ ਚਿੜੀ 'ਤੇ ਪਈ ਜੋ ਕਈ ਸਾਲਾਂ ਤੋਂ ਉਸ ਦੇ ਘਰ ਦੀ ਸਬਾਤ 'ਚ ਆਲ੍ਹਣਾ ਬਣਾ ਕੇ ਰਹਿ ਰਹੀ ਸੀ।

ਕੋਠੀ ਬਣਨ ਕਾਰਨ ਹੁਣ ਸਬਾਤ ਵੀ ਢਹਿ ਗਈ ਸੀ ਅਤੇ ਚਿੜੀ ਦਾ ਆਲ੍ਹਣਾ ਵੀ। ਚਿੜੀ ਹੁਣ ਸ਼ੀਸ਼ਿਆਂ ਵਾਲੀ ਕੋਠੀ ਦੇ ਅੰਦਰ ਨਹੀਂ ਆ ਸਕਦੀ ਸੀ ਅਤੇ ਉਹ ਆਪਣੇ ਆਪ ਨੂੰ ਉਜੜੀ ਮਹਿਸੂਸ ਕਰ ਰਹੀ ਸੀ। ਦਲੀਪ ਕੌਰ ਨੂੰ ਹੁਣ ਆਪਣੇ ਪੁੱਤਰ ਦੀ ਕੋਠੀ ਬਣਨ ਦੀ ਖ਼ੁਸ਼ੀ ਨਾਲੋਂ ਆਪਣੇ ਤੇ ਉਸ ਚਿੜੀ ਦੇ ਘਰ ਉਜੜਨ ਦਾ ਦੁੱਖ ਜ਼ਿਆਦਾ ਸੀ।

• ਇੰਦਰਜੀਤ ਸਿੰਘ ਬਾਜਵਾ
98155-77574

## ਗ਼ਜ਼ਲਾਂ

ਸੁਪਨੇ ਵਿਚ ਕੱਲ੍ਹ ਰਾਤੀਂ ਮੈਨੂੰ
ਸੋਨੇ ਦੇ ਕੁਝ ਮੇਜ਼ ਮਿਲੇ।
ਵੇਖੇ ਖੋਲ੍ਹ ਦਰਾਜ ਤਾਂ ਵਿੱਚੋਂ
ਨਕਲੀ ਦਸਤਾਵੇਜ਼ ਮਿਲੇ।

ਸਿਰ 'ਤੇ ਕਰਜ਼ਾ ਭਾਰੀ ਉੱਪਰੋਂ ਸ਼ਹਿ
ਸਰਕਾਰੀ ਨਸ਼ਿਆਂ ਨੂੰ,
ਖ਼ੁਦਕਸ਼ੀਆਂ ਦੀ ਫ਼ਸਲ ਨੂੰ ਇੱਥੇ
ਧਰਤ ਬੜੀ ਜ਼ਰਖ਼ੇਜ਼ ਮਿਲੇ।

ਰੱਬ ਜਾਣੇ ਭਗਵਾਨ ਤੇ ਅੱਲਾ ਦਾ
ਹੁਣ ਹਾਲ ਕੀ ਹੋਵੇਗਾ,
ਮੰਦਿਰ ਤੇ ਮਸਜਿਦ ਦੋਹਾਂ 'ਚੋਂ
ਮਾਰੂ ਸ਼ਸਤਰ ਤੇਜ਼ ਮਿਲੇ।

ਕਹਿੰਦੇ ਸੀ ਉਹ ਤੇਰਾ ਘਰ ਹੈ
ਜਦ ਮਰਜ਼ੀ ਤੂੰ ਆ ਜਾਵੀਂ,
ਇਕ ਦਿਨ ਮਿਲਣ ਗਿਆ ਤਾਂ ਮਿਲਣੋਂ
ਕਰਦੇ ਸਖ਼ਤ ਗੁਰੇਜ਼ ਮਿਲੇ।

ਮੈਅਖ਼ਾਨੇ ਵਿਚ ਪੀਣ ਗਏ ਤਾਂ
ਪੈਂਦਾ ਸੀ ਖਾਣ ਨੂੰ ਸਾਕੀ,
ਪੀਣ ਤੋਂ ਜਦ ਤੌਬਾ ਕੀਤੀ ਤਾਂ ਪੈਮਾਨੇ
ਲਬਰੇਜ਼ ਮਿਲੇ।

ਹੁਣ ਪੜ੍ਹੀਏ ਕੀ ਅਖ਼ਬਾਰਾਂ ਨੂੰ
ਖ਼ਬਰਾਂ ਨੇ ਬਸ ਰੇਪ ਦੀਆਂ,
ਕਿਹੜਾ ਟੀਵੀ ਚੈਨਲ ਲਾਈਏ,
ਹਰਿਕ ਤੇ ਨੰਗੇਜ਼ ਮਿਲੇ।

ਬੇਸ਼ੱਕ ਠੀਕ ਜਵਾਬ ਸੀ ਮੇਰੇ
ਪਿਆਰ ਦੇ ਕਠਿਨ ਸਵਾਲਾਂ ਦੇ,
'ਅਮਰ' ਨਤੀਜੇ ਸਾਰੇ ਮੈਨੂੰ ਪਰ
ਹੈਰਤ ਅੰਗੇਜ਼ ਮਿਲੇ।



ਅਮਰਦੀਪ ਸੰਧਾਵਾਲੀਆ

ਲਹਿਰ ਉੱਠ ਰਹੀ ਹੈ, ਹਵਾਵਾਂ ਨੂੰ ਕਹਿ ਦੋ,
ਮੇਰੇ ਮੁਲਕ ਦੇ ਨਾ-ਖ਼ੁਦਾਵਾਂ ਨੂੰ ਕਹਿ ਦੋ।

ਮਸਲੇ ਗਏ ਫ਼ੁੱਲ, ਸਤਾਈਆਂ ਜੋ ਕਲੀਆਂ,
ਬਚੇਗਾ ਨਾ ਮਾਲੀ ਫ਼ਿਜ਼ਾਵਾਂ ਨੂੰ ਕਹਿ ਦੋ।

ਸੋਚਾਂ 'ਤੇ ਰੋਕਾਂ ਕੋਈ ਲਾ ਨਹੀਂ ਸਕਦਾ,
ਇਹ ਮੁਨਸਿਫ਼ ਨੂੰ ਕਹਿਦੋ ਸਜ਼ਾਵਾਂ ਨੂੰ ਕਹਿਦੋ।

ਬੜਾ ਸ਼ੂਕਦਾ ਹੈ ਸਮੁੰਦਰ ਜ਼ੜਾ ਦਾ,
ਸੰਭਾਲੋ ਇਹ ਕਿਸ਼ਤੀ ਵਫ਼ਾਵਾਂ ਨੂੰ ਕਹਿ ਦੋ।

ਨਾ ਫ਼ੁੱਲ ਹੈ ਨਾ ਤਿਤਲੀ, ਨਾ ਰੰਗ ਹੈ ਨਾ ਖ਼ੁਸ਼ਬੂ,
ਬਦਲਣਗੇ ਮੌਸਮ ਖ਼ਿਜ਼ਾਵਾਂ ਨੂੰ ਕਹਿ ਦੋ।



ਤੇਜਵਿੰਦਰ
95010-22547

ਭਟਕਣ ਵਾਲੇ ਰਾਹੀਂ ਪੈਰ ਟਿਕਾਇਓ ਨਾ।
ਚੋਗਾ ਪਾਉਣ ਸ਼ਿਕਾਰੀ ਕੁੜੀਓ ਖਾਇਓ ਨਾ।

ਜਿਹੜਾ ਘੋਰ ਸਜ਼ਾਵਾਂ ਵਰਗਾ ਬਣ ਜਾਵੇ,
ਐਸਾ ਮੁੱਖੜਾ, ਗੀਤ ਕਿਸੇ ਦਾ ਗਾਇਓ ਨਾ।

ਮੈਲ਼ੀਆਂ ਨਜ਼ਰਾਂ ਰੱਖਣ ਜੋ, ਬਹਿਰੂਪੀਏ ਨੇ,
ਲਾਲਚ ਲੱਖਾਂ ਦੇਵਣ ਹੱਥ ਵਧਾਇਓ ਨਾ।

ਜਿੱਥੋਂ ਮੁਸ਼ਕਿਲ ਹੋਵੇ ਮੁੜਨਾ ਸ਼ਾਮ ਢਲੇ,
ਐਸੇ ਸ਼ਹਿਰ ਗਰਾਈਂ ਫੇਰਾ ਪਾਇਓ ਨਾ।

ਮਾਪੇ ਆਪਣਾ ਪਲ-ਪਲ ਵਾਰਨ ਥੋੜ੍ਹੇ ਤੋਂ,
ਉਹਨਾਂ ਦੀ ਕੁਰਬਾਨੀ ਰੇਤ ਰਲਾਇਓ ਨਾ।

ਹਾਸਿਲ ਹੋਣ ਮੁਕਾਮ, ਤਰੱਦਦ ਦੇ ਸਦਕਾ,
ਗੱਲ ਨਸੀਹਤ ਵਾਲੀ ਦਿਲੋਂ ਭੁਲਾਇਓ ਨਾ।



ਰਾਜਵਿੰਦਰ ਕੌਰ 'ਜਟਾਣਾ'

ਰੰਗ ਬਰੰਗੇ ਫੁੱਲਾਂ ਕਾਰਨ ਬਾਗ਼ 'ਚ ਖ਼ੁਸ਼ਬੂ ਮਹਿਕਾਂ ਨੱਚਣ।
ਕੁਝ ਫੁੱਲ, ਝੂਠੇ ਮਾਣ ਗੜੁੱਚੇ ਇਸ ਨੂੰ ਆਪਣੀ ਮਹਿਮਾ ਦੱਸਣ।

ਵੇਲਾ ਸੀ ਉਸ ਜ਼ਖ਼ਮੀ ਕਰਤੇ, ਝਾੜੇ ਪਰ ਪਰਿੰਦਿਆਂ ਦੇ,
ਝੜਦਿਆਂ ਹੀ ਉਹ ਬਣੇ 'ਸੁਦਰਸ਼ਨ' ਪਹੁੰਚ ਰਹੇ ਉਸ ਦਾ ਸਿਰ ਕੱਟਣ।

ਜਿਸ ਵਿਹੜੇ ਦੀ ਮਿੱਟੀ ਪਿੰਡੇ, ਜਿੱਥੇ ਖਾਧੇ ਥੱਪੜ ਡੰਡੇ,
ਅਜੇ ਵੀ ਮੈਨੂੰ 'ਬਾਲ' ਸਮਝਕੇ , ਆ ਜਾਂਦਾ ਮੇਰੇ ਪੁਰਜੇ ਗੱਸਣ।

ਮਾਨਵਤਾ ਤੇ ਜ਼ੁਲਮ ਕਰੇ ਜੋ, ਗੁਰਧਾਮਾਂ ਨੂੰ ਤਹਿਸ-ਨਹਿਸ ਜੋ,
ਇਹ ਕਰਤੂਤਾਂ ਹੋਰ ਨਹੀ ਕੁਝ, ਬਰਬਾਦੀ ਦੇ ਪੱਕੇ ਲੱਛਣ।

ਸੱਪ ਬਹਿੰਦੇ ਮੱਲ ਖ਼ਜ਼ਾਨੇ, ਸਿਰ ਦੀ ਜ਼ਹਿਰ ਦਾ ਕਹਿਰ ਦਿਖਾਵਣ,
ਪਰ ਪਰਜਾ ਦਾ ਖ਼ੂਨ-ਪਸੀਨਾ, ਆਇਆ ਸਮਝੋ ਸਿਰੀਆਂ ਨੱਪਣ।

ਆਪਣਿਆ ਨੂੰ ਸੱਦੇ ਘੱਲਿਐ, ਜਦ ਰੱਬ ਮੈਨੂੰ ਲਾਸ਼ ਬਣਾਇਆ,
ਬਹੁਤਿਆਂ ਆਪਣੇ ਆਪ ਆ ਜਾਣਾ, ਵੇਖ ਮਰੇ ਨੂੰ ਖਿੜ੍ਹ ਖਿੜ੍ਹ ਹੱਸਣ।

ਸੱਚੇ-ਮੱਲ ਕਦੇ ਨਾ ਹਾਰਦੇ, ਦੁੱਧ ਦਹੀ ਘਿਉ ਖਾਂਦੇ ਮੱਖਣ,
'ਫੇਰੂਮਾਨਾ' ਉਸਤਾਦਾਂ ਦੀ, ਵਿਚ ਆਖਾੜੇ ਲੱਜ-ਪੱਤ ਰੱਖਣ।



• ਡਾ. ਭੁਪਿੰਦਰ ਸਿੰਘ ਫੇਰੂਮਾਨ, 95309-58070

# ਸ਼ਬਦਾਂ ਦੀ ਦਰਗਾਹ 'ਚ ਸੁਰਜੀਤ ਪਾਤਰ



ਵੀਨਾ ਭਾਟੀਆ
09013510023

ਪਾਸ਼ ਤੇ ਸੁਰਜੀਤ ਪਾਤਰ ਸੰਨ 1970 ਦੇ ਬਾਅਦ ਦੀ ਪੰਜਾਬੀ ਕਵਿਤਾ ਦੇ ਦੋ ਪ੍ਰਮੁੱਖ ਸਿਰਜਕ ਹਨ। ਇਨ੍ਹਾਂ ਦੋਹਾਂ ਕਵੀਆਂ ਨੇ ਪੰਜਾਬੀ ਕਵਿਤਾ ਵਿਚ ਆਪਣੀ ਵਿਸ਼ੇਸ਼ ਤੇ ਮੌਲਿਕ ਪਛਾਣ ਬਣਾਈ। ਪਾਤਰ ਦੀਆਂ ਕਵਿਤਾਵਾਂ ਵਿੱਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਉਹ ਇਕ ਵਿਆਪਕ ਸੰਵੇਦਨਾ ਦੇ ਕਵੀ ਹਨ। ਕਿਹਾ ਜਾਂਦਾ ਹੈ ਕਿ ਪਾਸ਼ ਤੇ ਪਾਤਰ ਤੋਂ ਬਿਨਾਂ ਭਾਰਤੀ ਕਵਿਤਾ ਦੇ ਆਧੁਨਿਕ ਉਲੇਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪਾਸ਼ ਅਤੇ ਪਾਤਰ ਇਕ ਹੀ ਦੌਰ ਦੇ ਕਵੀ ਹਨ ਪਰ ਪਾਸ਼ ਦੀ ਕਵਿਤਾ ਵਿਚ ਮਾਰਕਸਵਾਦੀ ਪ੍ਰਭਾਵ ਅਤੇ ਨਕਸਲਵਾਦੀ ਅੰਦੋਲਨ ਚੋਂ ਉਭਰੀ ਨਵੀਂ ਸੰਵੇਦਨਾ ਸਾਫ਼ ਦਿਖਾਈ ਦਿੰਦੀ ਹੈ। ਪਾਤਰ ਵੀ ਸਮਾਜਿਕ ਸਰੋਕਾਰਾਂ ਦੇ ਕਵੀ ਹਨ ਪਰ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਰਾਜਨੀਤਕ ਪਹਿਲੂ ਉਸ ਰੂਪ ਵਿਚ ਸਾਹਮਣੇ ਨਹੀਂ ਆਉਂਦਾ, ਜਿਵੇਂ ਉਸ ਦੌਰ ਦੇ ਹੋਰ ਕਵੀਆਂ ਵਿਚ। ਆਪਣੀ ਇਕ ਮੁਲਾਕਾਤ ਵਿਚ ਪਾਤਰ ਨੇ ਕਿਹਾ ਹੈ, "ਮਾਰਕਸਵਾਦ ਅਤੇ ਨਕਸਲਵਾਦ ਦੇ ਰਾਜਨੀਤਕ ਪੱਖ ਸਬੰਧੀ ਮੇਰੀਆਂ ਕਵਿਤਾਵਾਂ ਵਿਚ ਸਿੱਧਾ ਕੋਈ ਨਾਅਰਾ ਸ਼ਾਇਦ ਨਾ ਮਿਲੇ, ਪਰ ਇਹ ਵੀ ਸੱਚ ਹੈ ਕਿ ਇਸ ਵਿਚਾਰ ਦੇ ਮਨੁੱਖੀ ਪੱਖ, ਨੌਜਵਾਨਾਂ ਦੀ ਤਿਆਗ ਦੀ ਭਾਵਨਾ, ਵਿਚਾਰਾਂ ਦੇ ਆਧਾਰ 'ਤੇ ਮਰ-ਮਿਟਣ ਦਾ ਜਜ਼ਬਾ ਤੇ ਡੂੰਘੇ ਅਤੇ ਨਿੱਘੇ ਮਨੁੱਖੀ ਰਿਸ਼ਤਿਆਂ ਨੇ ਮੈਨੂੰ ਅੰਦਰ ਤਕ ਪ੍ਰਭਾਵਿਤ ਕੀਤਾ ਹੈ।" ਇੱਥੇ ਇਕ ਖ਼ਾਸ ਗੱਲ ਦੱਸਣੀ ਵੀ ਗੁਣਕਾਰੀ ਰਹੇਗੀ ਕਿ ਸਾਡੇ ਇਹ ਦੋਨੋਂ ਚਰਚਿਤ ਕਵੀਆਂ ਦਾ ਆਧਾਰਤ ਇਲਾਕਾ ਜ਼ਿਲ੍ਹਾ ਕਪੂਰਥਲਾ ਹੀ ਪੈਂਦਾ ਹੈ। ਪਾਤਰ ਜੇ ਕਪੂਰਥਲਾ ਤੋਂ ਪਾਰ ਕਰਤਾਰਪੁਰ ਵੱਲ ਵਸਦੇ ਪਿੰਡ ਪੱਤੜ ਵਿਚ ਪੈਂਦਾ ਹੈ ਤਾਂ ਪਾਸ਼ ਕਪੂਰਥਲਾ ਤੋਂ ਨਕੋਦਰ ਨੂੰ ਆਉਂਦੀ ਸੜਕ 'ਤੇ ਵਸਦੇ ਪਿੰਡ ਤਲਵੰਡੀ ਸਲੇਮ ਵਿਚ।

ਪਾਤਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀ ਸਨ, ਜਿਹੜੀ ਨਕਸਲੀ ਸਰਗਰਮੀਆਂ ਦਾ ਕੇਂਦਰ ਸੀ ਅਤੇ ਉੱਥੇ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਉਨ੍ਹਾਂ ਦੇ ਕਈ ਹਮਜਮਾਤੀ ਅਤੇ ਮਿੱਤਰ ਸਰਗਰਮ ਸਨ। ਇਉਂ ਹੁੰਦਿਆਂ ਇਹ ਸੰਭਵ ਨਹੀਂ ਸੀ ਕਿ ਇਸ ਵਿਚਾਰਧਾਰਾ ਦੇ ਪ੍ਰਭਾਵ ਤੋਂ ਬਚ ਕੇ ਉਹ ਦੂਰ ਹੋ ਕੇ ਗੁਜ਼ਰਦੇ। ਪਰ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਪਾਸ਼ ਵਾਂਗ ਰਾਜਨੀਤਕ ਸੁਰ ਬਹੁਤ ਖੁੱਲ੍ਹਾ ਨਹੀਂ ਹੈ। ਮਾਰਕਸਵਾਦ ਦੇ ਰਾਜਨੀਤਕ ਦਰਸ਼ਨ ਦਾ ਪ੍ਰਭਾਵ ਉਨ੍ਹਾਂ ਦੇ ਸੁੰਦਰਤਾ ਬੋਧ ਵਿਚ ਘੁਲ-ਮਿਲ ਗਿਆ ਜਿਹੜਾ ਉਨ੍ਹਾਂ ਦੀ ਕਵਿਤਾ ਨੂੰ ਇਕ ਡੂੰਘੀ ਮਾਨਵੀ ਦ੍ਰਿਸ਼ਟੀ ਨਾਲ ਭਰਪੂਰ ਕਰਦਾ ਹੈ। ਪਾਤਰ ਦੀ ਕਵਿਤਾ ਵਿਚ ਦੁੱਖ-ਦਰਦ ਤਾਂ ਹੈ, ਪਰ ਉਸ ਵਿੱਚੋਂ ਉੱਪਰ ਉੱਠਣ ਦੀ ਤਾਕਤ ਵੀ ਉੱਥੋਂ ਹੀ ਮਿਲਦੀ ਹੈ।

ਪਾਤਰ ਦੀਆਂ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਵਿਚ ਜ਼ਿੰਦਗੀ ਦੀ ਬਹੁਤ ਹੀ ਨੇੜਲੀ ਰੂਪਮਾਨ ਕੀਤੀ ਛੋਹ ਮਿਲਦੀ ਹੈ, ਜਿਹੜੀ ਪਾਠਕ ਨੂੰ ਇਕ ਅਜਿਹੇ ਸੰਸਾਰ ਵਿਚ ਲੈ ਜਾਂਦੀ ਹੈ, ਜਿੱਥੇ ਉਹਨੂੰ ਆਪਣੇ ਦੁੱਖਾਂ 'ਚੋਂ ਉੱਪਰ ਉੱਠਣ ਦੇ ਲਈ ਹੌਸਲਾ ਅਤੇ ਤਾਕਤ ਮਿਲਦੀ ਹੈ। ਮਹਿਜ਼ ਇਕ ਸਰਾਪ ਦੀ ਅਭਿਵਿਅਕਤੀ ਤੋਂ ਵੱਖਰੀ ਪਾਤਰ ਦੀ ਕਵਿਤਾ ਪਾਠਕ ਨੂੰ ਹਨੇਰ ਭਰੀ ਦੁਨੀਆ ਵਿਚ ਇਕ ਹੌਸਲਾ ਦਿੰਦੀ ਹੈ, ਉਹ ਕਵਿਤਾ ਦੇ ਵਜੂਦ ਨੂੰ ਮਹਿਸੂਸ ਕਰ ਸਕਦਾ ਹੈ। ਕਵਿਤਾ ਉਲਝੇ, ਉਦਾਸ ਮਨ ਨੂੰ ਇਸ ਤਰ੍ਹਾਂ ਸੰਭਾਲ ਲੈਂਦੀ ਹੈ ਜਿਵੇਂ ਮਿੱਟੀ ਬੂਟੇ ਦੀ ਜੜ੍ਹ ਨੂੰ। ਬਿਨਾਂ ਕਿਸੇ ਰੌਲੇ-ਰੱਪੇ ਦੇ ਪਾਤਰ ਦੀ ਕਵਿਤਾ ਕਮਜ਼ੋਰ ਮਨ ਨੂੰ ਸਹਾਰਾ ਦਿੰਦੀ ਹੈ। ਇਸ ਵਿਸ਼ੇਸ਼ਤਾ ਸਬੰਧੀ ਪਾਤਰ ਖ਼ੁਦ ਕਹਿੰਦੇ ਹਨ ਕਿ ਉਹ ਜਿਸ ਮਾਹੌਲ 'ਚ ਪਲੇ ਤੇ ਵੱਡੇ ਹੋਏ ਉਸ ਦੀ ਹਵਾ ਵਿਚ ਹੀ ਗੁਰਬਾਣੀ ਰਚੀ ਤੇ ਫੈਲੀ ਹੋਈ ਸੀ। ਗੁਰਬਾਣੀ ਦੀ ਇਹ ਅਮਰਿਤ ਧਾਰਾ ਪਾਤਰ ਦੀਆਂ ਕਵਿਤਾਵਾਂ ਵਿਚ ਵੀ ਰਚੀ ਹੋਈ ਨਜ਼ਰ ਆਉਂਦੀ ਹੈ। ਪਾਤਰ ਕਹਿੰਦੇ ਹਨ, "ਜਦੋਂ ਮੈਂ ਦੁਖੀ ਹੁੰਦਾ ਹਾਂ ਤਾਂ ਸ਼ਬਦਾਂ ਦੀ ਦਰਗਾਹ ਵਿਚ ਚਲਾ ਜਾਂਦਾ ਹਾਂ। ਉੱਥੇ ਮੇਰਾ ਦੁੱਖ ਸ਼ਕਤੀ ਅਤੇ ਗਿਆਨ ਵਿਚ ਬਦਲ ਜਾਂਦਾ ਹੈ।"

ਪਾਤਰ ਦੀਆਂ ਕਵਿਤਾਵਾਂ ਦਾ ਸਫ਼ਰ ਕਰਦੇ ਸਮੇਂ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਪਾਤਰ ਦੇ ਲਈ ਰਚਨਾ ਕਰਨੀ ਇਕ ਇਬਾਦਤ ਵਾਂਗ ਹੈ ਜਿਹੜੀ ਮਨੁੱਖਤਾ ਦੀ ਸਾਂਝੀ ਆਵਾਜ਼ ਬਣ ਜਾਂਦੀ ਹੈ। ਪਾਤਰ ਦੀਆਂ ਕਵਿਤਾਵਾਂ ਵਿਚ ਭਗਤੀ ਅਤੇ ਸੂਫ਼ੀ ਮਤ ਦਾ ਨੇੜੇ ਦਾ ਪ੍ਰਭਾਵ ਮਿਲਦਾ ਹੈ। ਪਾਤਰ ਆਪ ਵੀ ਮੰਨਦੇ ਹਨ ਕਿ ਆਰੰਭ ਵਿਚ ਮੇਰੇ ਮਨ ਉੱਪਰ ਬਾਵਾ ਬਲਵੰਤ ਦਾ ਬਹੁਤ ਪ੍ਰਭਾਵ ਸੀ। ਉਹ ਗਾਲਿਬ ਅਤੇ ਇਕਬਾਲ ਦੀ ਸ਼ਾਇਰੀ ਤੋਂ ਵੀ ਖ਼ੁਦ ਨੂੰ ਪ੍ਰੇਰਿਤ ਕਹਿੰਦੇ ਹਨ। ਪੰਜਾਬੀ ਸਾਹਿਤਕਾਰਾਂ 'ਚੋਂ ਬਾਵਾ, ਹਰਭਜਨ, ਮੋਹਨ ਸਿੰਘ ਦੇ ਨਾਲ ਸ਼ਿਵ ਕੁਮਾਰ ਬਟਾਲਵੀ ਦੇ ਪ੍ਰਭਾਵ ਨੂੰ ਵੀ ਮੰਨਦੇ ਹਨ। ਉਸ ਦੌਰ ਦੇ ਹੋਰ ਪ੍ਰਮੁੱਖ ਕਵੀਆਂ ਦੇ ਵਾਂਗ ਪਾਤਰ ਖ਼ੁਦ ਨੂੰ ਕਿਸੇ ਰਾਜਨੀਤਕ ਵਾਦ ਨਾਲ ਬੱਝਿਆ ਨਹੀਂ ਦੇਖਦੇ। ਉਹ ਕਹਿੰਦੇ ਹਨ, "ਮੇਰੇ ਵਿਚ ਨਹਿਰੂ ਵੀ ਬੋਲਦਾ, ਮਾਓ ਵੀ, ਕ੍ਰਿਸ਼ਨ ਵੀ, ਕਾਮੂ ਵੀ, ਵਾਇਸ ਆਫ ਅਮੈਰਿਕਾ ਵੀ ਬੋਲਦਾ ਹੈ, ਬੀਬੀਸੀ ਵੀ, ਮੇਰੇ 'ਚੋਂ ਬਹੁਤ ਕੁਝ ਬੋਲਦਾ ਹੈ, ਨਹੀਂ ਬੋਲਦਾ ਹੈ ਤਾਂ ਸਿਰਫ਼ ਮੈਂ ਹੀ ਨਹੀਂ ਬੋਲਦਾ"। ਕਵੀ ਦੀ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਉਨ੍ਹਾਂ ਦੇ ਲਈ ਰਾਜਨੀਤਕ ਵਿਚਾਰਧਾਰਾ ਉਹ ਅਰਥ ਨਹੀਂ ਰੱਖਦੀ, ਜਿਵੇਂ ਕਿ ਮਾਨਵਤਾਵਾਦ ਜੋ ਇਤਿਹਾਸ ਦੇ ਆਰੰਭ ਦੇ ਨਾਲ ਹੀ ਮਨੁੱਖ ਦਾ ਆਦਰਸ਼ ਬਣਿਆ

*ਸੁਰਜੀਤ ਪਾਤਰ ਦੀਆਂ ਕਵਿਤਾਵਾਂ/ਗ਼ਜ਼ਲਾਂ 'ਚੋਂ ਜ਼ਿੰਦਗੀ ਦੀ ਛੋਹ ਮਿਲਦੀ ਹੈ, ਜਿਹੜੀ ਪਾਠਕ ਨੂੰ ਅਜਿਹੇ ਸੰਸਾਰ ਵਿਚ ਲੈ ਜਾਂਦੀ ਹੈ, ਜਿੱਥੇ ਜਾ ਕੇ ਇਹ ਛੋਹ ਉਸ ਨੂੰ ਆਪਣੇ ਦੁੱਖਾਂ 'ਚੋਂ ਬਾਹਰ ਨਿਕਲਣ ਲਈ ਹੌਸਲਾ ਤੇ ਤਾਕਤ ਦਿੰਦੀ ਹੈ...*



ਹੋਇਆ ਹੈ। ਪਰ ਅਜਿਹੀ ਗੱਲ ਵੀ ਨਹੀਂ ਕਿ ਪਾਤਰ ਆਪਣੇ ਦੌਰ ਦੀ ਰਾਜਨੀਤੀ ਤੋਂ ਅਭਿਜ ਰਹਿੰਦੇ ਹਨ। ਐਮਰਜੈਂਸੀ ਅਤੇ ਪੰਜਾਬ ਦੇ ਅਤਿਵਾਦੀ ਦੌਰ ਤੋਂ ਦੇਸ਼ ਦਾ ਸ਼ਾਇਦ ਹੀ ਕੋਈ ਲੇਖਕ ਵੱਖਰਾ ਹੋ ਕੇ ਚਲਿਆ ਹੋਵੇ। ਪਾਤਰ ਨੇ ਐਮਰਜੈਂਸੀ ਅਤੇ ਅਤਿਵਾਦ ਨੂੰ ਲੋਕਤੰਤਰਿਕ ਸਮਾਜ ਉੱਪਰ ਇਕ ਧੱਬਾ ਕਿਹਾ ਸੀ। ਉਨ੍ਹਾਂ ਨੇ ਐਮਰਜੈਂਸੀ 'ਤੇ ਲਿਖਿਆ ਸੀ।

*ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,*
*ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।*
*ਗੀਤ ਦੀ ਮੌਤ ਇਸ ਰਾਤ ਜੇ ਹੋ ਗਈ,*
*ਮੇਰੇ ਜੀਣਾ ਮੇਰੇ ਯਾਰ ਕਿੰਝ ਸਹਿਣਗੇ।*

*ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ*
*ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ*
*ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ*
*ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।*

ਪਾਤਰ ਦੀਆਂ ਕਈ ਕਵਿਤਾਵਾਂ ਵਿਚ ਸਮਾਜਿਕ ਟੁੱਟ-ਭੱਜ ਉੱਪਰ, ਸ਼ੋਸ਼ਣ ਦੇ ਤੰਤਰ ਉੱਤੇ ਅਤੇ ਬਾਜ਼ਾਰਵਾਦ ਉੱਪਰ ਤਿੱਖੇ ਸੁਰ ਸਾਹਮਣੇ ਆਉਂਦੇ ਹਨ। ਪਾਤਰ ਆਰਥਿਕ-ਸਮਾਜਿਕ ਬਰਾਬਰੀ ਦੇ ਪੱਖ ਵਿਚ ਹਨ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਕਵਿਤਾ ਵਿਚ ਰਾਜਨੀਤਕ ਬਿਆਨ-ਬਾਜ਼ੀ ਠੀਕ ਨਹੀਂ ਹੈ, ਨਾ ਹੀ ਕਵਿਤਾ ਦੇ ਰਾਹੀਂ ਉਪਦੇਸ਼ ਦਿੱਤਾ ਜਾਣਾ ਚਾਹੀਦਾ ਹੈ। ਪਾਤਰ ਹੋਰਾਂ ਦਾ ਮੰਨਣਾ ਹੈ ਕਿ ਲੇਖਕਾਂ-ਕਵੀਆਂ ਨੂੰ ਆਪਣੀ ਪਰੰਪਰਾ ਨਾਲ ਜੁੜ ਕੇ ਰਹਿਣਾ ਚਾਹੀਦਾ। ਉਹ ਕਹਿੰਦੇ ਹਨ ਕਿ ਜਿਵੇਂ ਅੱਜ ਦੇ ਕਵੀ ਨੂੰ ਬਰੈਖ਼ਤ ਦੇ ਬਾਰੇ ਪਤਾ ਹੈ ਤਾਂ ਉਹਨੂੰ ਬੁੱਲ੍ਹੇਸ਼ਾਹ ਅਤੇ ਵਾਰਿਸਸ਼ਾਹ ਦੇ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ। ਪਾਤਰ ਖ਼ੁਦ ਨੂੰ ਬਰੈਖ਼ਤ ਅਤੇ ਲੋਰਕਾ ਤੋਂ ਬਹੁਤ ਪ੍ਰਭਾਵਿਤ ਕਹਿੰਦੇ ਹਨ ਪਰ ਉਨ੍ਹਾਂ ਦੀ ਕਵਿਤਾ ਵਿਚ ਜੋ ਲੋਕ ਤੱਤ ਹੈ, ਉਹ ਆਪਣੀ ਮਿੱਟੀ ਅਤੇ ਲੋਕ ਪਰੰਪਰਾ ਨਾਲ ਡੂੰਘੀ ਜੁੜੀ ਹੋਈ ਦਿਖਾਉਂਦਾ ਹੈ।

1944 ਵਿਚ ਜਨਮੇ ਕਵੀ ਪਾਤਰ ਦਾ ਪਹਿਲਾ ਕਾਵਿ ਸੰਗ੍ਰਹਿ 1978 ਵਿਚ 'ਹਵਾ ਵਿਚ ਲਿਖੇ ਹਰਫ਼' ਪ੍ਰਕਾਸ਼ਿਤ ਹੋਇਆ। 2009 ਵਿਚ 'ਲਫ਼ਜ਼ਾਂ ਦੀ ਦਰਗਾਹ' ਕਵਿਤਾ ਸੰਗ੍ਰਹਿ ਦੇ ਲਈ ਪਾਤਰ ਨੂੰ ਸਰਸਵਤੀ ਐਵਾਰਡ ਮਿਲਿਆ। ਪਾਤਰ ਪੰਜਾਬੀ ਦੇ ਤੀਜੇ ਲੇਖਕ ਅਤੇ ਦੂਜੇ ਕਵੀ ਹਨ, ਜਿਨ੍ਹਾਂ ਨੂੰ ਸਰਸਵਤੀ ਐਵਾਰਡ ਦੇ ਕੇ ਸਨਮਾਨਿਆ ਗਿਆ। ਇਸ ਤੋਂ ਪਹਿਲਾਂ ਡਾ. ਦਲੀਪ ਕੌਰ ਟਿਵਾਣਾ (ਨਾਵਲ) ਅਤੇ ਡਾ. ਹਰਭਜਨ ਸਿੰਘ (ਕਵਿਤਾ) ਨੂੰ ਇਹ ਐਵਾਰਡ ਮਿਲ ਚੁੱਕਾ ਹੈ।

'ਹਨੇਰੇ ਵਿਚ ਸੁਲਘਦੀ ਵਰਣਮਾਲਾ' ਲਈ 1993 ਵਿਚ ਉਨ੍ਹਾਂ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ। ਪਾਤਰ ਹੋਰਾਂ ਨੂੰ ਪਾਠਕਾਂ ਦੀ ਚਿੰਤਾ ਵੀ ਬਹੁਤ ਹੈ। ਉਨ੍ਹਾਂ ਨੇ ਕਿਹਾ ਸੀ, "ਕਦੀ ਸਾਹਿਤਕ ਹਲਕਿਆਂ ਵਿਚ ਗੱਲ ਹੁੰਦੀ ਹੈ ਕਿ ਲੋਕ ਕਵਿਤਾ ਤੋਂ ਦੂਰ ਜਾ ਰਹੇ ਨੇ। ਲੋਕ ਕਵਿਤਾ ਤੋਂ ਦੂਰ ਜਾ ਰਹੇ ਨੇ ਜਾਂ ਕਵਿਤਾ ਲੋਕਾਂ ਤੋਂ ਦੂਰ ਜਾ ਰਹੀ ਹੈ? ਮੈਨੂੰ ਲੱਗਦਾ ਹੈ ਜੇ ਕਵਿਤਾ ਲੋਕਾਂ ਨੂੰ ਆਪਣੇ ਦਿਲ ਵਿਚ ਥਾਂ ਦੇਵੇਗੀ ਤਾਂ ਲੋਕ ਵੀ ਜ਼ਰੂਰ ਕਵਿਤਾ ਨੂੰ ਆਪਣੇ ਦਿਲ ਵਿਚ ਥਾਂ ਦੇਣਗੇ"।

ਅਸੀਂ ਆਮ ਕਰਕੇ ਪਾਤਰ ਨੂੰ ਕਵਿਤਾ ਦਾ ਰਚੇਤਾ ਕਰ ਕੇ ਹੀ ਜਾਣਦੇ ਹਾਂ ਤੇ ਇਹ ਧਾਰਨਾ ਕਿਸੇ ਹੱਦ ਤਕ ਹੈ ਵੀ ਦਰੁਸਤ। ਪਰ ਕਵਿਤਾ ਨੂੰ ਮੁੱਖ ਰੱਖ ਕੇ ਪਾਤਰ ਦੀ ਗ਼ਜ਼ਲ ਉਪਲਬਧੀ ਨੂੰ ਅਸੀਂ ਕਿਸੇ ਵੀ ਤਰ੍ਹਾਂ ਅੱਖੋਂ-ਪਰੋਖੇ ਨਹੀਂ ਕਰ ਸਕਦੇ। •

## ਕਵਿਤਾਵਾਂ

### ਆ ਨਿਰਮੋਹੀਏ ਰੁੱਤੇ



ਅਰਤਿੰਦਰ ਸੰਧੂ
98153-02081

ਆ ਨਿਰਮੋਹੀਏ ਰੁੱਤੇ ਤੇਰੇ
ਅੱਥਰੇਪਨ ਵਿਚ ਪਿਆਰ ਭਰਾਂ
ਸੁਹਣੇ ਸੁਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ।

ਕਿੰਨੇ ਕੰਡੇ ਨਿੱਤ ਘਲਾਵੇਂ
ਤੂੰ ਚਾਵਾਂ ਦੇ ਰਾਹਾਂ ਲਈ
ਭਰ ਕੇ ਕਿੰਨੀ ਪੀੜ, ਹਵਾਵਾਂ
ਤੋਰੇ ਸਾਡੇ ਸਾਹਾਂ ਲਈ
ਚਾਵਾਂ ਤੇ ਸਾਹਵਾਂ ਦੀ ਪੀੜਾ
ਕਿਸ ਰੰਗਾ ਚੋਂ ਪਾਰ ਕਰਾਂ..

ਹਰ ਸੁਪਨੇ ਦੇ ਲੇਖੀਂ ਹਰਦਮ
ਵਧੂੰਦੀ ਰਹੇ ਉਡੀਕਾਂ ਹੀ
ਮਨ ਦੀ ਕੂਲੀ ਮਖ਼ਮਲ ਤੇ
ਪਾਵੇਂ ਦਰਦਾਂ ਦੀਆਂ ਲੀਕਾਂ ਹੀ
ਆ ਦਰਦਾਂ ਚੋਂ ਸਿੰਮੇ ਅੱਥਰੂ
ਤੇਰੇ ਤੋਂ ਹੀ ਵਾਰ ਧਰਾਂ..

ਨਜ਼ਰ ਅਸਾਡੀ ਵਿਚ ਭਰਦੀ ਏਂ
ਮੋਹ ਦੇ ਨਵੇਂ ਪੈਮਾਨੇ ਕਿਓਂ
ਖੜ੍ਹੇ ਖਲੋਤੇ ਪਲ ਵਿਚ ਉਹੀ
ਕਰ ਜਾਂਦੇ ਬੇਗਾਨੇ ਕਿਓਂ
ਖ਼ੁਦ ਪਰਦੇਸੀ ਹੋ ਬੈਠਾ ਮਨ
ਤੇਰੇ ਉੱਤੋਂ ਨਿਸਾਰ ਕਰਾਂ..

ਸਾਡੀ ਸੋਚ ਦੇ ਰਾਹੀਂ ਅੜੀਏ
ਟੇਢੇ ਮੇਢੇ ਮੋੜ ਭਰੇ
ਸਾਰੇ ਕਦਮਾਂ ਅੰਦਰ ਵੀ ਫਿਰ
ਤਿੱਖੇ ਤਿੱਖੇ ਰੋੜ ਭਰੇ
ਜਿਸ ਕਾਨੀ ਨਾਲ ਇਹ ਲਿਖਦੀ
ਮੈਂ ਓਸੇ ਵਿਚ ਪਿਆਰ ਭਰਾਂ..

ਪੱਤਝੜ ਦੇ ਜਾਏ ਹਾਂ ਸਖੀਏ
ਅੱਖੀਆਂ ਵਿਚ ਬਹਾਰਾਂ ਨੇ
ਧਰਤੀ ਦੇ ਮਾਲੀ ਬਣ ਜੰਮੇ
ਅੰਬਰ ਦੀਆਂ ਸਰਕਾਰਾਂ ਨੇ
ਧਰਤੀ ਦੀ ਪੀੜਾ ਦੀ ਤੇਰੇ
ਅੰਬਰ ਨੂੰ ਕੋਈ ਸਾਰ ਕਰਾਂ..

ਆ ਨਿਰਮੋਹੀਏ ਰੁੱਤੇ ਤੇਰੇ
ਅੱਥਰੇਪਨ ਵਿਚ ਪਿਆਰ ਭਰਾਂ
ਸੁਹਣੇ ਸੁਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ।

### ਡਰਦਾ ਹਾਂ

ਹਾਂ ਲਫ਼ਜ਼ਾਂ, ਹਰਫ਼ਾ ਤੇ ਕਲਮਾਂ
ਦਾ ਵਾਰਿਸ, ਮੈਂ ਹੁਣ ਵੀ,
ਪਰ ਰਾਂਝਿਆਂ ਅਤੇ ਹੀਰਾਂ ਦੇ
ਕਿੱਸੇ ਤੋਂ ਡਰਦਾ ਹਾਂ।

ਮਹਿਰਮ ਦਾ ਮੁਹਾਰਾਂ ਨੂੰ ਮੋੜਨ
ਦਾ ਵਾਅਦਾ ਹੈ ਪੱਕਾ,
ਮੈਂ ਪੁੰਨੂੰ ਹਾਂ, ਪਰ ਸੱਸੀ ਦੀ
ਭਟਕਣ ਤੋਂ ਡਰਦਾ ਹਾਂ।

ਅਵਾਰਾ ਪਤੰਗਾ ਹਾਂ, ਪਰ ਮੋਹ
ਨਹੀਂ ਕਿਸੇ ਲੋਅ ਦਾ,
ਹੁਣ ਮੁੱਦਤ ਹੋਈ ਹੈ, ਮੈਂ
ਜਲਣ ਤੋਂ ਡਰਦਾ ਹਾਂ।

ਨਾ ਡਰਦਾ ਹਾਂ ਹਨੇਰੇ ਤੋਂ, ਨਾ
ਡਰਦਾ ਫ਼ਿਜ਼ਾਵਾਂ ਤੋਂ,
ਮੈਂ ਬੁਜ਼ਦਿਲ, ਮੈਂ ਕਾਇਰ,
ਬਹਾਰਾਂ ਤੋਂ ਡਰਦਾ ਹਾਂ।

ਉਂਜ ਸ਼ਿਕਵਾ ਨਹੀਂ ਹੈ, ਤੇਰੀ
ਉਲਫ਼ਤ ਦਾ ਮੈਨੂੰ,
ਮੈਂ ਚਿਲਮਨ ਵਿਚ ਚਿਹਰੇ ਦੀ
ਸ਼ਰਾਰਤ ਤੋਂ ਡਰਦਾ ਹਾਂ।

ਹਾਂ, ਚੁੰਮਿਆ ਹੈ ਬੇਸ਼ਕ, ਕਈ
ਲਹਿਰਾਂ ਨੇ ਮੈਨੂੰ,
ਮੈਂ ਕਸ਼ਤੀ ਦੇ ਮਲ੍ਹਾਹ ਦੀ
ਸ਼ਾਜ਼ਿਸ਼ ਤੋਂ ਡਰਦਾ ਹਾਂ।



ਡਾ. ਇੰਦਰਜੀਤ ਸਿੰਘ ਸੰਧੂ
95011-05656

## ਨੁਕਸਾਨ

ਮਿੰਨੀ ਕਹਾਣੀ



'ਬੇਟੇ ਟਾਈਮ ਨਾਲ ਆਪਣੀ ਟਿਊਸ਼ਨ ਕਲਾਸ ਵਿਚ ਚਲਾ ਜਾਵੀਂ। ਪਹਿਲਾਂ ਹੀ ਇਕ ਛੁੱਟੀ ਕਰਕੇ ਤੇਰੀ ਪੜ੍ਹਾਈ ਦਾ ਕਿੰਨਾ ਨੁਕਸਾਨ ਹੋ ਗਿਆ"। ਅੱਠਵੀਂ ਜਮਾਤ ਵਿਚ ਬੈਠੀ ਅਧਿਆਪਕਾ ਨੀਰੂ ਫੋਨ ਤੇ ਆਪਣੇ ਬੱਚੇ ਨੂੰ ਨਸੀਹਤ ਦੇ ਸੁਰਖ਼ਰੂ ਜਿਹੀ ਹੋ ਵਟਸਐਪ 'ਤੇ ਸੁਨੇਹੇ ਪੋਸਟ ਕਰਨ ਵਿਚ ਮਸ਼ਰੂਫ਼ ਹੋ ਗਈ ਸੀ।

• ਗੁਰਪ੍ਰੀਤ ਕੌਰ ਚਹਿਲ
90565-26703



ਨਰਿੰਦਰ ਕੌਰ ਕਾਂਗ
82888-54536

*ਜਿੰਦਰ ਨੇ ਸਵੈ-ਜੀਵਨੀ ਰਾਹੀਂ ਜੀਵਨ ਇਤਿਹਾਸ ਦੇ ਸੱਚ ਨੂੰ ਆਪਣੀ ਕਲਮ ਰਾਹੀਂ ਆਖਰੀ ਰੂਪ ਦੇਣ ਦਾ ਸੁਚੱਜਾ ਯਤਨ ਕੀਤਾ ਹੈ। ਲੇਖਕ ਬੀਤ ਚੁੱਕੇ ਜੀਵਨ ਦੀ ਸਿਰਜਣਾ ਉੱਤਮ ਪੁਰਖ ਸ਼ੈਲੀ ਦੀ ਵਰਤੋਂ ਕਰਦਿਆਂ, ਜੀਵਨ ਦੀਆਂ ਅਨੇਕਾਂ ਔਂਕੜਾਂ ਨੂੰ ਇਸ ਰਚਨਾ ਰਾਹੀਂ ਪੇਸ਼ ਕਰਦਾ ਹੈ...*

# ਅਜੇ ਇਹ ਅੰਤ ਨਹੀਂ ਦਾ ਸਫ਼ਲ ਰਚੇਤਾ ਜਿੰਦਰ

ਵਰਤਮਾਨ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਸਵੈ ਚਿੰਤਨ ਕਰਨ ਦੀ ਬਿਜਾਏ ਪੂੰਜੀਵਾਦੀ ਨੀਤੀ ਧਾਰਨ ਕਰ ਕੇ ਪੂੰਜੀ ਦੇ ਸੰਗ੍ਰਹਿਣ ਕਰਨ ਦੀ ਹੋੜ ਵੱਲ ਵਧੇਰੇ ਰੁਚਿਤ ਹੀ ਨਹੀਂ ਸਗੋਂ ਇਸ ਵਿਚ ਗਲਤਾਨ ਹੋ ਰਿਹਾ ਹੈ। ਇਸੇ ਨੀਤੀ ਕਾਰਨ ਅੱਜ ਸਾਡਾ ਮਾਨਵੀ ਵਰਤਾਰਾ ਅਮਾਨਵੀ ਹੋ ਰਿਹਾ ਹੈ, ਰਿਸ਼ਤੇ-ਨਾਤੇ, ਮੋਹ ਪਿਆਰ, ਪੁਰਾਤਨ ਰਸਮਾਂ ਰਿਵਾਜ ਹੀ ਨਹੀਂ ਬਦਲੇ ਸਗੋਂ ਸਮੁੱਚਾ ਸਮਾਜ-ਸੱਭਿਆਚਾਰਕ ਢਾਂਚਾ ਰੂਪਾਤਰਿਤ ਕਰ ਕੇ ਪੱਛਮ ਤੋਂ ਪ੍ਰਭਾਵਿਤ ਸਮਾਜ ਆਪਣੀ ਹੋਂਦ ਅਖ਼ਤਿਆਰ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਚਕਾ-ਚੌਂਧ ਭਰੇ ਵਰਤਾਰੇ ਵਿਚ ਜਿੰਦਰ ਉਰਫ਼ ਹਰਜਿੰਦਰ ਪਾਲ ਸਪੁੱਤਰ ਚਾਨਣ ਰਾਮ ਸਪੁੱਤਰ ਗੰਗਾ ਰਾਮ ਪੁੱਤਰ ਰੋਡਾ (ਸਵੈ ਜੀਵਨੀ ਅੰਸ਼) ਸਿਰਫ਼ ਆਤਮ-ਮੰਥਨ/ਸਵੈ ਚਿੰਤਨ ਹੀ ਨਹੀਂ ਕਰਦਾ ਸਗੋਂ ਆਪਣੇ ਆਤਮ-ਚਿੰਤਨ ਨੂੰ ਪੰਜਾਬੀ ਸਾਹਿਤ ਦੇ ਵਿਭਿੰਨ-ਵਿਭਿੰਨ ਰੂਪਾਂ ਰਾਹੀਂ ਸਮਕਾਲੀ ਸਮਾਜ ਦੀ ਮਾਹਣਾਖ਼ੇਜ ਪੇਸ਼ਕਾਰੀ ਸਫ਼ਲਤਾਂ ਨਾਲ ਕਰਦਾ ਹੈ। ਜਿੰਦਰ ਨੇ ਆਪਣੀ ਸਾਹਿਤ ਸਾਧਨਾ ਦੌਰਾਨ ਕਹਾਣੀ, ਸਵੈ-ਜੀਵਨੀ ਅਤੇ ਸਾਹਿਤ ਰੂਪਾਂ ਦੀ ਰਚਨਾ ਕੀਤੀ ਹੈ ਪ੍ਰੰਤੂ ਵਧੇਰੇ ਸਫ਼ਲਤਾ ਇਕ ਕਹਾਣੀਕਾਰ ਵਜੋਂ ਹੀ ਹੋਈ ਹੈ।

ਵਰਤਮਾਨ ਪੂੰਜੀਵਾਦੀ ਦੌਰ ਦੀ ਨਵੀਂ ਪੀੜ੍ਹੀ ਪੁਰਾਤਨ ਪੀੜ੍ਹੀ ਵਿਚਲਾ ਪੀੜ੍ਹੀ ਵਖ਼ਫੇ ਨਾਲ ਪੈਂਦਾ ਹੋਇਆ ਮਾਨਸਿਕ ਤਨਾਅ ਅਤੇ ਇਕ ਦੂਸਰੇ ਅੱਗੇ ਵਧਣ ਲਈ ਮੁਕਾਬਲੇ ਦੀ ਭਾਵਨਾ ਕਾਰਨ ਹਰੇਕ ਬੱਚਾ ਲੇਖਕ ਨੂੰ ਕੰਪਿਊਟਰ ਵਾਂਗ ਜਾਪਦਾ ਹੋਣ ਕਰਕੇ ਉਹ ਲਿਖਦਾ ਹੈ, 'ਕੰਪਿਊਟਰ ਯੁੱਗ ਦਾ ਬੱਚਾ, ਮੇਰੇ ਨਾਲੋਂ ਕਿਤੇ ਅਗਾਂਹ ਹੈ। ਫੇਰ ਉਹ ਆਸਟ੍ਰੇਲੀਆ ਰਹਿੰਦਾ ਹੈ। ਅਜੇ ਨੌਂ ਕੁ ਸਾਲਾਂ ਦਾ ਹੈ। ਜਿੰਨਾ ਕੁ ਮੈਨੂੰ ਐਮਏ ਫਾਈਨਲ ਵਿਚ ਪੜ੍ਹਦਿਆ ਪਤਾ ਸੀ, ਓਨਾਂ ਇਹਨੂੰ ਹੁਣੇ ਪਤਾ ਹੈ। ਸ਼ਾਇਦ ਉਸ ਨਾਲੋਂ ਵੀ ਜ਼ਿਆਦਾ ਹੋਵੇ। (ਪੰਨਾ 7)। ਜਿੰਦਰ ਨੇ ਸਵੈ-ਜੀਵਨੀ 'ਅਜੇ ਇਹ ਅੰਤ ਨਹੀਂ' ਆਪਣੇ ਜੀਵਨ ਇਤਿਹਾਸ ਦੇ ਸੱਚ ਨੂੰ ਆਪਣੀ ਕਲਮ ਰਾਹੀਂ ਆਖਰੀ ਰੂਪ ਦੇਣ ਦਾ ਸੁਚੱਜਾ ਯਤਨ ਕੀਤਾ ਹੈ। ਲੇਖਕ ਆਪਣੇ ਬੀਤ ਚੁੱਕੇ ਜੀਵਨ ਦੀ ਸਿਰਜਣਾ ਉੱਤਮ ਪੁਰਖ ਸ਼ੈਲੀ ਦੀ ਵਰਤੋਂ ਕਰਦਾ ਹੋਇਆ ਆਪਣੇ ਜੀਵਨ ਦੀਆਂ ਅਨੇਕਾਂ ਘਟਨਾਵਾਂ, ਸਥਿਤਿਆਂ, ਪਸੰਦਗੀਆਂ, ਨਾਪਸੰਦਗੀਆਂ, ਸਫ਼ਲਤਾਵਾਂ, ਅਫ਼ਲਤਾਵਾਂ, ਔਂਕੜਾਂ, ਮੁਸੀਬਤਾਂ ਜੋ ਜੀਵਨ ਦੇ ਵਿਕਾਸ ਵਿਚ ਕਿਸੇ ਨਾ ਕਿਸੇ




ਰੂਪ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ, ਨੂੰ ਇਸ ਰਚਨਾ ਰਾਹੀਂ ਪੇਸ਼ ਕੀਤਾ ਗਿਆ ਹੈ।

ਸਵੈ-ਜੀਵਨੀ ਲਿਖਣੀ ਹਰੇਕ ਵਿਅਕਤੀ ਦਾ ਕਾਰਜ ਨਹੀਂ, ਇਹ ਬਹੁਤ ਹੀ ਕਰੜੇ ਸਿਦਕ ਅਤੇ ਮਿਹਨਤ ਭਰਿਆ ਕਾਰਜ ਹੁੰਦਾ ਹੈ। ਜਿਸ ਵਿਚ ਲੇਖਕ ਦੀ ਬੀਤੀ ਜ਼ਿੰਦਗੀ ਦੀਆਂ ਘਟਨਾਵਾਂ ਦਾ ਲੇਖਾ ਜੋਖਾ ਮੁਕੰਮਲ ਨਹੀਂ ਕਰਦੇ ਕਿਉਂਕਿ ਜੀਵਨ ਦਾ ਸੱਚ ਮੁੜ ਕੇ ਦੁਬਾਰਾ ਲਿਖਣਾ ਬਹੁਤ ਕਠਿਨ ਹੈ। ਰਾਵਿੰਦਰ ਨਾਥ ਟੈਗੋਰ ਇਸ ਗੱਲ ਨੂੰ ਮੰਨਦਾ ਹੋਇਆ ਲਿਖਦਾ ਹੈ ਕਿ ਮੈਂ ਅਤਮ-ਕਥਾ ਜਾ ਸਵੈ-ਜੀਵਨੀ ਨਹੀ ਲਿਖ ਸਕਦਾ ਕਿਉਂਕਿ ਮੈਂ ਨਾ ਤਾਂ ਇਤਨਾ ਸੱਤਵਾਦੀ ਹਾਂ ਅਤੇ ਨਾ ਇਤਨਾ ਬਹਾਦੁਰ ਹੀ, ਜਿਤਨਾ ਕਿ ਇਕ ਅਤਮ-ਕਥਾ ਲੇਖਕ ਨੂੰ ਹੋਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਲੇਖਕ ਨੂੰ ਬਹੁਤ ਮਹਾਨ/ਬਹਾਦੁਰ ਮੰਨਿਆ ਜਾ ਸਕਦਾ ਹੈ ਕਿਉਂਕਿ ਉਸ ਨੇ ਜ਼ਿੰਦਗੀ ਦਾ ਨੰਗਾ ਸੱਚ ਪਾਠਕਾਂ ਦੀ ਦ੍ਰਿਸਟੀਗੋਚਰ ਕਰ ਕੇ ਆਪਣੀ ਜ਼ਿੰਦਗੀ ਦੇ ਮਹਾਂਬਿਰਤਾਂਤ ਰਾਹੀਂ ਆਪਣੀ ਮਨੋਦਸ਼ਾ ਅਤੇ ਆਪਣੇ ਜੀਵਨ ਦੀ ਮਹਾਨਤਾ 'ਤੇ ਬਲ ਦਿੰਦੇ ਹੋਏ ਆਪਣੀ ਸਾਹਿਤਕ ਰੁਚੀ ਨੂੰ ਰੂਪਮਾਨ ਕੀਤਾ ਹੈ। ਲੇਖਕ ਆਪਣੇ ਆਰਥਿਕ ਸੰਕਟਾਂ ਨੂੰ ਬਿਆਨ ਕਰਦਾ ਹੈ ਕਿ ਉਸ ਦੀ ਕਿਸੇ ਨਾਲ ਨਾ ਵਿਗੜਨ ਦੀ ਇੱਛਾ ਹੀ ਆਰਥਿਕ ਸੰਕਟਾਂ ਦਾ ਕਾਰਨ ਹੈ।

ਸੁਨਿਆਰੇ ਦੇ ਕੰਮ ਵਿਚ ਪੈਸੇ ਮਾਰੇ ਜਾਣਾ, ਛੱਲੀਆਂ ਦੇ ਕੰਮ ਵਿਚ ਪਿਆ ਘਾਟਾ ਅਤੇ ਨਕੋਦਰ ਦੀ ਡੇਅਰੀ ਵਿਚ ਕੰਮ ਦਾ ਰਾਸ ਨਾ ਆਉਣ ਕਾਰਨ ਪੈਦਾ ਹੋਏ ਆਰਥਿਕ ਸੰਕਟ ਦੇ ਨਾਲ ਨਾਲ ਵਰਤਮਾਨ ਦੌਰ ਵਿਚ ਪਨਪੀਆਂ ਰਾਜਨੀਤਿਕ ਘੁੰਡਰਾਂ ਦੇ ਯਥਾਰਥ ਨੂੰ ਇਸ ਪ੍ਰਕਾਰ ਉਲੀਕਿਆ ਹੈ ਕਿ ਪੰਜਾਬ ਦੇ ਆਰਥਿਕ ਅਤੇ ਰਾਜਨੀਤਿਕ ਢਾਂਚੇ ਦਾ ਨੰਗਾ ਸੱਚ ਰੂਪਮਾਨ ਹੋ ਸਕੇ। ਇਸ ਸਵੈ-ਜੀਵਨੀ ਦਾ ਇਕ ਹੋਰ ਮੱਹਤਵ ਪੂਰਨ ਪਹਿਲੂ ਵਿਚਾਰਨਯੋਗ ਹੈ ਕਿ ਇਸ ਵਿਚਲੀਆਂ ਘਟਨਾਵਾਂ ਲੜੀਬੰਦ ਕਰ ਕੇ ਕੁਝ ਅਧਿਆਇ (ਰੂਪਾ ਕੰਡਾ ਨੇ ਪੁੱਛਿਆ, ਚਲ ਖੁਸਰੋ ਘਰ ਆਪਣੇ, ਕੁਝ ਪਿੰਡ ਬਾਰੇ, ਨਵਾਂ ਘਰ ਨਵੇਂ ਲੋਕ, ਨੂਰਮਹਿਲ ਦੀਆਂ ਗਲੀਆਂ, ਕੁਕੜੀ ਦੀ ਸ਼ਾਮਤ ਆਈ, ਪਹਿਲੀ ਜ਼ਿੰਮੇਵਾਰੀ, ਨਵਾਂ ਸ਼ੌਕ, ਗੱਡੀ ਲੀਹੋਂ ਲੱਥੀ, ਛਾਬਾ ਖੁੱਲ੍ਹਿਆ, ਬੀਬੀ ਬਨਾਮ ਭਾਬੀ, ਕਾਲਜ ਦਾ ਪਹਿਲਾ ਸਾਲ, ਬੱਕਰੀ ਵਾਲਾ ਭਾਈ, ਬਿੰਦਰ, ਹਰੀਪਾਲ ਤੇ ਤਾਜਮਹੱਲ, ਕਾਲਜ 'ਚ ਆਖਰੀ ਦਿਨ, ਇਕ ਛੁੱਟੀ ਦਾ ਕੰਮ, ਪੰਜ ਦਿਨ, ਪੰਜ ਮੌਤਾਂ, ਪੰਜ ਜ਼ਿੰਦਗੀਆਂ, ਕੁੜੀ ਮੁੰਡੇ ਨਾਲੋਂ ਸੋਹਣੀ ਐ, ਚੌਬਾਰੇ ਵਾਲੀ ਕੈਦ) ਵਿਚ ਵੰਡ ਕੇ ਇਸ ਪ੍ਰਕਾਰ ਪ੍ਰਸਤੁਤ ਕੀਤੀਆ ਹਨ ਕਿ ਪਾਠਕ ਨੂੰ ਇਹ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਜਾਪਦੀਆ ਹਨ।

ਇਸ ਪ੍ਰਕਾਰ ਅੰਤ ਤੇ ਅਸੀ ਕਹਿ ਸਕਦੇ ਹਾ ਕਿ ਜਿੰਦਰ 'ਅਜੇ ਇਹ ਅੰਤ ਨਹੀਂ' ਰਾਹੀਂ ਆਪਣੀ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਰੂਪਮਾਨ ਕਰਦਾ ਹੋਇਆ ਪੰਜਾਬੀ ਸਮਾਜ ਵਿਚਲੇ ਕੁਹਜ ਨੂੰ ਸੁਹਜ ਵਿਚ ਤਬਦੀਲ ਕਰ ਕੇ ਸਮਾਜ ਸੁਧਾਰਕ ਲਹਿਰ ਵਿਚ ਹੀ ਯੋਗਦਾਨ ਨਹੀਂ ਪਾਉਂਦਾ ਸਗੋਂ ਵਰਤਮਾਨ ਪੂੰਜੀਵਾਦੀ ਦੌਰ ਦੇ ਮੂਲ ਆਧਾਰ ਆਰਥਿਕਤਾ ਦੇ ਨਾਲ ਨਾਲ ਇਸ ਦੇ ਉਸਾਰ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰਕ ਰੂਪਾਤਰਨ ਦੀ ਨਿਸ਼ਾਨਦੇਹੀ ਕਰਦਾ, ਆਪਣੇ ਮਨੋਰਥ ਵਿਚ ਸਫ਼ਲਤਾ ਪ੍ਰਾਪਤ ਕਰਦਾ ਹੋਇਆ ਇਕ ਸਫ਼ਲ ਸਵੈ-ਜੀਵਨੀਕਾਰ ਸਿੱਧ ਹੁੰਦਾ ਹੈ। •

# ਸਦੀ ਜਿੱਡੇ ਨਾਵਲਕਾਰ ਦੀ ਮਾਨਸਿਕ ਕਸਕ



ਡਾ. ਮਹਿਲ ਸਿੰਘ
98722-66667

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਇੱਥੇ ਸਿਆਣੇ ਲੋਕਾਂ ਦਾ ਇਕੱਠ ਬੁਲਾਓ। ਪੰਜਾਬ ਦੇ ਭੱਖਦੇ ਮਸਲਿਆਂ ਦੀ ਗੱਲ ਕਰੋ। ਮੈਂ ਵੀ ਆਊਂਗਾ। ਮੈਂ ਹੁਣ ਮਰਨਾ ਤਾਂ ਹੈ ਹੀ। ਸਮਾਜ ਲਈ ਮਰਾਂ ਤਾਂ ਜੀਵਨ ਸਫ਼ਲ ਹੋ ਜਾਵੇਗਾ। ਭਾਵੇਂ ਮਰਨ-ਵਰਤ ਰਖਾ ਲਓ। ਮੈਂ ਕਿਸੇ ਕਾਜ ਲਈ ਮਰਨਾ ਚਾਹੁੰਦਾ ਹਾਂ'। ਪੰਜਾਬ ਲਈ ਕੁਰਬਾਨੀ ਦੀ ਰੀਝ ਅਜੇ ਵੀ ਕੰਵਲ ਦੇ ਮਨ ਵਿਚ ਠਾਠਾਂ ਮਾਰਦੀ ਹੈ। ਸਾਡੇ ਲਈ ਭਾਵੇਂ ਆਪਣੇ ਅਕਾਦਮਿਕ ਜਾਂ ਵਿਦਿਅਕ ਕੰਮਾਂ (ਸੈਮੀਨਾਰ ਸਮੇਤ) ਤੋਂ ਬਾਹਰ ਜਾਣਾ ਔਖਾ ਕਾਰਜ ਹੈ। ਪਰ ਫਿਰ ਵੀ ਅਸਾਂ ਕਿਸੇ ਨਾ ਕਿਸੇ ਰੂਪ ਵਿਚ ਦਾਨਸ਼ਵਰਾਂ ਦੀ ਕੋਈ ਇਕੱਤਰਤਾ ਕਰਨ ਦਾ ਵਿਸ਼ਵਾਸ ਦਿੱਤਾ।

ਕੰਵਲ ਨੂੰ ਪੰਜਾਬ ਦੇ ਵਿਰਸੇ ਵਿਚ ਅਥਾਹ ਵਿਸ਼ਵਾਸ ਹੈ। ਉਹ ਗੁਰਾਂ-ਪੀਰਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਿਤ ਹੈ। ਉਸ ਨੂੰ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਵੰਗਾਰਦੀਆਂ ਹਨ। ਅਜਿਹੀ ਵੰਗਾਰ ਹੀ ਉਹ ਪੰਜਾਬੀਆਂ ਅੱਗੇ ਰੱਖਦਾ ਹੈ। ਉਸ ਮੁਤਾਬਕ 'ਅਸੀ ਗੁਰੂ-ਆਸ਼ੇ ਜਾਂ ਸਿੱਖੀ ਦਾ ਨਾਸ਼ ਨਾ ਮਾਰੀਏ। ਇਹ ਇਕ ਸਰਬਤ ਦੇ ਭਲੇ ਵਾਲਾ ਸਮਾਜਕ ਧਰਮ ਹੈ। ਇਸ ਦੀ ਮਹਾਨ ਤਵਾਰੀਖ਼ ਹੈ। ਅਸੀਂ ਸਰਬਤ ਦੇ ਭਲੇ ਤਹਿਤ ਕੁਝ ਕਰੀਏ। ਗੁਰੂ ਸਾਹਿਬ ਦੇ ਉਦੇਸ਼ ਨੂੰ ਜ਼ਿੰਦਾ ਰੱਖੀਏ। ਗੁਰੂ ਦੀਆਂ ਦਿੱਤੀਆਂ ਕੁਰਬਾਨੀਆਂ ਬੇਹ ਨਾ ਕਰੀਏ। ਜੇ ਅਸੀਂ ਚੁੱਪ ਬੈਠੇ ਰਹੇ ਤਾਂ ਗੁਰੂ ਤੋਂ ਵੀ ਝੂਠੇ ਪਵਾਂਗੇ'। ਕੰਵਲ ਆਪਣੇ ਨਾਇਕ ਪਾਤਰਾਂ ਵਾਂਗ ਬੋਲ ਰਿਹਾ ਸੀ।

ਕੰਵਲ ਦੇ ਪਿੰਡ ਅੰਦਰਲੇ ਘਰ ਵਿਚ ਆਪਸੀ ਗੱਲਬਾਤ ਤੋਂ ਬਾਅਦ ਫਿਰ ਅਸੀਂ ਸਰਬਜੀਤ ਸਿੰਘ (ਕੰਵਲ ਦੇ ਬੇਟੇ) ਨੂੰ ਨਾਲ ਲੈ ਕੇ ਬਾਹਰਲਾ ਘਰ ਵੇਖਣ ਗਏ। ਕੰਵਲ ਦਾ ਪਰਿਵਾਰ ਇਕ ਪਰ ਘਰ ਦੋ ਹਨ। ਦੂਜਾ ਘਰ ਪਿੰਡ ਦੀ ਫਿਰਨੀ ਤੋਂ ਬਾਹਰ ਹੈ। ਪਰ ਇਹ ਅੰਦਰਲੇ ਘਰ ਤੋਂ ਥੋੜ੍ਹੇ ਕਦਮਾਂ ਦੀ ਦੂਰੀ ਉੱਤੇ ਹੈ। ਦੋਵਾਂ ਘਰਾਂ ਵਿਚ ਵਿੱਥ ਦੇ ਬਾਵਜੂਦ ਵੱਡੀ ਸਾਂਝ ਹੈ। ਇਹ ਘਰ ਕੰਵਲ ਦਾ ਲੰਮਾ ਸਮਾਂ ਲਿਖਣ-ਬਸੇਰਾ ਰਿਹਾ ਹੈ। ਇਸ ਘਰ ਦੇ ਤਿੰਨ ਕੁ ਕਮਰੇ ਹਨ। ਇਸ ਦਾ ਚਾਰ ਚੁਫੇਰਾ ਖ਼ਾਲੀ ਵੀ ਹੈ ਤੇ ਹਰਿਆਵਲ ਨਾਲ ਭਰਪੂਰ ਵੀ। ਇਹ ਘਰ ਵੀ ਕੰਵਲ ਵਾਂਗ ਸੁਨੱਖਾ ਹੈ। ਪਹਿਲਾ ਕਮਰਾ ਬੈਠਕ-ਨੁਮਾ ਹੈ। ਇਹ ਸਾਡੇ ਵਰਗੇ ਮੁਲਾਕਾਤੀਆਂ ਜਾਂ ਮਿਲਣ ਵਾਲਿਆਂ ਦੇ ਬੈਠਣ ਲਈ ਹੈ। ਇਸ ਤੋਂ ਅਗਲਾ ਦੂਜਾ ਕਮਰਾ ਲਿਖਣ ਲਈ ਹੈ। ਇੱਥੇ ਕੰਵਲ ਦੇ ਲਿਖਣ ਲਈ ਸਿੱਧ-ਪੱਧਰਾ ਜਿਹਾ ਕੁਰਸੀ-ਮੇਜ਼ ਹੈ।

ਅਜਿਹੇ ਕੁਰਸੀ-ਮੇਜ਼ 'ਤੇ ਲਿਖਦਿਆਂ ਹੀ ਕੰਵਲ ਨੇ ਆਪਣੀ ਪ੍ਰਸਿੱਧੀ ਦੀ ਪੈਂਠ ਹਾਸਿਲ ਕੀਤੀ ਹੈ। ਇਸ ਲਿਖਣ ਕਮਰੇ ਦੇ ਚਾਰ-ਚੁਫੇਰੇ ਕਿਤਾਬਾਂ ਹਨ। ਕੰਧ ਦੇ ਇਕ ਪਾਸੇ ਕੰਵਲ ਦੀ ਆਪਣੀ ਫੋਟੋ ਹੈ। ਦੂਜੇ ਸਿਰੇ 'ਤੇ ਡਾ. ਜਸਵੰਤ ਕੌਰ ਗਿੱਲ ਦੀ ਫੋਟੋ ਵੀ ਹੈ। ਦੋਵੇਂ ਫੋਟੋ ਦੂਰੀ 'ਤੇ ਹਨ। ਪਰ ਇਹ ਕਮਰੇ ਦੀ ਇੱਕੋ ਕੰਧ ਦੀ ਇੱਕੋ ਸੇਧ ਦੇ ਦੋ ਸਿਰਿਆਂ ਉੱਤੇ ਹਨ। ਕੰਵਲ ਦੀ ਜ਼ਿੰਦਗੀ ਵਿਚ ਆਪਣੀ ਵਿਚਾਰਧਾਰਾਵਾਂ ਦੇ ਬਦਲਾਅ ਵਾਂਗ ਲੁਕ-ਛੁਪਾ ਕੁਝ ਵੀ ਨਹੀਂ ਹੈ। ਜੋ ਹੈ ਸਪੱਸ਼ਟ ਤੇ ਸਾਹਮਣੇ ਹੈ।

ਉਸ ਦੇ ਨਾਵਲਾਂ ਵਾਂਗ ਬੇਬਾਕੀ ਉਸ ਦੇ ਜੀਵਨ ਵਿਹਾਰ ਵਿੱਚੋਂ ਵੀ ਝਲਕਦੀ ਹੈ। ਇਹ ਘਰ ਭਾਵੇਂ ਛੋਟਾ ਹੈ, ਪਰ ਲਿਖਣ ਦੀ ਇਕਾਂਤ ਲਈ ਲੋੜ ਅਨੁਸਾਰ ਬਹੁਤ ਢੁੱਕਵਾਂ ਹੈ। ਚਾਰ-ਚੁਫੇਰੇ ਕੁਦਰਤ ਦਾ ਚਾਨਣ ਵੀ ਹੈ ਤੇ ਛਾਂ ਵੀ। ਕੰਵਲ ਦੀ ਸੋਚ ਵਾਂਗ ਘਰ ਵਿੱਚੋਂ ਸਾਫ਼ਗੋਈ ਦੀ ਸਪੱਸ਼ਟਤਾ

*ਕੰਵਲ ਨੂੰ ਪੰਜਾਬ ਦੇ ਵਿਰਸੇ 'ਚ ਅਥਾਹ ਵਿਸ਼ਵਾਸ ਹੈ। ਉਹ ਗੁਰਾਂ-ਪੀਰਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਿਤ ਹੈ। ਉਸ ਨੂੰ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਵੰਗਾਰਦੀਆਂ ਹਨ। ਅਜਿਹੀ ਵੰਗਾਰ ਹੀ ਉਹ ਪੰਜਾਬੀਆਂ ਅੱਗੇ ਰੱਖਦਾ ਹੈ...*



ਝਲਕਦੀ ਹੈ। ਕੰਵਲ ਦੀ ਕਲਮ ਦੀ ਕੀਰਤੀ ਦੇ ਜਲੌਅ ਅੱਗੇ ਬਾਕੀ ਕਿੰਤੂ-ਪ੍ਰੰਤੂ ਬਹੁਤ ਨਿਗੂਣੇ ਵੀ ਹਨ ਤੇ ਮਹੱਤਵਹੀਣ ਵੀ।

ਇਸ ਕੱਦਾਵਰ ਤੇ ਬਜ਼ੁਰਗ ਸਾਹਿਤਕਾਰ ਨੂੰ ਮਿਲਦਿਆਂ ਖ਼ਾਸ ਕਿਸਮ ਦੀ ਫ਼ਿਕਰਮੰਦੀ ਮਹਿਸੂਸ ਹੋਈ। ਅਜਿਹੇ ਨਾਵਲਕਾਰ ਦੇ ਫ਼ਿਕਰਾਂ ਦੀ ਆਵਾਜ਼ ਕਿਵੇਂ ਵੱਡੀ ਬਣੇ? ਪੰਜਾਬ ਵਿਚ ਕਿਵੇਂ ਸੁਧਾਰ ਸਬੰਧੀ ਕੋਈ ਜਾਗਰਤੀ ਆਵੇ? ਇਹ ਕੰਵਲ ਦੇ ਨਹੀਂ, ਸਾਡੇ ਸਾਰਿਆਂ ਲਈ ਵੱਡੇ ਸਵਾਲ ਹਨ। ਇਹ ਸਵਾਲ ਪੰਜਾਬ ਲਈ ਵੱਡੀ ਵੰਗਾਰ ਹਨ। ਪੰਜਾਬ ਦੀਆਂ ਸਭ ਦਿਸ਼ਾਵਾਂ ਕਮਜ਼ੋਰ ਪੈ ਚੁੱਕੀਆਂ ਹਨ। ਇੱਥੇ ਕੋਈ ਬੌਧਿਕ ਲਹਿਰ ਨਹੀਂ ਹੈ। ਹਰ ਪਾਸੇ ਡੇਰੇਵਾਦੀ ਪਾਸਾਰ ਤੇ ਪ੍ਰਚਾਰ ਦਾ ਪਰਚਮ ਲਹਿਰਾ ਰਿਹਾ ਹੈ। ਸਾਡਾ ਸਮਾਜ ਬੌਧਿਕ ਕੰਗਾਲੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਕੋਈ ਵੱਡਾ ਸਾਂਝਾ ਮੰਚ ਨਹੀਂ ਹੈ। ਜੋ ਹੈ, ਉਹ ਦਾਇਰਿਆ ਜਾਂ ਸੀਮਾਵਾਂ ਵਿਚ ਹੈ। ਆਪੋ ਵਿਚ ਤੇ ਘਰਾਂ ਵਿਚ ਹੀ ਘੁਲ-ਘੁਲ ਕੇ ਮਰਨ ਦੀ ਸਥਿਤੀ ਹੈ।

ਮੁਕੰਮਲ ਖ਼ਲਾਅ ਹੈ। ਬਹੁਤੀਆਂ ਯੂਨੀਅਨਾਂ ਕੇਵਲ ਐਸੋਸੀਏਸ਼ਨਾ ਬਣ ਕੇ ਰਹਿ ਗਈਆਂ ਹਨ। ਮਜ਼ਦੂਰ ਜਮਾਤ ਦੀ ਲਹਿਰ ਹੀ ਕੋਈ ਨਹੀਂ ਹੈ। ਜੋ ਹੈ, ਉਹ ਜਾਤ ਦੇ ਛੁੰਡਲ ਵਿਚ ਹੈ। ਕਿਸਾਨੀ ਵਿਚ ਵੱਡੀ ਨਿਰਾਸ਼ਾ ਹੈ। ਪਰ ਇਹ ਕਈ ਪੱਟੀਦਾਰਾਂ ਦੀਆਂ ਪੱਤੀਆਂ ਵਿਚ ਵੰਡੀ ਹੋਈ ਹੈ। ਜੇ ਘੋਲ ਹੈ ਤਾਂ ਇਹ ਵੱਡੀਆਂ ਰਾਜਸੀ ਧਿਰਾਂ ਵਿਚਕਾਰ ਹੈ। ਇਨ੍ਹਾਂ ਵਿਚ ਗਿਣਾਤਮਕ ਫ਼ਰਕ ਤਾਂ ਹੈ ਪਰ ਗੁਣਾਤਮਿਕ ਫ਼ਰਕ ਕੋਈ ਨਹੀਂ ਹੈ। ਪਰ ਜਿਵੇਂ ਨਿਘਾਰ ਦਾ ਕੋਈ ਸਮਾਂ ਤੇ ਵਤਰ ਹੁੰਦਾ ਹੈ, ਇਵੇਂ ਉਭਾਰ ਦੀ ਵੀ ਕੋਈ ਵੱਤ ਹੁੰਦੀ ਹੈ। ਵੱਡੇ ਵਿਗਾੜਾਂ ਵਿੱਚੋਂ ਹੀ ਸੁਧਾਰ ਦੇ ਵੱਡੇ ਮੌਰ ਉੱਭਰਦੇ ਹਨ। 'ਜੀਵੇ ਆਸਾ ਮਰੇ ਨਿਰਾਸਾ' ਵਾਂਗ ਕੰਵਲ ਕੋਲ ਹੌਸਲੇ ਦੀ ਵੱਡੀ ਦਾਤ ਹੈ।

ਅਜਿਹੀ ਸੋਚ ਵਾਲੇ ਇਸ ਕੱਦਾਵਰ ਤੇ ਬਜ਼ੁਰਗ ਸਾਹਿਤਕਾਰ ਦੀ ਹੱਲਾਸ਼ੇਰੀ ਤੇ ਕਸਕ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬ ਦੇ ਚੰਗੇ ਭਵਿੱਖ ਲਈ ਸਭ ਨੂੰ ਸਿਰ ਜੋੜ ਕੇ ਵਿਚਾਰਨਾ ਚਾਹੀਦਾ ਹੈ। ਇਹ ਹੀ ਇਕ ਸਦੀ ਜਿੱਡੀ ਉਮਰ ਭੋਗ ਰਹੇ ਕੰਵਲ ਵਰਗੇ ਸਾਹਿਤਕਾਰ ਦੀ ਕਸਕ ਦਾ ਸੱਚਾ ਸੁਨੇਹਾ ਹੈ। •

## ਸੰਪਾਦਕੀ

### ਵਿੱਤੀ ਲਿਹਾਜ਼ ਤੋਂ ਚੁਣੌਤੀਪੂਰਨ ਹੋਵੇਗਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਕਾਇਆ

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਛੇ ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਛੇਵੇਂ ਵੇਤਨ ਕਮਿਸ਼ਨ ਮੁਤਾਬਿਕ ਬਕਾਏ ਅਦਾ ਕਰਨ ਦਾ ਫ਼ੈਸਲਾ ਮੁਲਾਜ਼ਮ ਤਬਕਿਆਂ ਲਈ ਧਰਵਾਸ ਵਾਲਾ ਹੋ ਸਕਦਾ ਹੈ ਪਰ ਇਸ ਨੂੰ ਅਮਲ ਵਿਚ ਉਤਾਰਨਾ ਵਿੱਤੀ ਲਿਹਾਜ਼ ਤੋਂ ਚੁਣੌਤੀਪੂਰਨ ਹੋਵੇਗਾ। ਜਨਵਰੀ 2016 ਤੋਂ ਜੂਨ 2022 ਤੱਕ ਤਨਖਾਹਾਂ ਅਤੇ ਪੈਨਸ਼ਨਾਂ ਦੇ ਸੋਧੇ ਹੋਏ ਸਕੇਲਾਂ, ਛੁੱਟੀ ਨਕਦ ਭੁਗਤਾਨ ਅਤੇ ਜੁਲਾਈ 2021 ਤੋਂ 31 ਮਾਰਚ 2024 ਤੱਕ ਮਹਿੰਗਾਈ ਭੱਤੇ ਦੇ ਬਕਾਏ ਤਾਰਨ ਲਈ ਸਰਕਾਰ ਦੇ ਖ਼ਜ਼ਾਨੇ ਉਪਰ 14 ਹਜ਼ਾਰ ਕਰੋੜ ਰੁਪਏ ਦਾ ਬੋਝ ਪੈਣ ਦਾ ਅਨੁਮਾਨ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਪੜਾਅਵਾਰ ਰਕਮਾਂ ਜਾਰੀ ਕਰ ਕੇ ਇਸ ਨੂੰ ਲਾਗੂ ਕੀਤਾ ਜਾਵੇਗਾ ਜਿਸ ਤਹਿਤ ਸਭ ਤੋਂ ਪਹਿਲਾਂ 85 ਸਾਲ ਤੋਂ ਉਪਰ ਦੇ ਪੈਨਸ਼ਨਰਾਂ ਦੇ ਬਕਾਏ ਦਿੱਤੇ ਜਾਣਗੇ। ਦੂਜੇ ਪੜਾਅ ਵਿਚ 75 ਤੋਂ 85 ਸਾਲ ਤੱਕ ਦੇ ਪੈਨਸ਼ਨਰਾਂ ਨੂੰ ਬਕਾਏ ਅਦਾ ਕੀਤੇ ਜਾਣਗੇ ਅਤੇ ਫਿਰ 65 ਤੋਂ 75 ਸਾਲ ਤੱਕ ਦੇ ਪੈਨਸ਼ਨਰਾਂ ਲਈ ਭੁਗਤਾਨ ਕੀਤਾ ਜਾਵੇਗਾ। ਸਰਕਾਰ ਨੂੰ ਆਸ ਹੈ ਕਿ ਅਗਲੇ ਤਿੰਨ ਸਾਲਾਂ ਤੱਕ ਪੈਨਸ਼ਨਰਾਂ ਦੇ ਬਕਾਏ ਕਲੀਅਰ ਹੋ ਜਾਣਗੇ ਅਤੇ ਨਾਲ ਹੀ ਸਰਕਾਰ ਨੂੰ ਇਨ੍ਹਾਂ ਲਈ ਵਿੱਤੀ ਸਰੋਤ ਜੁਟਾਉਣ ਦਾ ਸਮਾਂ ਵੀ ਮਿਲ ਜਾਵੇਗਾ। ਵਿੱਤ ਮੰਤਰੀ ਦਾ ਅਨੁਮਾਨ ਹੈ ਕਿ ਇਸ ਸਕੀਮ ਤਹਿਤ ਸਾਲਾਨਾ 2500 ਕਰੋੜ ਰੁਪਏ ਦਾ ਬੋਝ ਪਵੇਗਾ। ਅਜੇ ਸਰਕਾਰ ਨੇ ਇਹ ਨਹੀਂ ਦੱਸਿਆ ਕਿ ਉਹ ਇਨ੍ਹਾਂ ਵਾਧੂ ਰਕਮਾਂ ਨੂੰ ਕਿਵੇਂ ਜੁਟਾਏਗੀ ਜਾਂ ਕੀ ਮੌਜੂਦਾ ਵਿੱਤੀ ਸਥਿਤੀਆਂ ਦੇ ਮੱਦੇਨਜ਼ਰ ਇਸ ਦੀ ਕੋਈ ਗੁੰਜਾਇਸ਼ ਬਚੀ ਹੈ, ਇਹ ਅਹਿਮ ਸਵਾਲ ਬਣਿਆ ਹੋਇਆ ਹੈ।

ਪੰਜਾਬ ਪਿਛਲੇ ਲੰਮੇ ਅਰਸੇ ਤੋਂ ਵਿੱਤੀ ਅਨੁਸ਼ਾਸਨਹੀਣਤਾ ਦਾ ਸ਼ਿਕਾਰ ਰਿਹਾ ਹੈ ਜਿਸ ਕਰ ਕੇ ਅਗਲੇ ਮਾਰਚ ਤੱਕ ਪੰਜਾਬ ਸਿਰ ਕਰਜ਼ਾ ਵਧ ਕੇ 3.53 ਲੱਖ ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਹੈ। ਪਿਛਲੇ ਲੰਮੇ ਸਮੇਂ ਤੋਂ ਸਿਆਸੀ ਪਾਰਟੀਆਂ ਆਪਣੇ ਸਿਆਸੀ ਅਤੇ ਲੋਕ ਲੁਭਾਊ ਮਨੋਰਥਾਂ ਤਹਿਤ ਖੈਰਾਤਾਂ ਵੰਡਣ ਦੇ ਰਾਹ ਪਈਆਂ ਹੋਈਆਂ ਹਨ। ਸੁਪਰੀਮ ਕੋਰਟ ਨੇ ਵੀ ਇਸ ਰੁਝਾਨ ’ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਕੀ ਚੋਣਾਂ ਮੌਕੇ ਜਾਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਵੰਡ ਕੇ ਅਸੀਂ ਪਰਜੀਵੀਆਂ ਦੀ ਜਮਾਤ ਪੈਦਾ ਕਰ ਰਹੇ ਹਾਂ ? ਇਸ ਦਾ ਜਵਾਬ ਨਾ ਉਦੋਂ ਕੇਂਦਰ ਦੀ ਤਰਫ਼ੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਦੇ ਸਕੇ ਅਤੇ ਨਾ ਹੀ ਰਾਜ ਸਰਕਾਰਾਂ ਦੇ ਸਕਦੀਆਂ ਹਨ।

ਇਸ ਸਮੇਂ ਪੰਜਾਬ ਸਰਕਾਰ ਕੋਲ ਤਨਖਾਹਾਂ, ਪੈਨਸ਼ਨਾਂ ਆਦਿ ਦੇ ਬਕਾਏ ਲਈ ਹੋਰ ਜ਼ਿਆਦਾ ਕਰਜ਼ਾ ਚੁੱਕਣ ਦੀ ਗੁੰਜਾਇਸ਼ ਘੱਟ ਹੈ। ਜੇ ਉਹ ਅਜਿਹਾ ਕਰੇਗੀ ਤਾਂ ਮਾਲੀ ਅਨੁਸ਼ਾਸਨ ਅਤੇ ਸੰਜਮ ਦੀਆਂ ਬਚੀਆਂ ਖੁਚੀਆਂ ਸੰਭਾਵਨਾਵਾਂ ਵੀ ਮਾਂਦ ਪੈ ਜਾਣਗੀਆਂ। ਹਾਲ ਹੀ ਵਿਚ ਸਰਕਾਰ ਵੱਲੋਂ ਖ਼ੂਨ ਦੇ ਰਿਸ਼ਤਿਆਂ ਵਿਚ ਜ਼ਮੀਨਾਂ/ਸੰਪਤੀਆਂ ਦੇ ਤਬਾਦਲੇ ’ਤੇ ਅਸ਼ਟਾਮ ਫੀਸ ਲਾਗੂ ਕਰਨ ਦੀਆਂ ਰਿਪੋਰਟਾਂ ਆਈਆਂ ਸਨ ਪਰ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਸਰਕਾਰ ਲਈ ਅਜਿਹਾ ਫ਼ੈਸਲਾ ਸਿਆਸੀ ਤੌਰ ’ਤੇ ਜੋਖ਼ਿਮ ਭਰਿਆ ਸਾਬਿਤ ਹੋ ਸਕਦਾ ਹੈ ਜਿਸ ਕਰ ਕੇ ਸਰਕਾਰ ਨੇ ਇਸ ਨੂੰ ਟਾਲ ਦਿੱਤਾ ਹੈ। ਉਂਝ ਵੀ ਪੰਜਾਬ ਵਿਚ ਕਿਸਾਨੀ ਪਹਿਲਾਂ ਹੀ ਅੰਦੋਲਨ ਦੇ ਰਾਹ ਹੈ। ਇਸ ਲਈ ਮਾਲੀਆ ਪ੍ਰਾਪਤੀ ਨੂੰ ਹੁਲਾਰਾ ਦੇਣ ਲਈ ਬੱਝਵੇਂ ਯਤਨਾਂ ਅਤੇ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ ਪਰ ਸੁਆਲ ਇਹ ਹੈ ਕਿ ਸਰਕਾਰ ਇਹ ਕਠਿਨ ਰਾਹ ਅਪਣਾਏਗੀ ਜਾਂ ਫਿਰ ਡੰਗ ਟਪਾਉਣ ਵਾਲੇ ਰੁਖ਼ ਨੂੰ ਤਰਜੀਹ ਦੇਵੇਗੀ।

### ਜਾਤੀ ਹਿੰਸਾ ’ਚ ਸੜ ਰਿਹਾ ਮਨੀਪੁਰ ’ਚ ਕੇਂਦਰੀ ਸ਼ਾਸਨ

ਪਿਛਲੇ ਕਰੀਬ ਦੋ ਸਾਲਾਂ ਤੋਂ ਜਾਤੀ ਹਿੰਸਾ ਦੀ ਭੱਠੀ ਵਿਚ ਸੜ ਰਹੇ ਮਨੀਪੁਰ ਸੂਬੇ ਦੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਵੱਲੋਂ ਅਸਤੀਫ਼ਾ ਦੇਣ ਤੋਂ ਕੁਝ ਦਿਨਾਂ ਬਾਅਦ ਉੱਥੇ ਕੇਂਦਰੀ ਸ਼ਾਸਨ ਲਾਗੂ ਕਰਨ ਦਾ ਫ਼ੈਸਲਾ ਕਾਫ਼ੀ ਦੇਰ ਨਾਲ ਚੁੱਕਿਆ ਪਰ ਜ਼ਰੂਰੀ ਕਦਮ ਆਖਿਆ ਜਾ ਸਕਦਾ ਹੈ। ਮਨੀਪੁਰ ਦੇ ਮੈਤੇਈ ਅਤੇ ਕੁੱਕੀ-ਜ਼ੋ ਭਾਈਚਾਰਿਆਂ ਵਿਚਕਾਰ ਹਿੰਸਾ ਤੇ ਟਕਰਾਓ ਕਾਰਨ ਹੁਣ ਤੱਕ 250 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਚੁੱਕੇ ਹਨ। ਔਰਤਾਂ ਨੂੰ ਸ਼ਰੇਆਮ ਨਿਰਵਸਤਰ ਕਰ ਕੇ ਘੁਮਾਉਣ ਦੀਆਂ ਸ਼ਰਮਨਾਕ ਘਟਨਾਵਾਂ ਹਾਲੇ ਵੀ ਲੋਕਾਂ ਦੇ ਚਿਤ ਚੇਤਿਆਂ ਵਿਚ ਹਨ। ਇਸ ਤੋਂ ਇਕ ਗੱਲ ਸਾਫ਼ ਹੋ ਚੁੱਕੀ ਹੈ ਕਿ ਰਾਜ ਸਰਕਾਰ ਅਤੇ ਕੇਂਦਰ, ਦੋਵੇਂ ਅਮਨ ਕਾਨੂੰਨ ਦੀ ਸਥਿਤੀ ਨੂੰ ਸੰਭਾਲਣ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਿਚ ਨਾਕਾਮ ਰਹੀਆਂ ਹਨ।

ਜਦੋਂ ਕਿਸੇ ਰਾਜ ਅੰਦਰ ਅਮਨ ਕਾਨੂੰਨ ਦੀ ਹਾਲਤ ਬੁਰੀ ਤਰ੍ਹਾਂ ਵਿਗੜ ਜਾਵੇ ਜਾਂ ਸ਼ਾਸਨ ਵਿਵਸਥਾ ਨਕਾਰਾ ਸਾਬਿਤ ਹੋ ਜਾਵੇ ਤਾਂ ਸੰਵਿਧਾਨ ਦੀ ਧਾਰਾ 356 ਦਾ ਇਸਤੇਮਾਲ ਕਰ ਕੇ ਉੱਥੇ ਕੇਂਦਰੀ ਸ਼ਾਸਨ ਲਾਗੂ ਕੀਤਾ ਜਾਂਦਾ ਹੈ। ਕਈ ਵਾਰ ਇਸ ਧਾਰਾ ਦਾ ਸੌੜੇ ਸਿਆਸੀ ਮਨੋਰਥਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਕਰ ਕੇ ਇਸ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਜਾਂਦੀ ਰਹੀ ਹੈ। ਰਾਜ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿਚ ਮਤਭੇਦ ਇੰਨੇ ਗਹਿਰੇ ਹੋ ਗਏ ਕਿ ਇਹ ਨਾ ਕੇਵਲ ਹਿੰਸਾ ਦੇ ਦੌਰ ਨੂੰ ਰੋਕਣ ਵਿਚ ਅਸਮਰਥ ਰਹੀ ਸਗੋਂ ਬੀਰੇਨ ਸਿੰਘ ਤੋਂ ਬਾਅਦ ਨਵੇਂ ਆਗੂ ਦੀ ਚੋਣ ਕਰਨ ਵਿਚ ਵੀ ਸਫ਼ਲ ਨਾ ਹੋ ਸਕੀ ਜਿਸ ਕਰ ਕੇ ਰਾਸ਼ਟਰਪਤੀ ਰਾਜ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਸੀ।

ਇਸ ਘਟਨਾਕ੍ਰਮ ਤੋਂ ਕੁੱਕੀ ਭਾਈਚਾਰੇ ਨੂੰ ਧਰਵਾਸ ਮਿਲ ਸਕਦਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਬੀਰੇਨ ਪ੍ਰਸ਼ਾਸਨ ’ਤੇ ਪੱਖਪਾਤ ਦਾ ਦੋਸ਼ ਲਾਉਂਦਾ ਰਿਹਾ ਹੈ ਪਰ ਇੰਨੀ ਕੁ ਰੱਦੋਬਦਲ ਨਾਲ ਉਸ ਦੀ ਤਸੱਲੀ ਹੋਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਕੀ ਰਾਜ ਵਿਚ ਕੇਂਦਰ ਦੇ ਸਿੱਧੇ ਕੰਟਰੋਲ ਨਾਲ ਉੱਥੇ ਲੜਾਈ ਵਿਚ ਉਲਝੇ ਦੋਵੇਂ ਭਾਈਚਾਰਿਆਂ ਵਿਚਕਾਰ ਸੁਲ੍ਹਾ ਦਾ ਰਾਹ ਪੱਧਰਾ ਹੋਵੇਗਾ ਜਾਂ ਫਿਰ ਭਾਜਪਾ ਆਪਣਾ ਨਵੀਂ ਸਿਆਸੀ ਚਾਲ ਲਈ ਢੁਕਵੇਂ ਸਮੇਂ ਦੀ ਉਡੀਕ ਕਰ ਰਹੀ ਹੈ ? ਮਨੀਪਰ ਵਿਚ ਜਾਤੀ ਦੁਫਾੜ ਇੰਨੀ ਗਹਿਰੀ ਹੋ ਚੁੱਕੀ ਹੈ ਕਿ ਇਸ ਨੂੰ ਭਰਨ ਲਈ ਸੰਵਾਦ ਦੇ ਸੁਹਿਰਦ ਯਤਨਾਂ ਦੀ ਲੋੜ ਪਵੇਗੀ। ਪ੍ਰਸ਼ਾਸਕੀ ਮੱਲ੍ਹਮ ਪੱਟੀ ਕਰਨ ਦਾ ਵੇਲਾ ਕਦੋਂ ਦਾ ਬੀਤ ਚੁੱਕਿਆ ਹੈ। ਵਡੇਰਾ ਸਵਾਲ ਇਹ ਬਣਿਆ ਰਹੇਗਾ ਕਿ ਕੀ ਕੇਂਦਰੀ ਸ਼ਾਸਨ ਨੂੰ ਮਹਿਜ਼ ਭਾਜਪਾ ਦਾ ਕੰਟਰੋਲ ਬਹਾਲ ਕਰਨ ਲਈ ਵਰਤਿਆ ਜਾਵੇਗਾ ਜਾਂ ਫਿਰ ਮਨੀਪੁਰ ਦੇ ਸਿਆਸੀ ਅਤੇ ਸਮਾਜੀ ਤੌਰ ’ਤੇ ਬਿੱਖਰ ਚੁੱਕੇ ਤਾਣੇ ਬਾਣੇ ਨੂੰ ਜੋੜਨ ਦੀ ਸ਼ੁਰੂਆਤ ਕੀਤੀ ਜਾ ਸਕੇਗੀ। ਹੁਣ ਤੱਕ ਮੋਦੀ ਸਰਕਾਰ ਨੇ ਮਨੀਪੁਰ ਦੇ ਮਸਲੇ ਤੋਂ ਦੂਰੀ ਅਖਤਿਆਰ ਕੀਤੀ ਹੋਈ ਸੀ ਅਤੇ ਹੁਣ ਇਸ ਨੂੰ ਮੌਕਾ ਦਾ ਲਾਹਾ ਲੈ ਕੇ ਸ਼ਾਂਤੀ ਸਥਾਪਿਤ ਕਰਨ ਲਈ ਸਾਰਥਿਕ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਨਹੀਂ ਤਾਂ ਮਨੀਪੁਰ ਵਿਚ ਅਸਥਿਰਤਾ ਅਤੇ ਬਦਅਮਨੀ ਦਾ ਸਿਲਸਿਲਾ ਹੋਰ ਲੰਮਾ ਹੋ ਸਕਦਾ ਹੈ। ਇਸ ਸਮੇਂ ਮਨੀਪੁਰ ਦੇ ਲੋਕਾਂ ਨੂੰ ਲੰਮੇ ਸੰਤਾਪ ਤੋਂ ਰਾਹਤ ਪਹੁੰਚਾਉਣ ਦੀ ਲੋੜ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਮਾਛੀਵਾੜਾ ਬਲਾਕ ਵਿੱਚ ਭਰਤੀ ਮੁਹਿੰਮ ਸ਼ੁਰੂ

**ਮਾਛੀਵਾੜਾ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਵੱਲੋਂ ਜੋ ਭਰਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਉਸ ’ਚ ਲੋਕਾਂ ’ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਅੱਜ ਵੀ ਪ੍ਰਭਾਵਿਤ ਹਨ ਤੇ ਫਾਰਮ ਭਰ ਕੇ ਪਾਰਟੀ ਨਾਲ ਜੁੜ ਰਹੇ ਹਨ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਪਿੰਡ ਲੱਖੋਵਾਲ ਖੁਰਦ ਵਿਖੇ ਪਾਰਟੀ ਦੀ ਭਰਤੀ ਮੌਕੇ ਕੀਤਾ। ਢਿੱਲੋਂ ਨੇ ਕਿਹਾ ਕਿ ਅੱਜ ਲੋਕ ਅਕਾਲੀ ਦਲ ਸਮੇਂ ਹੋਏ ਵਿਕਾਸ ਕਾਰਜਾਂ ਤੇ ਗ਼ਰੀਬ ਵਰਗ ਲਈ ਸ਼ੁਰੂ ਕੀਤੀਆਂ ਯੋਜਨਾਵਾਂ ਨੂੰ ਯਾਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ ਜੋ ਪੰਜਾਬ ਦੇ ਹਿੱਤਾਂ ਲਈ ਸੋਚਦੀ ਹੈ ਜਿਸ ਦੇ ਰਾਜ ਦੌਰਾਨ ਕਿਸਾਨ, ਵਪਾਰੀ ਤੇ ਗ਼ਰੀਬ ਵਰਗ ਖੁਸ਼ਹਾਲ ਰਿਹਾ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਮਾਛੀਵਾੜਾ ਬਲਾਕ ’ਚ ਭਰਤੀ ਮੁਹਿੰਮ ਪੂਰੇ ਜ਼ੋਰਾਂ ’ਤੇ ਚੱਲ ਰਹੀ ਹੈ ਤੇ ਟੀਚੇ ਤੋਂ ਵੱਧ ਲੋਕ ਪਾਰਟੀ ਨਾਲ ਜੁੜਨਗੇ। ਇਸ ਮੌਕੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਉਪ ਪ੍ਰਧਾਨ ਅੰਮ੍ਰਿਤਪਾਲ ਸਿੰਘ ਗੁਰੋਂ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ, ਸਰਪੰਚ ਬਲਵਿੰਦਰ ਕੌਰ, ਕੁਲਵਿੰਦਰ ਸਿੰਘ, ਜਗੀਰ ਸਿੰਘ, ਸੁਖਵਿੰਦਰ ਕੌਰ, ਰਾਣੀ ਕੌਰ, ਅਮਰਜੀਤ ਸਿੰਘ (ਸਾਰੇ ਪੰਚ), ਗੁਰਦੀਪ ਸਿੰਘ, ਕੁਲਵਿੰਦਰ ਸਿੰਘ, ਦਲਵਿੰਦਰ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ, ਕਰਨੈਲ ਸਿੰਘ, ਗੁਰਜੀਤ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ ਲੱਕੀ, ਜਸਪਾਲ ਸਿੰਘ ਵੀ ਮੌਜੂਦ ਸਨ।

# ਸ਼ਹਿਰ ’ਚ ਗਲਤ ਦਿਸ਼ਾ ’ਚ ਆਉਂਦੇ ਵਾਹਨ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ

**ਜ਼ੀਰਕਪੁਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ੀਰਕਪੁਰ ਸ਼ਹਿਰ ਵਿੱਚ ਵਾਹਨ ਚਾਲਕ ਆਪਣੀ ਅਤੇ ਦੂਜਿਆਂ ਦੀ ਜਾਨ ਨੂੰ ਖਤਰੇ ਵਿੱਚ ਪਾ ਕੇ ਗਲਤ ਦਿਸ਼ਾ ਵਿੱਚ ਡਰਾਈਵਿੰਗ ਕਰਨਾ ਪਸੰਦ ਕਰਦੇ ਹਨ। ਸ਼ਹਿਰ ਦੇ ਵਚਾਲੇ ਬਣੇ ਚੰਡੀਗੜ੍ਹ ਅੰਬਾਲਾ ਕੌਮੀ ਸ਼ਾਹਰਾਹ ਤੇ ਬਣੇ ਫਲਾਈਓਵਰ ਦੇ ਦੋਵੇਂ ਪਾਸੇ ਇਹ ਰੁਝਾਨ ਆਮ ਵੇਖਣ ਨੂੰ ਮਿਲਦਾ ਹੈ ਜਿੱਥੇ ਵਾਹਨ ਚਾਲਕ ਆਪਣੇ ਸਫ਼ਰ ਨੂੰ ਘਟਾਉਣ ਲਈ ਵਾਹਨ ਪੁੱਠੇ ਪਾਸੇ ਚਲਾਉਂਦੇ ਆਮ ਵੇਖੇ ਜਾ ਸੱਕਦੇ ਹਨ। ਵਾਹਨ ਚਾਲਕਾਂ ਦਾ ਇਹ ਅਭਿਆਸ ਨਾ ਸਿਰਫ ਆਵਾਜਾਈ ਵਿੱਚ ਅੜਿੱਕੇ ਦਾ ਕਾਰਨ ਬਣਦਾ ਹੈ ਬਲਕਿ ਦੁਰਘਟਨਾਵਾਂ ਦਾ ਕਾਰਨ ਵੀ ਬਣਦਾ ਹੈ।ਜ਼ਿਕਰਯੋਗ ਹੈ ਕੀ ਪਹਿਲਾਂ ਹੀ ਸ਼ਹਿਰ ’ਚ ਜਾਮ ਦੀ ਸਮੱਸਿਆ ਬਣੀ ਰਹਿੰਦੀ ਹੈ। ਗਲਤ ਦਿਸ਼ਾ ਵਿੱਚ ਵਾਹਨ ਚਲਾਉਣ ਦਾ ਇਹ ਰੁਝਾਨ ਪੁਰਾਣੀ ਕਾਲਕਾ ਰੋਡ ਤੋਂ ਕੇ-ਏਰੀਆ ਲਾਈਟ ਪੁਆਇੰਟ, ਕੋਹਿਨੂਰ ਢਾਬੇ ਤੋਂ ਵੀਆਈਪੀ ਰੋਡ, ਯਮੁਨਾ ਇਨਕਲੇਵ ਤੋਂ ਕੋਹਿਨੂਰ ਢਾਬਾ, ਗਰੀਨ ਸਿਟੀ ਤੋਂ ਢਕੋਲੀ ਤੱਕ ਆਮ ਹੈ ਜਿੱਥੇ ਵਾਹਨ ਚਾਲਕ ਪੁੱਠੇ ਪਾਸੇ ਵਾਹਨ ਚਲਾ ਆਵਾਜਾਈ ’ਚ ਅੜਿੱਕਾ ਬਣਦੇ ਹਨ। ਸਥਾਨਕ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਹ ਰੋਜ਼ਾਨਾ ਦੀ ਸਮੱਸਿਆ ਬਣ ਗਈ ਹੈ। ਜਿਸ ਕਾਰਨ ਉਹ ਪਰੇਸ਼ਾਨ ਹਨ। ਸ਼ਹਿਰ ਵਿਚ ਲੱਗਦੇ ਟ੍ਰੈਫਿਕ ਜਾਮ ਤੋਂ ਪਰੇਸ਼ਾਨ ਗਾਹਕ ਵੀ ਆਪਣੀ ਦੁਕਾਨ ’ਤੇ ਰੁਕਣਾ ਪਸੰਦ ਨਹੀਂ ਕਰਦਾ, ਕਿਉਂਕਿ ਗਲਤ ਦਿਸ਼ਾ ’ਚ ਖੜ੍ਹੇ ਵਾਹਨਾਂ ਨਾਲ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ। ਸਥਾਨਕ ਵਸਨੀਕਾਂ ਨੇ ਟ੍ਰੈਫਿਕ ਪੁਲਿਸ ਨੂੰ ਅਪੀਲ ਕੀਤੀ ਹੈ ਕਿ ਸ਼ਹਿਰ ਦੇ ਉਕਤ ਸਥਾਨਾਂ ’ਤੇ ਕੋਈ ਟ੍ਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤਾ ਜਾਵੇ ਤਾਂ ਜੋ ਲੋਕ ਪੁੱਠੇ ਪਾਸੇ ਵਾਹਨ ਨਾ ਲੈ ਕੇ ਆਉਣ। ਸ਼ਹਿਰ ਦੀਆਂ ਸੜਕਾਂ ’ਤੇ ਲੋਕਾਂ ਨੂੰ ਗਲਤ ਦਿਸ਼ਾ ’ਚ ਗੱਡੀ ਚਲਾਉਂਦੇ ਦੇਖਣਾ ਆਮ ਗੱਲ ਹੈ। ਜਦਕਿ ਟ੍ਰੈਫਿਕ ਪੁਲਿਸ ਕਾਰਵਾਈ ਵੀ ਕਰਦੀ ਹੈ ਅਤੇ ਆਪਣੀ ਅਤੇ ਦੂਜਿਆਂ ਦੀ ਜਾਨ ਨੂੰ ਖਤਰੇ ’ਚ ਪਾਉਣ ਵਾਲਿਆਂ ਦੇ ਚਲਾਨ ਵੀ ਕੱਟਦੀ ਹੈ। ਚਲਾਨ ਕੱਟਦੇ ਸਮੇਂ ਜਦੋਂ ਲੋਕਾਂ ਤੋਂ ਪੁਲਿਸ ਮੁਲਾਜਮ ਤੋਂ ਗਲਤ ਦਿਸ਼ਾ ਵਿੱਚ ਗੱਡੀ ਚਲਾਉਣ ਦਾ ਕਾਰਨ ਪੁੱਛਦੇ ਹਨ ਤਾਂ ਅਕਸਰ ਵਾਹਨ ਚਾਲਕਾਂ ਦਾ ਕਹਿਣਾ ਹੁੰਦਾ ਹੈ ਕਿ ਉਹ ਲੇਟ ਹੋ ਰਹੇ ਸੀ, ਅਤੇ ਵਚਾਲੇ ਕੋਈ ਕੱਟ ਨਾ ਹੋਣ ਕਰਕੇ ਵਾਧੂ ਪੈਂਡਾ ਤੈਅ ਕਰਨਾ ਪੈਣਾ ਸੀ ਇਸ ਲਈ ਉਹ ਗਲਤ ਦਿਸ਼ਾ ’ਚ ਚੱਲਦੇ ਹਨ। ਅਜਿਹਾ ਕਰਨ ਵਾਲਿਆਂ ਵਿੱਚ ਪਹਿਲਾ ਨੰਬਰ ਦੋ ਪਹੀਆ ਵਾਹਨ ਚਾਲਕ ਦਾ ਹੈ, ਦੂਜੇ ਨੰਬਰ ’ਤੇ ਆਟੋ ਚਾਲਕ ਅਤੇ ਤੀਜੇ ਨੰਬਰ ’ਤੇ ਕਾਰ ਚਾਲਕ ਹਨ। ਉੱਥੇ ਹੀ ਜਿੱਥੇ ਟਰੈਫਿਕ ਪੁਲਿਸ ਮੁਲਾਜ਼ਮ ਤਾਇਨਾਤ ਨਹੀਂ ਹੁੰਦੇ, ਉਥੇ ਵਾਹਨ ਚਾਲਕ ਟ੍ਰੈਫਿਕ ਨਿਯਮਾਂ ਨੂੰ ਛਿੱਕੇ ਟੰਗ ਗਲਤ ਪਾਸੇ ਚੱਲਣਾ ਆਪਣਾ ਹੱਕ ਸਮਝਦੇ ਹਨ।

# ਬਲਟਾਣਾ ਦੇ ਮੁੱਖ ਬਾਜ਼ਾਰ ਵੱਲ ਜਾਣ ਵਾਲੀ ਸੜਕ ਦੀ ਹਾਲਤ ਬਣੀ ਤਰਸਯੋਗ



**ਜ਼ੀਰਕਪੁਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਬਲਟਾਣਾ ਫਰਨੀਚਰ ਮਾਰਕੀਟ ਤੋਂ ਮੁੱਖ ਬਾਜ਼ਾਰ ਤਕ ਜਾਣ ਵਾਲੀ ਸੜਕ ਦੀ ਮਾੜੀ ਹਾਲਤ ਕਾਰਨ ਸਥਾਨਕ ਵਸਨੀਕਾਂ ਅਤੇ ਦੁਕਾਨਦਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਥਾਵਾਂ ਤੇ ਸੜਕ ਟੁੱਟੀ ਹੋਣ ਕਾਰਨ ਲੋਕਾਂ ਨੂੰ ਪੈਦਲ ਚੱਲਣ ਵਿਚ ਮੁਸ਼ਕਲ ਆ ਰਹੀ ਹੈ। ਖ਼ਾਸ ਕਰਕੇ ਦੁਪਹੀਆ ਵਾਹਨ ਸਵਾਰਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਦੁਪਹੀਆ ਵਾਹਨ ਚਾਲਕਾਂ ਨੂੰ ਉੱਥੋਂ ਲੰਘਣ ਵਿਚ ਮੁਸ਼ਕਲ ਆ ਰਹੀ ਹੈ। ਸੜਕ ’ਤੇ ਪਏ ਟੋਇਆਂ ਕਾਰਨ ਹਾਦਸਿਆਂ ਦਾ ਖ਼ਤਰਾ ਵੱਧ ਗਿਆ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਕੋਈ ਦੋ ਪਹੀਆ ਵਾਹਨ ਸਵਾਰ ਇੱਥੇ ਫਿਸਲ ਕੇ ਡਿੱਗ ਜਾਵੇ, ਤਾਂ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਸੜਕ ਤੇ ਹਰ ਸਮੇਂ ਵਾਹਨਾਂ ਦੀ ਆਵਾਜਾਈ ਰਹਿੰਦੀ ਹੈ। ਸ਼ਹਿਰ ਦੀਆਂ ਕਈ ਸੜਕਾਂ ਦੀ ਹਾਲਤ ਖ਼ਰਾਬ ਹੈ। ਜਿੱਥੋਂ ਵਾਹਨਾਂ ਦਾ ਲੰਘਣਾ ਆਸਾਨ ਨਹੀਂ ਹੈ। ਇਨ੍ਹਾਂ ਸੜਕਾਂ ਨੂੰ ਸੁਧਾਰਨ ਦੀ ਮੰਗ ਵਾਰ-ਵਾਰ ਉੱਠਦੀ ਰਹਿੰਦੀ ਹੈ। ਰਸਮੀ ਕਾਰਵਾਈ ਪੂਰੀ ਕਰਨ ਲਈ, ਨਗਰ ਕੌਂਸਲ ਸੜਕਾਂ ਤੇ ਪੈਚਵਰਕ ਕਰਦੀ ਹੈ ਜਾਂ ਟੋਇਆਂ ਨੂੰ ਭਰਦੀ ਹੈ ਪਰ ਕੁੱਝ ਸਮੇਂ ਬਾਅਦ ਸੜਕਾਂ ਫਿਰ ਖ਼ਰਾਬ ਹੋ ਜਾਂਦੀਆਂ ਹਨ। ਦੂਜਾ ਲਾਪਰਵਾਹੀ ਕਾਰਨ, ਡਰਾਈਵਰ ਆਪਣੇ ਵਾਹਨ ਸੜਕ ਕਿਨਾਰੇ ਜਾਂ ਸੜਕ ਤੇ ਹੀ ਪਾਰਕ ਕਰਦੇ ਹਨ। ਰਾਹਗੀਰਾਂ ਅਤੇ ਦੁਕਾਨਦਾਰਾਂ ਨੇ ਦੱਸਿਆ ਕਿ ਇਸ ਸੜਕ ਦੇ ਟੁੱਟਣ ਦੇ ਕਾਫ਼ੀ ਸਮੇਂ ਬਾਅਦ ਵੀ ਕੋਈ ਵੀ ਅਧਿਕਾਰੀ ਇਸ ਵੱਲ ਧਿਆਨ ਨਹੀਂ ਦੇ ਰਿਹਾ ਸੀ। ਇਸ ਸੜਕ ਤੇ ਕਈ ਥਾਵਾਂ ਤੇ ਟੋਏ ਹਨ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਇੱਥੋਂ ਲੰਘਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ



**ਕੀਰਤਪੁਰ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹਪੁਰ ਬੇਲਾ ਦੇ ਗੁਰਦੁਆਰਾ ਸ਼ਹੀਦ ਸਿੰਘ ਵਿਖੇ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿਸ ਵਿੱਚ ਕੈਬਿਨੇਟ ਮੰਤਰੀ ਸ. ਹਰਜੋਤ ਸਿੰਘ ਬੈਂਸ, ਕਮਿੱਕਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ, ਮਨੀਸ਼ ਬਾਵਾ ਪ੍ਰਧਾਨ ਜ਼ਿਲ੍ਹਾ ਟਰਾਂਸਪੋਰਟ ਵਿੰਗ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਸਮੇਤ ਹਾਜ਼ਰੀ ਲਗਾਈ ਇਸ ਮੌਕੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਨੰਦਪੁਰ ਸਾਹਿਬ ਦਾ ਐਮ.ਐਲ. ਏ ਹੋਣਾ ਹੀ ਸਭ ਤੋਂ ਉੱਚੀ ਪਦਵੀ ਹੈ ਤੇ ਮਾਣ ਵਾਲੀ ਗੱਲ ਹ

ਅਸੀਂ ਬਦਲੇ ਦੀ ਰਾਜਨੀਤੀ ਨਹੀਂ ਕਰਦੇ ਤੇ ਪਾਰਟੀਬਾਜੀ ਦੇ ਉੱਪਰ ਉੱਠ ਕੇ ਸਭ ਦਾ ਵਿਕਾਸ ਕੀਤਾ ਹੈ ਤੇ ਕਰਦੇ ਰਹਾਂਗੇ ਮੈਂ ਸਭ ਦਾ ਮੰਤਰੀ ਹਾਂ ਤੇ ਸਾਰੇ ਪੰਜਾਬ ਵਾਸੀ ਮੇਰੇ ਹਨ ਜੇਕਰ ਕਿਸੇ ਨੂੰ ਵੀ ਕੋਈ ਕੰਮ ਪੈਂਦਾ ਹੈ ਤਾਂ ਤੁਹਾਡੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹੈ ਤੇ ਹਰ ਕਿਸੇ ਲਈ ਦਰਵਾਜੇ ਖੁੱਲੇ ਹਨ ਤੁਹਾਡਾ ਆਪਣਾ ਘਰ ਹੈ ਮੰਤਰੀ ਵੱਲੋਂ ਪਿੰਡ ਵਿੱਚ ਬਣ ਰਹੇ ਪੁੱਲ ਨੂੰ ਗਰਾਂਟ ਦੇਣ ਦਾ ਵਾਅਦਾ ਵੀ ਕੀਤਾ ਉਹਨਾਂ ਕਿਹਾ ਕਿ ਮੈਂ ਭਾਗਾਂ ਵਾਲਾ ਹਾਂ ਕਿ ਮੈਨੂੰ ਇਸ ਧਰਤੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ

ਇਸ ਮੌਕੇ ਉਹਨਾਂ ਦੇ ਨਾਲ ਕਮਿਕਰ ਸਿੰਘ ਢਾਡੀ ਚੇਅਰਮੈਨ, ਕੇਸਰ ਸਿੰਘ ਪ੍ਰਧਾਨ ਮਨੀਸ਼ ਬਾਵਾ ਤਰਲੋਚਨ ਸਿੰਘ ਪ੍ਰਧਾਨ ਟਰੱਕ ਯੂਨੀਅਨ ,ਗੁਰਪ੍ਰੀਤ ਅਰੋੜਾ, ਸੋਨੂ ਚੌਧਰੀ, ਗਫੂਰ ਮੁਹੰਮਦ ਜਰਨਲ ਸਕੱਤਰ ,ਕੁਲਵਿੰਦਰ ਕੌਸ਼ਲ, ਗੁਰਮੀਤ ਸਿੰਘ ਸਾਬਕਾ ਸਰਪੰਚ, ਸਰਬਜੀਤ ਭਟੋਲੀ ,ਜਤਿੰਦਰ ਜੋਸ਼ੀ, ਕੁਲਵੰਤ ਸਿੰਘ, ਮਨੀਸ਼ ਬਾਵਾ, ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਮਹਿਲਾ ਵਿੰਗ, ਕਿਰਨ ਕੁਮਾਰ ਸੋਨੀਆ, ਰਾਧੇ ਸ਼ਾਮ ਮਾਨ ਸਿੰਘ ,ਭੁਪਿੰਦਰ ਸਿੰਘ ਰਜਿੰਦਰ ਸੈਣੀ, ਗਗਨ ਭਾਰਜ, ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਝੱਜ ਚੌਂਕ ਵਿਖੇ ਬਿਨਾਂ ਨੰਬਰ ਪਲੇਟਾਂ ਤੋਂ ਘੇਰਿਆ ਟਿੱਪਰ ਮੌਕੇ ’ਤੇ ਫ਼ੋਨ ਕਰਕੇ ਸੱਦੀ ਪੁਲਿਸ

**ਨੂਰਪੁਰ ਬੇਦੀ , 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹੇ ਵਿਚ ਗ਼ੈਰ ਕਾਨੂੰਨੀ ਮਾਈਨਿੰਗ ਵਿਰੁੱਧ ਵਿੱਢੇ ਸੰਘਰਸ਼ ਤਹਿਤ ਅੱਜ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਝੱਜ ਚੌਂਕ ਵਿਖੇ ਇੱਕ ਬਿਨਾਂ ਨੰਬਰ ਪਲੇਟਾਂ ਤੋਂ ਟਿੱਪਰ ਨੂੰ ਘੇਰ ਲਿਆ। ਟਿੱਪਰ ਨੂੰ ਰੋਕਣ ਉਪਰੰਤ ਅਜੈਵੀਰ ਸਿੰਘ ਲਾਲਪੁਰਾ ਨੇ ਮੌਕੇ ’ਤੇ ਡੀਐਸਪੀ, ਐਸਐਚਓ ਅਤੇ ਚੌਂਕੀ ਇੰਚਾਰਜ ਨੂੰ ਫ਼ੋਨ ਕਰਕੇ ਕਾਰਵਾਈ ਕਰਨ ਲਈ ਸੱਦਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਅਜੈਵੀਰ ਸਿੰਘ ਲਾਲਪੁਰਾ ਨੇ ਰਾਤ 1 ਵਜੇ ਅਗਮਪੁਰ ਪੁੱਲ ’ਤੇ ਖੜ ਕੇ ਗ਼ੈਰ ਕਾਨੂੰਨੀ ਮਾਈਨਿੰਗ ਨੂੰ ਜੱਗ ਜਾਹਿਰ ਕੀਤਾ ਸੀ ਅਤੇ ਪੰਜਾਬ ਵਿਚ ਗ਼ੈਰ ਕਾਨੂੰਨੀ ਮਾਈਨਿੰਗ ਪਿੱਛੇ ਸਿੱਧੇ ਤੌਰ ’ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਿੰਮੇਵਾਰ ਦੱਸਿਆ ਸੀ। ਅੱਜ ਇਸੇ ਕੜੀ ਤਹਿਤ ਲਾਲਪੁਰਾ ਨੇ ਇੱਕ ਟਿੱਪਰ ਨੂੰ ਘੇਰ ਲਿਆ ਜਿਸ ਦੇ ਅੱਗੇ ਤੇ ਪਿੱਛੇ ਨੰਬਰ ਪਲੇਟ ਮੌਜੂਦ ਨਹੀਂ ਸੀ। ਲਾਲਪੁਰਾ ਨੇ ਕਿਹਾ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਮ ਲੋਕ ਜਦੋਂ ਸੜਕਾਂ ’ਤੇ ਕੋਈ ਛੋਟਾ ਜਿਹਾ ਨਿਯਮ ਤੋੜ ਦਿੰਦੇ ਹਨ ਤਾਂ ਪੁਲਿਸ ਪ੍ਰਸ਼ਾਸਨ ਤੁਰੰਤ ਵੱਡਾ ਚਾਲਾਨ ਕੱਟ ਦਿੰਦਾ ਹੈ ਪਰ ਸਾਡੇ ਇਲਾਕੇ ਵਿਚ ਬੇਖ਼ੌਫ ਓਵਰਲੋਡ ਟਿੱਪਰ ਬਿਨਾਂ ਨੰਬਰ ਪਲੇਟਾਂ ਤੋਂ ਘੁੰਮ ਰਹੇ ਹਨ ਅਤੇ ਲੋਕਾਂ ਦੀ ਜਾਨ ਨੂੰ ਖਤਰੇ ’ਚ ਪਾਉਂਦੇ ਹਨ ਤੇ ਇਨ੍ਹਾਂ ’ਤੇ ਕੋਈ ਕਾਰਵਾਈ ਨਹੀਂ ਹੁੰਦੀ। ਉਨ੍ਹਾਂ ਤੁਰੰਤ ਮੌਕੇ ’ਤੇ ਪੁਲਿਸ ਅਧਿਕਾਰੀ ਨੂੰ ਸੱਦਿਆ ਜਿਨ੍ਹਾਂ ਕਾਰਵਾਈ ਕੀਤੀ। ਅਜੈਵੀਰ ਲਾਲਪੁਰਾ ਨੇ ਕਿਹਾ ਕਿ ਇਹ ਕੋਈ ਇਕੱਲਾ ਟਿੱਪਰ ਨਹੀਂ ਜੋ ਸੜਕ ’ਤੇ ਬਿਨਾਂ ਨੰਬਰ ਪਲੇਟਾਂ ਤੋਂ ਚੱਲ ਰਿਹਾ ਸੀ ਬਲਕਿ ਸੈਂਕੜੇ ਹੀ ਟਿੱਪਰ ਇਸ ਇਲਾਕੇ ਵਿਚੋਂ ਦਿਨ ਰਾਤ ਚੱਲਦੇ ਹਨ ਪਰ ਜ਼ਿਲ੍ਹਾ ਪ੍ਰਸ਼ਾਸਨ ਪਤਾ ਨਹੀਂ ਕਿਸ ਦੇ ਦਬਾਅ ਹੈ, ਜੋ ਕਾਰਵਾਈ ਨਹੀਂ ਕਰਦਾ। ਉਨ੍ਹਾਂ ਚੇਤਾਵਨੀ ਭਰੇ ਲਹਿਜ਼ੇ ਵਿਚ ਆਖਿਆ ਕਿ ਗ਼ੈਰ ਕਾਨੂੰਨੀ ਮਾਈਨਿੰਗ ਨੂੰ ਸ਼ਹਿ ਦੇਣ ਵਾਲੇ ‘ਆਪਦਾ’ ਪਾਰਟੀ ਦੇ ਸੱਤਾਧਾਰੀ ਆਗੂ ਬਾਜ਼ ਆ ਜਾਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ 2022 ਤੋਂ ਪਹਿਲਾਂ ਗ਼ੈਰ ਕਾਨੂੰਨ ਮਾਈਨਿੰਗ ਨੂੰ ਰੁਕਵਾਉਣ ਦੇ ਦਮਗਜੇ ਮਾਰਦੀ ਸੀ ਪਰ ਸਰਕਾਰ ਬਣਨ ਤੋਂ ਬਾਅਦ ਗ਼ੈਰ ਕਾਨੂੰਨੀ ਮਾਈਨਿੰਗ, ਗੁੰਡਾਗਰਦੀ ਨੇ ਅੱਤ ਹੀ ਚੁੱਕ ਦਿੱਤੀ। ਉਨ੍ਹਾਂ ਕਿਹਾ ਕਿ ਇਸ ਕਾਲੇ ਧੰਦੇ ਵਿਚੋਂ ਹੁੰਦੀ ਕਮਾਈ ਕੇਜਰੀਵਾਲ ਦੇ ਸਿਆਸੀ ਮਨਸੂਬਿਆਂ ਅਤੇ ਆਪ ਦੇ ਚੋਣ ਪ੍ਰਚਾਰ ਵਿਚ ਖਰਚ ਹੁੰਦਾ ਹੈ, ਜਿਸ ਲਈ ਸਿੱਧੇ ਤੌਰ ’ਤੇ ਪੰਜਾਬ ਦੇ ਮੁੱਖ ਮੰਤਰੀ ਜਿੰਮੇਵਾਰ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਵਾਲ ਕੀਤਾ ਕਿ ਆਖ਼ਰ ਕੁੰਭਕਰਨੀ ਨੀਂਦ ਸੁੱਤਾ ਹੋਇਆ ਪ੍ਰਸ਼ਾ ?ਸਨ ਕਦੋਂ ਜਾਗੇਗਾ ਉਨ੍ਹਾਂ ਕਿਹਾ ਕਿ ਅਕਸਰ ਪੁਲਿਸ ਵੀ ਟਿੱਪਰ ਚਾਲਕ ਦਿਹਾੜੀਦਾਰਾਂ ਨੂੰ ਚਲਾਨਾਂ ਵਿਚ ਨਾਮਜ਼ਦ ਕਰ ਦਿੰਦੀ ਪਰ ਅਸਲ ਦੋਸ਼ੀ ਤਾਂ ਇਨ੍ਹਾਂ ਟਿੱਪਰਾਂ ਦੇ ਮਾਲਕ ਹੁੰਦੇ ਹਨ ਜਿਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ। ਉਨ੍ਹਾਂ ਪੁਲਿਸ ਨੂੰ ਬੇਨਤੀ ਕੀਤੀ ਕਿ ਜ਼ਿਲ੍ਹੇ ਵਿਚ ਗ਼ੈਰ ਕਾਨੂੰਨੀ ਮਾਈਨਿੰਗ ਨੂੰ ਰੋਕਿਆ ਜਾਵੇ ਨਹੀਂ ਤਾਂ ਭਾਰਤੀ ਜਨਤਾ ਪਾਰਟੀ ਦੇ ਹਰੇਕ ਵਰਕਰ ਨੂੰ ਨਾਲ ਕੇ ਧਰਨਾ ਦਿੱਤਾ ਜਾਵੇਗਾ।

# ਨੌਜਵਾਨ ਪੜਾਈ ਅਤੇ ਖੇਡਾਂ ਵਿੱਚ ਵੱਧ ਚੜ੍ਹ ਕੇ ਮੱਲਾਂ ਮਾਰਨ, ਪੰਜਾਬ ਤਦੇ ਹੀ ਦੁਬਾਰਾ ਸੋਨੇ ਦੀ ਚਿੜੀ ਬਣ ਸਕੇਗਾ-ਅਜੈਵੀਰ ਸਿੰਘ ਲਾਲਪੁਰਾ



**ਰੂਪਨਗਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਥਲੀ ਕਲਾ, ਜ਼ਿਲ੍ਹਾ ਰੂਪਨਗਰ, ਵਿੱਚ ਸ਼ੇਰ ਏ ਪੰਜਾਬ ਸਪੋਰਟਸ ਕਲੱਬ ਵੱਲੋਂ 27ਵਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ‘ਤੇ ਖਿਡਾਰੀਆਂ ਨੇ ਉਤਸ਼ਾਹ ਅਤੇ ਜ਼ਬਰਦਸਤ ਜੋਸ਼ ਨਾਲ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ।ਟੂਰਨਾਮੈਂਟ ਦਾ ਆਯੋਜਨ ਸਥਾਨਕ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਵਧਾਉਣ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ। ਇਸ ਮੌਕੇ ਖਿਡਾਰੀਆਂ ਤੇ ਇਲਾਕਾ ਵਾਸੀਆਂ ਦੇ ਰੂਬਰੂ ਹੁੰਦਿਆਂ ਲਾਲਪੁਰਾ ਨੇ ਕਿਹਾ ਕਿ ਫੁੱਟਬਾਲ ਦੀ ਖੇਡ ਨੌਜਵਾਨਾਂ ਵਿੱਚ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਅਜੈਵੀਰ ਸਿੰਘ ਲਾਲਪੁਰਾ ਨੇ ਆਯੋਜਕ ਕਮੇਟੀ ਅਤੇ ਨੌਜਵਾਨ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹੋ ਜਿਹੀਆਂ ਖੇਡਾਂ ਦੇ ਮੁਕਾਬਲੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਹਨ। ਉਨ੍ਹਾਂ ਨੇ ਕਿਹਾ, ਸਾਨੂੰ ਖੇਡਾਂ ਨੂੰ ਅਗਾਂਹ ਵਧਾਉਣ ਲਈ ਹੋਰ ਵੀ ਇਨਾਮੀ ਮੁਕਾਬਲੇ ਅਤੇ ਅਵਸਰ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਵਿੱਚ ਖੇਡਾਂ ਦੀ ਰੁਚੀ ਵਧੇ।

ਟੂਰਨਾਮੈਂਟ ਦੇ ਫਾਈਨਲ ਮੁਕਾਬਲੇ ਵਿੱਚ ਦੋ ਮਜ਼ਬੂਤ ਟੀਮਾਂ ਆਹਮਣੇ-ਸਾਹਮਣੇ ਹੋਈਆਂ, ਜਿੱਥੇ ਖਿਡਾਰੀਆਂ ਨੇ ਆਪਣੀ ਕਾਬਲਿਯਤ ਨਾਲ ਯੋਗ ਖੇਡਕੌਸ਼ਲ ਦਿਖਾਇਆ। ਦਰਸ਼ਕਾਂ ਨੇ ਵੀ ਜ਼ੋਰਦਾਰ ਤਾਲੀਆਂ ਨਾਲ ਆਪਣੇ ਮਨਪਸੰਦ ਟੀਮਾਂ ਨੂੰ ਉਤਸ਼ਾਹਿਤ ਕੀਤਾ।ਟੂਰਨਾਮੈਂਟ ਦੇ ਅੰਤ ‘ਚ, ਵਿਜੇਤਾ ਟੀਮ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨਿਵਾਜੇ ਗਏ। ਅਜੈਵੀਰ ਸਿੰਘ ਲਾਲਪੁਰਾ ਨੇ ਨੌਜਵਾਨਾਂ ਲਈ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਤਾਕੀਦ ਕੀਤੀ ਕਿ ਨੌਜਵਾਨ ਪੜਾਈ ਅਤੇ ਖੇਡਾਂ ਵਿੱਚ ਵੱਧ ਚੜ੍ਹ ਕੇ ਮੱਲਾਂ ਮਾਰਨ, ਪੰਜਾਬ ਤਦੇ ਹੀ ਦੁਬਾਰਾ ਸੋਨੇ ਦੀ ਚਿੜੀ ਬਣ ਸਕੇਗਾ

# ‘ਰੰਗ ਪੰਜਾਬ ਦੇ’ ਫ਼ੈਸ਼ਨ ਸ਼ੋਅ ‘ਚ ਪੰਜਾਬੀ ਵਿਰਾਸਤ, ਫ਼ੈਸ਼ਨ ਤੇ ਸੰਗੀਤ ਦੇ ਵਿਲੱਖਣ ਜਸ਼ਨ ਨੇ ਲੁੱਟਿਆ ਵਿਰਾਸਤੀ ਮੇਲਾ

**ਮੇਅਰ ਕੁੰਦਨ ਗੋਗੀਆ, ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ, ਪ੍ਰਸਿੱਧ ਅਦਾਕਾਰ ਬੀਨੂੰ ਢਿੱਲੋਂ ਤੇ ਡਿਪਟੀ ਕਮਿਸ਼ਨਰ ਸਮੇਤ ਵੱਡੀ ਗਿਣਤੀ ਪੁੱਜੇ ਪਟਿਆਲਵੀ**

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਹੈਰੀਟੇਜ ਫੈਸਟੀਵਲ-2025 ਦੀ ਅੱਜ ਤੀਸਰੀ ਸ਼ਾਮ ਇੱਥੇ ਕਿਲਾ ਮੁਬਾਰਕ ਦੇ ਦਰਬਾਰ ਹਾਲ ਦੇ ਖੁਲ੍ਹੇ ਵਿਹੜੇ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ ‘ਰੰਗ ਪੰਜਾਬ ਦੇ’ ਫ਼ੈਸ਼ਨ ਸ਼ੋਅ ‘ਚ ਪੰਜਾਬੀ ਵਿਰਾਸਤ, ਫ਼ੈਸ਼ਨ ਤੇ ਸੰਗੀਤ ਦੇ ਵਿਲੱਖਣ ਜਸ਼ਨ ਨੇ ਮੇਲਾ ਲੁੱਟ ਲਿਆ। ਇਸ ਉਤਸਵ ਦਾ ਉਦਘਾਟਨ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਪ੍ਰਸਿੱਧ ਪੰਜਾਬੀ ਅਦਾਕਾਰ ਬੀਨੂੰ ਢਿੱਲੋਂ, ਵੱਲੋਂ ਕਿਲ੍ਹਾ ਮੁਬਾਰਕ ਅੰਦਰ ਬਾਬਾ ਆਲਾ ਸਿੰਘ ਦੇ ਧੂਣੇ ‘ਤੇ 260 ਸਾਲਾਂ ਤੋਂ ਵਧੇਰੇ ਸਾਲਾਂ ਤੋਂ ਜਗਦੀ ਆ ਰਹੀ ਜੋਤ ਤੋਂ ਅਗਨੀ ਲਿਆਕੇ ਦੀਪ ਜਗਾਉਣ ਨਾਲ ਕੀਤਾ ਗਿਆ। ਇਸ ਮੌਕੇ ਐਥਨਿਕ ਵਾਕ ਫੈਸ਼ਨ ਸ਼ੋਅ ਦੇ ਹੋਸਟ ਤੇ ਮਸ਼ਹੂਰ ਐਂਕਰ, ਕਲਾਕਾਰ, ਕਵੀ ਤੇ ਗਾਇਕਾ ਸਤਿੰਦਰ ਸੱਤੀ, ਏ.ਡੀ.ਸੀ. (ਜ) ਇਸ਼ਾ ਸਿੰਗਲ, ਮੈਡਮ ਕੰਚਨ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਸਤਿੰਦਰ ਸੱਤੀ ਦੀ ਅਗਵਾਈ ਵਾਲੇ ਐਥਨਿਕ ਵਾਕ ਫੈਸ਼ਨ ਸ਼ੋਅ ਵਿੱਚ ਪੰਜਾਬੀ ਪਹਿਰਾਵਿਆਂ ਦਾ ਆਧੁਨਿਕ ਸੁਮੇਲ ‘ਚ ਮਸ਼ਹੂਰ ਡਿਜ਼ਾਈਨਰ ਐਲੀ ਅਤੇ ਕਿਮ ਨੇ ਪੰਜਾਬੀ ਪਹਿਰਾਵਿਆਂ ਨੂੰ ਇੱਕ ਨਵੇਂ ਰੂਪ ਵਿੱਚ ਪੇਸ਼ ਕੀਤਾ। ਦੋ ਦਰਜਨ ਦੇ ਕਰੀਬ ਮਸ਼ਹੂਰ ਵੱਖ-ਵੱਖ ਮਾਡਲਾਂ ਨੇ ਪਟਿਆਲਸ਼ਾਹੀ ਅੰਦਾਜ਼ ਅਤੇ ਆਧੁਨਿਕ ਫ਼ੈਸ਼ਨ ਦਾ ਮਿਲਾਪ ਦਰਸਾਉਂਦੇ ਹੋਏ, ਰਵਾਇਤੀ ਪੰਜਾਬੀ ਲਿਬਾਸ ਦੀ ਸ਼ਾਨ ਵਿਖਾਈ। ਇਸ ਦੌਰਾਨ ਲੁਪਤ ਹੋ ਰਹੀ ਹੱਥਾਂ ਨਾਲ ਕਢਾਈ, ਭਾਰਤੀ ਆਰਕੀਟੈਕਟ ‘ਤੇ ਅਧਾਰਿਤ ਡਿਜ਼ਾਈਨ ਵਾਲੇ ਕੁੜੀਆਂ ਲਈ ਸਲਵਾਰ ਸੂਟ, ਲਹਿੰਗਾ, ਸ਼ਰਾਰਾ, ਗਰਾਰਾ, ਅਨਾਰਕਲੀ ਅਤੇ ਮੁੰਡਿਆਂ ਲਈ ਸ਼ੇਰਵਾਨੀ, ਕੁੜਤੇ ਅਤੇ ਆਫਰੀਨ ਡਿਜ਼ਾਈਨ ਦੀਆਂ ਜੁੱਤੀਆਂ ਦੇ ਖ਼ੁਦ ਬਣਾਏ ਨਮੂਨੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ।

ਇਸ ਫ਼ੈਸ਼ਨ ਸ਼ੋਅ ‘ਚ ਵਿਰਾਸਤ, ਫ਼ੈਸ਼ਨ ਤੇ ਸੰਗੀਤ ਦੇ ਸੁਮੇਲ ਨੇ ਪੰਜਾਬੀ ਸੱਭਿਆਚਾਰ, ਇਤਿਹਾਸ, ਅਤੇ ਆਧੁਨਿਕ ਰੁਝਾਨਾਂ ਦੇ ਸ਼ਾਨਦਾਰ ਮਿਲਾਪ ਨੇ ਪਟਿਆਲਾ ਹੈਰੀਟੇਜ ਫੈਸਟੀਵਲ ਨੂੰ ਸਿਖ਼ਰਾਂ ‘ਤੇ ਪਹੁੰਚਾ ਦਿੱਤਾ। ਜਦੋਂਕਿ ਸਤਿੰਦਰ ਸੱਤੀ ਨੇ ਆਪਣੇ ਖਾਸ ਅੰਦਾਜ਼ ਨਾਲ ਪੰਜਾਬੀ ਵਿਰਾਸਤ ਅਤੇ ਇਤਿਹਾਸ ਦੀ ਮਹਿਮਾ ਗਾਈ ਤੇ ਦਰਸ਼ਕਾਂ ‘ਚ ਇੱਕ ਵੱਖਰੀ ਭਾਵਨਾਤਮਕ ਲਹਿਰ ਭਰੀ ਤੇ ਦਰਸ਼ਕਾਂ ਦਾ ਮਨ ਮੋਹ ਲਿਆ।ਪ੍ਰਸਿੱਧ ਗਾਇਕਾ ਜੈਸਮਿਨ ਅਖ਼ਤਰ ਨੇ ਆਪਣੀ ਸੁਰੀਲੀ ਆਵਾਜ਼ ‘ਚ ਲੋਕਗੀਤਾਂ ਅਤੇ ਗ਼ਜ਼ਲਾਂ ਦੀ ਭਾਵਪੂਰਤ ਪੇਸ਼ਕਾਰੀ ਕਰਕੇ ਫ਼ੈਸ਼ਨ ਸ਼ੋਅ ਦੀ ਸ਼ਾਮ ਅਨੋਖੀ ਬਣਾ ਦਿੱਤੀ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹੈ ਅਤੇ ਪਟਿਆਲਾ ਵਿਰਾਸਤੀ ਮੇਲਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ। ਕੁੰਦਨ ਗੋਗੀਆ ਨੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਪੰਜਾਬ ਸਰਕਾਰ ਵੱਲੋਂ ਲਾਏ ਜਾ ਰਹੇ ਅਜਿਹੇ ਮੇਲੇ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ ਪੱਧਰ ‘ਤੇ ਇੱਕ ਨਵੀਂ ਪਛਾਣ ਦੇਣਗੇ।

ਇਸ ਮੌਕੇ ਸੀ.ਏ. ਪੀ.ਡੀ.ਏ. ਮਨੀਸ਼ਾ ਰਾਣਾ, ਸਮਾਗਮ ਦੇ ਨੋਡਲ ਅਫ਼ਸਰ ਤੇ ਏ.ਡੀ.ਸੀ. (ਜ) ਇਸ਼ਾ ਸਿੰਗਲ, ਐਸ.ਡੀ.ਐਮ ਸਮਾਣਾ ਤਰਸੇਮ ਚੰਦ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ ਸਮੇਤ ਵੱਡੀ ਗਿਣਤੀ ਪਟਿਆਵਲੀ ਮੌਜੂਦ ਸਨ।

# ਬਾਬਾ ਬਾਲਕ ਨਾਥ ਮੰਦਰ ਤੋਂ ਮਹਾਂ ਸ਼ਿਵਰਾਤਰੀ ਸਬੰਧੀ ਪ੍ਰਭਾਤ ਫੇਰੀ ਸ਼ੁਰੂ

**ਮਾਛੀਵਾੜਾ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮਹਾਂ ਸ਼ਿਵਰਾਤਰੀ ਦਾ ਤਿਉਹਾਰ ਮਾਛੀਵਾੜਾ ਸਾਹਿਬ ਦੇ ਮੰਦਿਰਾਂ ਵਿੱਚ ਬਹੁਤ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ਤੇ ਇਸ ਸਬੰਧੀ ਪ੍ਰਭਾਤ ਫੇਰੀ ਵੀ ਹਰ ਸਾਲ ਕੱਢੀ ਜਾਂਦੀ ਹੈ। ਬਾਬਾ ਬਾਲਕ ਨਾਥ ਮੰਦਿਰ ਦੇ ਪ੍ਰਬੰਧਕਾਂ ਦੀ ਪ੍ਰਭਾਤ ਫੇਰੀ ਕੱਢਣਾ ਸਬੰਧੀ ਇੱਕ ਮੀਟਿੰਗ ਹੋਈ। ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਇਹ ਪ੍ਰਭਾਤ ਫੇਰੀ 19 ਫਰਵਰੀ ਤੋਂ ਸ਼ੁਰੂ ਹੋ ਜਾਵੇਗੀ ਜੋ ਕਿ ਹਰ ਰੋਜ਼ ਬਾਬਾ ਬਾਲਕ ਨਾਥ ਮੰਦਿਰ ਤੋਂ ਸ਼ੁਰੂ ਹੋ ਕੇ ਸ੍ਰੀ ਦੁਰਗਾ ਸ਼ਕਤੀ ਮੰਦਿਰ ਅਤੇ ਸ਼ਹਿਰ ਦੀ ਪਰਿਕਰਮਾ ਕਰਨ ਉਪਰੰਤ ਵਾਪਸ ਬਾਬਾ ਬਾਲਕ ਨਾਥ ਮੰਦਿਰ ਵਿਖੇ ਆ ਕੇ ਸਮਾਪਤ ਹੋਇਆ ਕਰੇਗੀ। ਉਹਨਾਂ ਕਿਹਾ ਕਿ ਸ਼ਿਵਰਾਤਰੀ ਤੱਕ ਇਹ ਪ੍ਰਭਾਤ ਫੇਰੀ ਲਗਾਤਾਰ ਜਾਰੀ ਰਹੇਗੀ ਅਤੇ ਇਸ ਪ੍ਰਭਾਤ ਫੇਰੀ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਭਾਗ ਲੈਂਦੇ ਹਨ ਤੇ ਭਗਵਾਨ ਸ਼ਿਵ ਦੀ ਮਹਿਮਾ ਦਾ ਗੁਣਗਾਨ ਕਰਦੇ ਹਨ। ਇਸ ਮੌਕੇ ਪੰਡਿਤ ਸੁਨੀਲ ਕੁਮਾਰ ਸ਼ਾਸਤਰੀ,ਵਿਜੈ ਕੌੜਾ, ਲਵਲੀ ਸਰੀਨ, ਯਸ਼ਪਾਲ ਸਰੀਨ ਡਿਪਟੀ, ਅਸ਼ਵਨੀ ਭਾਰਦਵਾਜ, ਧਰਮਪਾਲ ਸਰੀਨ, ਮਿੰਦਰ ਪਾਲ, ਯਸ਼ਪਾਲ ਖੇੜਾ, ਰੋਹਿਤ ਖੁੱਲਰ, ਗੁਰਦਿੱਤ ਕਮਲ, ਬਾਬੂ ਰਾਮ, ਰਵਿੰਦਰ ਲ਼ੀਹਲ ਤੇ ਜਗਜੀਤ ਮਹਿਰਾ ਹਾਜ਼ਰ ਸਨ।



ਡਾ. ਮਨੀਸ਼ਾ ਬੱਤਰਾ
98912-71517



ਕਦੇ ਭਾਰਤ ਦੇਸ਼ ਔਰਤਾਂ ਦੇ ਸਨਮਾਨ ਕਰਕੇ ਜਾਣਿਆ ਜਾਂਦਾ ਸੀ ਪਰ ਅਜੋਕੇ ਸਮੇਂ 'ਚ ਕੁੜੀਆਂ ਦੇ ਜਨਮ ਨੂੰ ਕਿਸੇ ਸਰਾਪ ਤੋਂ ਘੱਟ ਨਹੀਂ ਮੰਨਿਆ ਜਾਂਦਾ। ਇਨ੍ਹਾਂ ਦੇ ਪਾਲਣ-ਪੋਸ਼ਣ ਤੋਂ ਲੈ ਕੇ ਪੜ੍ਹਾਈ ਤੇ ਵਿਆਹ ਦੀ ਜ਼ਿੰਮੇਵਾਰੀ ਨੂੰ ਬੋਝ ਮੰਨਿਆ ਜਾਂਦਾ ਹੈ...

# ਭੂਤਾਂ ਦਾ ਡੇਰਾ ਉੱਥੇ ਬੇਟੀ ਨਾ ਹੋਵੇ ਜਿੱਥੇ

ਬਹੁਤੀ ਹੀ ਵਾਰ ਸੁਣੀ-ਸੁਣਾਈ ਗੱਲ ਹੈ ਕਿ ਜਿਸ ਘਰ ਬੇਟੀ ਨਹੀਂ ਹੁੰਦੀ ਉਹ 'ਘਰ ਨਹੀਂ ਭੂਤਾਂ ਦਾ ਡੇਰਾ ਹੁੰਦਾ ਹੈ!'ਹਕੀਕਤ ਇਹ ਵੀ ਹੈ ਕਿ ਅਜੋਕੇ ਸਮੇਂ ਭਾਰਤ ਕੁੜੀਆਂ ਦੀ ਘਾਟ ਨਾਲ ਸਬੰਧਿਤ ਬਹੁਤ ਵੱਡੀ ਸਮੱਸਿਆ ਨਾਲ ਜੂਝ ਰਿਹਾ ਹੈ।

ਸਰਸਰੀ ਨਜ਼ਰੇ ਭਾਵੇਂ ਇਹ ਸਮੱਸਿਆ ਆਮ ਜਿਹੀ ਜਾਪਦੀ ਹੈ ਪਰ ਜੇ ਡੂੰਘਾਈ ਨਾਲ ਝਾਤ ਮਾਰੀ ਜਾਵੇ ਤਾਂ ਇਸ ਤੋਂ ਵੱਡੀ ਕੋਈ ਹੋਰ ਨਹੀਂ। 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਬਾਰੇ ਗੱਲ ਕਰਨ ਵੇਲੇ ਜਿਹੜਾ ਸਵਾਲ ਸਭ ਤੋਂ ਪਹਿਲਾਂ ਮਨ ਵਿਚ ਦਸਤਕ ਦਿੰਦਾ ਹੈ, ਉਹ ਇਹ ਹੈ ਕਿ ਭਾਰਤ ਮਾਂ ਦੇ ਨਾਂ ਤੋਂ ਪਛਾਣ ਰੱਖਣ ਨਾਲੇ ਮੇਰੇ ਦੇਸ਼ ਭਾਰਤ ਵਿਚ ਕੁੜੀਆਂ ਨੂੰ ਪੜ੍ਹਾਉਣ ਤੋਂ ਪਹਿਲਾਂ ਬਚਾਉਣ ਦੀ ਲੋੜ ਕਿਉਂ ਪੈ ਰਹੀ ਹੈ?

## ਪੁਰਾਤਨ ਸੱਭਿਆਚਾਰ

ਪੁਰਾਤਨ ਸੱਭਿਆਚਾਰ ਵਾਲਾ ਸਾਡਾ ਦੇਸ਼ ਆਪਣੀ ਪਰੰਪਰਾਗਤ ਸੰਸਕ੍ਰਿਤੀ ਅਤੇ ਔਰਤਾਂ ਦੇ ਸਨਮਾਨ ਲਈ ਜਾਣਿਆ ਜਾਂਦਾ ਸੀ, ਲੇਕਿਨ ਬਦਲਦੇ ਸਮੇਂ ਵਿਚ ਇਨ੍ਹਾਂ ਕੁੜੀਆਂ ਦੇ ਜਨਮ ਨੂੰ ਕਿਸੇ ਸਰਾਪ ਤੋਂ ਘੱਟ ਨਹੀਂ ਮੰਨਿਆ ਜਾਂਦਾ। ਕੁੜੀਆਂ ਨੂੰ ਪਾਲਣ ਤੋਂ ਲੈ ਕੇ ਉਨ੍ਹਾਂ ਦੀ ਪੜ੍ਹਾਈ ਤੇ ਵਿਆਹ ਨੂੰ ਕਿਸੇ ਪਰਿਵਾਰਕ ਜ਼ਿੰਮੇਵਾਰੀ ਦੀ ਥਾਂ ਬੋਝ ਮੰਨਿਆ ਜਾਂਦਾ ਰਿਹਾ ਹੈ।

## ਖ਼ੁਸ਼ੀ ਜ਼ਾਹਿਰ ਕਰਨਾ

ਬਹੁਤੀ ਥਾਈਂ ਤਾਂ ਕੁੜੀ ਦੇ ਜਨਮ 'ਤੇ ਖ਼ੁਸ਼ੀ ਜ਼ਾਹਿਰ ਕਰਨ ਨੂੰ ਅਨੋਖੀ ਜਿਹੀ ਗੱਲ ਮੰਨੀ ਜਾਂਦੀ ਹੈ। ਅਜਿਹੇ ਸਮੇਂ ਇਹ ਸਵਾਲ ਉੱਠਣੇ ਲਾਜ਼ਮੀ ਹੋ ਜਾਂਦੇ ਹਨ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਦਾ ਆਧਾਰ ਕੀ ਹੈ? ਇਸ ਤੋਂ ਤਾਂ ਸਿਰਫ਼ ਇਹੀ ਗੱਲ ਉੱਭਰਦੀ ਹੈ ਕਿ ਸਾਡੇ ਦੇਸ਼ ਵਿਚ ਬੇਟੀਆਂ 'ਅਸਿੱਖਿਅਤ' ਤੇ 'ਅਸੁਰੱਖਿਅਤ' ਹਨ। ਕੀ ਸਾਡੀਆਂ ਸਰਕਾਰਾਂ ਨੂੰ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਸੋਝੀ ਨਹੀਂ ਹੈ? ਕੀ ਜਨ ਸਾਧਾਰਣ ਨੂੰ ਆਪਣੇ ਦੇਸ਼ ਵਿਚ ਕੁੜੀਆਂ ਦੀ ਘਟ ਰਹੀ ਗਿਣਤੀ ਅਤੇ ਮਾਣ-ਸਨਮਾਨ ਬਾਰੇ ਕੋਈ ਜਾਗਰੂਕਤਾ ਨਹੀਂ ਹੈ?

## ਕੁੜੀਆਂ ਦੀ ਸਥਿਤੀ

ਕੁੜੀਆਂ ਦੀ ਇਸ ਸਥਿਤੀ ਨਾਲ ਸਬੰਧਿਤ ਕਿਸੇ ਵੀ ਗੱਲ ਦਾ ਜਵਾਬ ਲੱਭਣ ਲਈ ਸਾਨੂੰ ਇਤਿਹਾਸਕ ਪੰਨਿਆਂ ਨੂੰ ਫਰੋਲਣ ਦੀ ਕੋਈ ਖ਼ਾਸ ਲੋੜ ਨਹੀਂ ਪੈਂਦੀ ਬਲਕਿ ਕੁਝ ਕੁ ਸਾਲ ਪਿੱਛੇ ਜਾ ਕੇ ਹੀ ਸਾਡੇ ਦੇਸ਼ ਵਿਚਲੀਆਂ ਕੁੜੀਆਂ/ਔਰਤਾਂ ਦੀ ਸਥਿਤੀ ਬਾਰੇ ਪਤਾ ਚੱਲ ਜਾਂਦਾ ਹੈ। ਸਾਲ 2001 ਵਿਚ ਹੋਈ ਜਨ-ਗਣਨਾ ਤੋਂ ਪ੍ਰਾਪਤ ਆਂਕੜਿਆਂ ਅਨੁਸਾਰ ਸਾਡੇ ਦੇਸ਼ ਵਿਚ 0 ਤੋਂ 6 ਸਾਲ ਦੇ ਵਿਚਕਾਰ ਲਿੰਗ ਅਨੁਪਾਤ ਮੁਤਾਬਕ 1000 ਮੁੰਡਿਆਂ ਪਿੱਛੇ ਕੁੜੀਆਂ ਦੀ ਸੰਖਿਆ 927 ਸੀ। ਕਿਸੇ ਵੀ ਦੇਸ਼ ਦੀਆਂ ਕੁੜੀਆਂ ਦੀ ਸਥਿਤੀ ਬਾਰੇ ਜਾਣਨ ਲਈ ਇਹ ਆਂਕੜੇ ਆਪਣੇ-ਆਪ ਵਿਚ ਉੱਥੋਂ ਦੀ ਸਮਾਜਕ/ਸੱਭਿਆਚਾਰ ਸੰਰਚਨਾ 'ਤੇ ਪ੍ਰਸ਼ਨਚਿੰਨ੍ਹ ਲਗਾਉਂਦੇ ਹਨ। ਗੱਲ ਇੱਥੋਂ ਹੀ ਖ਼ਤਮ ਨਹੀਂ ਹੁੰਦੀ ਬਲਕਿ ਵਿਸ਼ਵ ਵਿਚ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ਾਂ ਦੀ ਗਿਣਤੀ ਵਿਚ ਸ਼ਾਮਿਲ ਹੋਣ ਲਈ ਯਤਨਸ਼ੀਲ ਭਾਰਤ 'ਚ ਸਾਲ 2011 ਵਿਚ ਇਨ੍ਹਾਂ ਆਂਕੜਿਆਂ ਵਿਚ ਹੋਰ ਵੀ ਜ਼ਿਆਦਾ ਗਿਰਾਵਟ ਦੇਖਣ ਨੂੰ ਮਿਲੀ, ਜਿਸ ਅੰਤਰਗਤ ਇਹ ਗਿਣਤੀ 1000 ਮੁੰਡਿਆਂ ਤੋਂ ਸਿਰਫ਼ 918 ਕੁੜੀਆਂ ਤਕ ਪਹੁੰਚ ਗਈ ਜੋ ਕਿ ਪਹਿਲਾਂ ਤੋਂ ਵੀ ਘੱਟ ਸੀ।

## ਕਲਿਆਣਕਾਰੀ ਯੋਜਨਾਵਾਂ

ਦੇਸ਼ ਅੰਦਰਲੀਆਂ ਸਾਰੀਆਂ ਸਥਿਤੀਆਂ ਤੋਂ ਜਾਣੂ ਹੁੰਦਿਆਂ ਮੌਜੂਦਾ ਪ੍ਰਧਾਨ ਮੰਤਰੀ, ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਜਨ ਸਾਧਾਰਣ ਲਈ ਕਈ ਕਲਿਆਣਕਾਰੀ ਯੋਜਨਾਵਾਂ ਦਾ ਆਗਾਜ਼ ਕੀਤਾ ਹੈ। ਜਿਨ੍ਹਾਂ ਵਿੱਚੋਂ 22 ਜਨਵਰੀ, 2015 ਵਿਚ ਹਰਿਆਣਾ ਦੇ ਜ਼ਿਲ੍ਹੇ ਪਾਨੀਪਤ ਤੋਂ ਔਰਤਾਂ ਤੇ ਮਰਦਾਂ ਵਿਚਲੀ ਅਸਮਾਨਤਾ ਨੂੰ ਦੂਰ ਕਰਨ ਲਈ ਇਕ ਸਮਾਜਕ ਕਲਿਆਣਕਾਰੀ ਯੋਜਨਾ ਦੇ ਰੂਪ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀ ਸ਼ੁਰੂਆਤ ਕੀਤੀ। ਰਾਸ਼ਟਰੀ ਪੱਧਰ 'ਤੇ, ਸਕੱਤਰ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਪ੍ਰਧਾਨਗੀ ਵਿਚ ਇਕ ਰਾਸ਼ਟਰੀ ਟਾਸਕ ਫੋਰਸ ਨਿਯਮਤ ਆਧਾਰ 'ਤੇ ਇਸ ਯੋਜਨਾ ਦੀ ਵਿਚ ਹੋਣ ਵਾਲੀ ਤਿਮਾਹੀ ਤਰੱਕੀ ਦੀ ਨਿਗਰਾਨੀ ਕਰਦੀ ਹੈ। ਸੂਬਾ ਪੱਧਰ 'ਤੇ ਮੁੱਖ ਸਕੱਤਰ ਦੀ ਪ੍ਰਧਾਨਗੀ ਵਿਚ ਇਕ ਰਾਜ ਟਾਸਕ ਫੋਰਸ ਇਸ ਵਿਚਲੀ ਪ੍ਰਗਤੀ ਦੀ ਨਿਗਰਾਨੀ ਕਰਦੀ ਹੈ।

## ਦਿਸ਼ਾ-ਨਿਰਦੇਸ਼ਨ

ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਕਲੈਕਟਰ (ਡੀਸੀ), ਜ਼ਿਲ੍ਹਾ ਅਧਿਕਾਰੀਆਂ ਦੇ ਮਾਧਿਅਮ ਨਾਲ ਸਾਰੇ ਵਿਭਾਗਾਂ ਦੀ ਕਾਰਵਾਈ ਦਾ ਤਾਲਮੇਲ ਕਰਦੇ ਹਨ ਜੋ ਕਿ ਆਪਣੇ-ਆਪਣੇ ਅਹੁਦਿਆਂ ਅਨੁਸਾਰ ਸੰਪੂਰਨ ਦਿਸ਼ਾ-ਨਿਰਦੇਸ਼ਨ ਅਤੇ ਯੋਜਨਾ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ।

## ਭਰੂਣ-ਹੱਤਿਆ

ਭਾਰਤ ਸਰਕਾਰ ਦੀ ਇਸ ਯੋਜਨਾ ਦੇ ਮੁੱਖ ਉਦੇਸਾਂ ਵੱਲ ਧਿਆਨ ਕੇਂਦ੍ਰਿਤ ਕੀਤਾ ਜਾਵੇ ਤਾਂ ਇਸ ਯੋਜਨਾ ਦਾ ਮੂਲ ਮੰਤਵ ਪੱਖਪਾਤੀ ਲਿੰਗ-ਚੋਣ ਦੀ ਪ੍ਰਕਿਰਿਆ ਕਾਰਣ ਕੁੜੀਆਂ ਦੀ ਭਰੂਣ-ਹੱਤਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਨਾਲ ਸਬੰਧਿਤ ਹੈ। ਇਸ ਦੇ ਨਾਲ ਹੀ ਇਹ ਯੋਜਨਾ ਕੁੜੀਆਂ ਦੀ ਹੋਂਦ ਨੂੰ ਯਕੀਨੀ ਬਣਾਉਣ ਦੇ ਨਾਲ, ਉਨ੍ਹਾਂ ਨੂੰ ਮੁੰਡਿਆਂ ਵਾਂਗ ਸਮਝਣ ਤੇ ਕੁੜੀਆਂ ਦੇ ਜਨਮ ਨੂੰ ਬੋਝ ਨਾ ਸਮਝ ਕੇ ਖ਼ੁਸ਼ੀ ਮਨਾਉਣ ਲਈ ਵੀ ਪ੍ਰੇਰਿਤ ਕਰਦੀ ਹੈ।

## ਸਰਵੇਖਣ

ਗਲੋਬਲ ਪੱਧਰ 'ਤੇ ਕੀਤੇ ਸਰਵੇਖਣ ਬਾਰੇ ਸਾਲ 2012 ਵਿਚ ਜਦੋਂ ਯੂਨੀਸੈਫ ਨੇ ਔਰਤਾਂ ਅਤੇ ਕੁੜੀਆਂ ਦੀ ਸੁਰੱਖਿਆ ਪ੍ਰਤੀ ਆਪਣੇ ਦੁਆਰਾ ਪੇਸ਼ ਆਂਕੜਿਆਂ ਨੂੰ ਪੂਰੇ ਵਿਸ਼ਵ ਸਾਹਮਣੇ ਰੱਖਿਆ ਤਾਂ 195 ਦੇਸ਼ਾਂ ਦੀ ਗਿਣਤੀ ਵਿਚ ਭਾਰਤ ਦਾ ਸਥਾਨ 41 ਵਾਂ ਸੀ। ਇਨ੍ਹਾਂ ਆਂਕੜਿਆਂ ਨੇ ਭਾਰਤ ਵਿਚ ਕੁੜੀਆਂ ਦੀ ਸੁਰੱਖਿਆ 'ਤੇ ਕਈ ਪ੍ਰਕਾਰ ਦੇ ਪ੍ਰਸ਼ਨ ਚਿਨ੍ਹ ਖੜ੍ਹੇ ਕਰ ਦਿੱਤੇ। ਇੱਥੋਂ ਹੀ ਕੁੜੀਆਂ ਦੀ ਭਰੂਣ-ਹੱਤਿਆ ਦੇ ਮਾਮਲਿਆਂ ਬਾਰੇ ਜਾਣਕਾਰੀ ਪ੍ਰਾਪਤ ਹੋਈ।

## ਕੁੜੀਆਂ ਦਾ ਪਾਲਣ-ਪੋਸ਼ਣ

ਯੋਜਨਾ ਨਾਲ ਸਬੰਧਿਤ ਨੁਕਤੇ ਕੁੜੀਆਂ ਦੇ ਪਾਲਣ-ਪੋਸ਼ਣ ਤੇ ਸਿੱਖਿਆ ਪ੍ਰਾਪਤੀ ਨੂੰ ਯਕੀਨੀ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਨ ਵਰਗੇ ਉਦੇਸ਼ਾਂ ਦੀ ਪੂਰਤੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਯਤਨਸ਼ੀਲ ਹਨ।

ਭਾਰਤ ਸਰਕਾਰ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਨੂੰ ਇਕ ਅਭਿਆਨ ਵਾਂਗੂ ਪੂਰੇ ਦੇਸ਼ ਵਿਚ ਲਾਗੂ ਕੀਤਾ ਹੈ। ਇਸ ਲਈ ਭਾਰਤ ਸਰਕਾਰ ਦੁਆਰਾ ਇਸ ਯੋਜਨਾ ਦੀ ਅਨੁਮਾਨਿਤ ਲਾਗਤ 200 ਕਰੋੜ ਨਿਰਧਾਰਤ ਕੀਤੀ ਗਈ ਹੈ। ਇਸ ਵਿੱਚੋਂ 115 ਕਰੋੜ ਰੁਪਏ (ਛੇ ਮਹੀਨਿਆਂ ਲਈ) ਯਾਨੀ ਸ਼ੁਰੂਆਤੀ ਸਾਲ 2014-15 ਦੌਰਾਨ ਜਾਰੀ ਕੀਤਾ ਗਏ। ਇਸ ਦੇ ਨਾਲ ਹੀ 12ਵੀਂ ਪੰਜ ਸਾਲਾ ਯੋਜਨਾ ਦੌਰਾਨ ਕੁੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਲਈ ਮਲਟੀ ਸੈਕਟਰ ਕਾਰਜ-ਯੋਜਨਾ ਦੇ ਅੰਤਰਗਤ ਖ਼ਰਚੇ ਲਈ 100 ਕਰੋੜ ਰੁਪਏ ਅਤੇ ਬਾਕੀ ਸਰੋਤ ਰਾਸ਼ੀ ਨੂੰ ਰਾਸ਼ਟਰੀ 'ਤੇ ਸੂਬਾ ਪੱਧਰ ਤੋਂ ਇਲਾਵਾ ਕਾਰਪੋਰੇਟ ਪੱਧਰ 'ਤੇ ਸਮਾਜਿਕ ਜ਼ਿੰਮੇਵਾਰੀਆਂ ਦੇ ਮਾਧਿਅਮ ਨਾਲ ਜੁਟਾਇਆ ਜਾ ਰਿਹਾ ਹੈ।



### ਕੁੜੀਆਂ ਦੀ ਸਿੱਖਿਆ

*ਯੋਜਨਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੇ ਮੰਤਵ ਅਧੀਨ ਭਾਰਤ ਸਰਕਾਰ ਦੁਆਰਾ ਕੁਝ ਟੀਚਿਆਂ ਨੂੰ ਪ੍ਰਸਤਾਵਤ ਕੀਤਾ ਗਿਆ ਜਿਨ੍ਹਾਂ ਵਿਚ ਕੁੜੀਆਂ ਤੇ ਉਨ੍ਹਾਂ ਦੀ ਸਿੱਖਿਆ ਨੂੰ ਹੱਲਾਸ਼ੇਰੀ ਦੇਣ ਲਈ ਇਸ ਨੂੰ ਇਕ ਸਮਾਜਕ ਅੰਦੋਲਨ ਦੇ ਰੂਪ ਵਿਚ ਸ਼ੁਰੂ ਕੀਤਾ ਹੈ। ਇਸ ਦੇ ਨਾਲ ਹੀ ਇਸ ਮੁੱਦੇ ਨੂੰ ਜਨਤਕ ਰਾਇ ਦਾ ਵਿਸ਼ਾ ਬਣਾਇਆ ਗਿਆ ਹੈ ਤਾਂ ਕਿ ਇਸ ਵਿਚਲੇ ਸੰਸ਼ੋਧਨਾਂ ਦੁਆਰਾ ਚੰਗੇ ਸ਼ਾਸਨ ਦਾ ਪੈਮਾਨਾ ਨਿਰਧਾਰਤ ਕੀਤਾ ਜਾ ਸਕੇ। ਇਸ ਯੋਜਨਾ ਅਧੀਨ ਨਿਮਨ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਦੀ ਪਛਾਣ ਕਰਦਿਆਂ ਉਨ੍ਹਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਤਾਂ ਕਿ ਯੋਜਨਾ ਦੇ ਲਾਗੂ ਕਰਨ ਵਿਚ ਹੋਣ ਵਾਲੀਆਂ ਤਰੁੱਟੀਆਂ ਅੰਤਰਗਤ ਗੰਭੀਰ ਅਤੇ ਏਕੀਕ੍ਰਿਤ ਕਾਰਵਾਈ ਸੰਭਵ ਹੋ ਸਕੇ।*

## ਨਾਰੀ ਸਸ਼ਕਤੀਕਰਨ

ਭਾਰਤ ਸਰਕਾਰ ਦੁਆਰਾ ਇਸ ਯੋਜਨਾ ਸਬੰਧੀ ਕੁਝ ਖ਼ਾਸ ਤੱਥਾਂ ਨੂੰ ਵੀ ਉਭਾਰਿਆ ਗਿਆ ਜਿਸ ਮੁਤਾਬਕ ਇਸ ਯੋਜਨਾ ਵਿਚ ਸਰਕਾਰ ਦੁਆਰਾ ਕਿਸੇ ਵੀ ਪ੍ਰਕਾਰ ਦੇ ਕੈਸ਼ ਟ੍ਰਾਂਸਫ਼ਰ ਕੰਪੋਨੈਂਟ ਦਾ ਪ੍ਰਯੋਜਨ ਨਹੀਂ ਹੈ। ਬਲਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਦੇ ਤਹਿਤ ਸਮਾਜਕ ਵਿਵਸਥਾ ਵਿਚ ਕੁੜੀਆਂ ਪ੍ਰਤੀ ਰੂੜੀਵਾਦੀ ਮਾਨਸਿਕਤਾ ਨੂੰ ਬਦਲਣਾ, ਪੀਸੀ ਤੇ ਪੀਐਨਡੀਟੀ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਕੁੜੀਆਂ ਦੀ ਸਿੱਖਿਆ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਇਸ ਤਹਿਤ ਜੀਵਨ ਚੱਕਰ ਨਿਰੰਤਰਤਾ ਦੇ ਆਧਾਰ 'ਤੇ ਨਾਰੀ ਸਸ਼ਕਤੀਕਰਨ ਨਾਲ ਜੁੜੇ ਮਾਮਲਿਆਂ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਕੁੱਲ ਮਿਲਾ ਕੇ ਇਹ ਕੋਈ ਪ੍ਰਤੱਖ ਲਾਭ ਪ੍ਰਾਪਤ ਯੋਜਨਾ ਨਹੀਂ ਹੈ।

## ਸਮਾਜਿਕ ਤਬਦੀਲੀ

ਇਸ ਤੇ ਇਲਾਵਾ ਵਿਅਕਤੀਗਤ ਅਤੇ ਸੰਸ ਥਾਗਤ ਪੱਧਰ 'ਤੇ ਵੀ ਕੁੜੀਆਂ ਦੇ ਪੱਖ ਵਿਚ ਸਮਾਜਕ ਤਬਦੀਲੀ ਲਿਆਉਣ ਲਈ ਮਹੱਤਵਪੂਰਣ ਸਰੋਤਾਂ ਦੇ ਰੂਪ ਵਿਚ ਔਰਤਾਂ ਦੇ ਸਥਾਨਕ ਸੰਗਠਨਾਂ, ਨੌਜਵਾਨਾਂ ਦੀ ਭਾਗੀਦਾਰੀ, ਪੰਚਾਇਤੀ ਰਾਜ ਸੰਸਥਾਵਾਂ ਅਤੇ ਜ਼ਮੀਨੀ ਪੱਧਰ 'ਤੇ ਜੁੜੇ ਕਾਰਜਕਰਤਾਵਾਂ ਨੂੰ ਪ੍ਰੇਰਿਤ ਅਤੇ ਸਿਖਲਾਈ ਯੁਕਤ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੂੰ ਸਮਾਜਿਕ ਤਬਦੀਲੀ ਦੇ ਪ੍ਰੇਰਕ ਸਰੋਤਾਂ ਦੀ ਭੂਮਿਕਾ ਵਿਚ ਢਾਲਣਾ ਵੀ ਇਸ ਯੋਜਨਾ ਦੇ ਮੁੱਖ ਟੀਚਿਆਂ ਵਿੱਚੋਂ ਇਕ ਹੈ।

## ਸੋਸ਼ਲ ਮੀਡੀਆ

ਯੋਜਨਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਈ ਪ੍ਰਕਾਰ ਦੇ ਨਵੀਨ ਤਕਨੀਕੀ ਸੰਸਾਧਨਾਂ ਦਾ ਪ੍ਰਯੋਗ ਵੀ ਕੀਤਾ ਜਾ ਰਿਹਾ ਹੈ, ਜਿਸ ਅੰਤਰਗਤ ਕੁੜੀਆਂ ਦੇ ਡਿੱਗਦੇ ਲਿੰਗ ਅਨੁਪਾਤ ਦੇ ਮੁੱਦੇ ਉੱਤੇ 'ਬੇਟੀ ਬਚਾਉ, ਬੇਟੀ ਪੜ੍ਹਾਉ' ਨਾਲ ਸਬੰਧਿਤ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਚੈਨਲ ਸ਼ੁਰੂ ਕੀਤਾ ਗਿਆ ਹੈ। ਦੇਸ਼ ਦੀ ਜਨਤਾ ਨੂੰ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਨਾਲ ਜੋੜਨ, ਲੋਕਾਂ ਦੀ ਭਾਗੀਦਾਰੀ ਅਤੇ ਉਨ੍ਹਾਂ ਦਾ ਸਮਰਥਨ ਪ੍ਰਾਪਤ ਕਰਨ ਵਾਸਤੇ MyGov ਪੋਰਟਲ ਨਾਲ ਵੀ ਜੋੜਿਆ ਜਾ ਰਿਹਾ ਹੈ।

## ਮੁਲਾਂਕਣ

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਯੋਜਨਾ ਪੂਰੇ ਦੇਸ਼ ਵਿਚ ਲਾਗੂ ਕੀਤੀ ਗਈ ਹੈ। ਜਿਸ ਅੰਤਰਗਤ ਇਹ ਰਾਸ਼ਟਰੀ ਏਜੰਡੇ ਦੇ ਰੂਪ ਵਿਚ ਬਾਲ ਲਿੰਗਾਨੁਪਾਤ ਵਿਚ ਸੁਧਾਰ ਦੀ ਸਥਾਪਨਾ ਕਰਨ ਵਿਚ ਸਫ਼ਲ ਵੀ ਰਹੀ ਹੈ। ਨਿਰੰਤਰ ਤੌਰ 'ਤੇ ਹੋਣ ਵਾਲੇ ਮੁਲਾਂਕਣ ਸਦਕਾ ਇਸ ਯੋਜਨਾ ਵਿਚ ਕਈ ਪ੍ਰਮੁੱਖ ਪਹਿਲਕਦਮੀਆਂ ਨੂੰ ਉਭਾਰਿਆ ਗਿਆ ਹੈ ਜਿਨ੍ਹਾਂ ਨੂੰ ਸਫ਼ਲਤਾ ਪੂਰਵਕ ਪੂਰੇ ਦੇਸ਼ ਵਿਚ ਲਾਗੂ ਕੀਤਾ ਗਿਆ ਅਤੇ ਕਈ ਗੁਣਾਤਮਕ ਨਤੀਜੇ ਵੀ ਸਾਹਮਣੇ ਆਏ। ਪਿਛਲੇ ਕੁਝ ਸਾਲਾਂ ਤੋਂ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਇੰਟਰਨੈਸ਼ਨਲ ਗਰਲ ਚਾਈਲਡ ਡੇ (ਅੰਤਰਰਾਸ਼ਟਰੀ ਬਾਲੜੀ ਦਿਵਸ) ਹਫ਼ਤੇ ਦੌਰਾਨ 'ਬੇਟੀ ਬਚਾਉ, ਬੇਟੀ ਪੜ੍ਹਾਉ' ਹਫ਼ਤਾ ਅਤੇ ਨਵੇਂ ਭਾਰਤ ਦੀਆਂ ਬੇਟੀਆਂ ਵਰਗੇ ਕਈ ਪ੍ਰੋਗਰਾਮਾਂ ਨੂੰ ਸਫ਼ਲਤਾ ਪੂਰਵਕ ਮਨਾਇਆ ਹੈ।•

### ਪੈਦਾਇਸ਼ੀ ਭੇਦਭਾਵ

*ਲਿੰਗ ਅਨੁਪਾਤ ਵਿਚ ਆਉਣ ਵਾਲੀ ਇਹ ਗਿਰਾਵਟ ਸਿੱਧੇ ਤੌਰ 'ਤੇ ਸਮਾਜ ਵਿਚ ਔਰਤਾਂ ਦੇ ਨੀਵੇਂ ਪੱਧਰ ਵੱਲ ਇਸ਼ਾਰਾ ਕਰਦੀ ਹੈ। ਜੋ ਜਨਮ ਤੋਂ ਪੂਰਵ ਹੋਣ ਵਾਲੇ ਲਿੰਗਕ ਭੇਦਭਾਵ ਤੇ ਉਸ ਦੀ ਪੈਦਾਇਸ਼ ਦੀ ਚੋਣ ਨੂੰ ਲੈ ਕੇ ਕੀਤੇ ਜਾ ਰਹੇ ਪੱਖਪਾਤ ਵੱਲ ਧਿਆਨ ਖਿੱਚਦੀ ਹੈ। ਇਸ ਦੇ ਨਾਲ ਹੀ ਦੇਸ਼ ਵਿਚ ਡਾਕਟਰੀ ਸਹੂਲਤਾਂ ਦੀ ਸਰਲ ਉਪਲਬਧਤਾ ਅਤੇ ਨਵੀਂ ਤਕਨੀਕ ਰਾਹੀਂ ਜਨਮ ਤੋਂ ਪਹਿਲਾਂ ਹੀ ਬੱਚੇ ਦੀ ਚੋਣ ਨੂੰ ਸੰਭਵ ਬਣਾਉਣ ਵਰਗੀਆਂ ਵਿਧੀਆਂ ਨੇ ਵੀ ਦੇਸ਼ ਵਿਚ ਲਿੰਗ ਅਨੁਪਾਤ ਨੂੰ ਵਧਾਉਣ 'ਚ ਵੱਡੀ ਭੂਮਿਕਾ ਨਿਭਾਈ ਹੈ। ਜੇਕਰ ਅੱਜ ਅਸੀਂ ਇਸ ਯੋਜਨਾ ਤਹਿਤ ਕੁੜੀਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਬਾਰੇ ਗੱਲਬਾਤ ਕਰਨਾ ਚਾਹੁੰਦੇ ਹਾਂ ਤਾਂ ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਤੱਕ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਸਬੰਧੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਕਿਉਂ ਕਿ ਜੇਕਰ ਉਹ ਜਨਮ ਹੀ ਨਹੀਂ ਲੈਣਗੀਆਂ ਤਾਂ ਉਨ੍ਹਾਂ ਦੇ ਵਿਕਾਸ ਸਬੰਧੀ ਨੀਤੀਆਂ ਤਾਂ ਸੁਭਾਵਕ ਰੂਪ ਵਿਚ ਹੀ ਬੇਅਰਥ ਹਨ।*



# ਮੇਰੀ ਨਨਦ ਭੈਣਾਂ ਵਰਗੀ

ਜਸਪ੍ਰੀਤ ਕੌਰ ਸੰਘਾ

ਰਿਸ਼ਤਿਆਂ ਦੀ ਮਾਲਾ ਵਿਚ ਅਨੇਕਾਂ ਹੀ ਖੱਟੇ-ਮਿੱਠੇ ਰਿਸ਼ਤੇ ਪਰੋਏ ਹੁੰਦੇ ਹਨ। ਜਿਨ੍ਹਾਂ ਦੀ ਆਪਣੀ ਪਰਿਭਾਸ਼ਾ ਤੇ ਮਹੱਤਵ ਹੁੰਦਾ ਹੈ। ਅਨੁਭਵਾਂ ਨਾਲ ਭਰਪੂਰ ਰਿਸ਼ਤਿਆਂ ਵਿੱਚੋਂ ਇਕ ਰਿਸ਼ਤਾ ਹੈ, ਨਨਦ ਭਰਜਾਈ ਦਾ। ਇਸ ਰਿਸ਼ਤੇ ਵਿਚ ਸਮਝਦਾਰੀ, ਪਿਆਰ ਹੋਵੇ ਤਾਂ ਜਿਹਾ ਪਿਆਰਾ ਰਿਸ਼ਤਾ ਕੋਈ ਹੋਰ ਨਹੀਂ ਹੋ ਸਕਦਾ ਪਰ ਜੇਕਰ ਇਸ ਵਿਚ ਈਰਖਾ ਜਾਂ ਨਫ਼ਰਤ ਹੋਵੇ ਤਾਂ ਘਰ ਵਿਚ ਕਾਟੋ-ਕਲੇਸ਼ ਦਾ ਕਾਰਨ ਵੀ ਇਹੀ ਰਿਸ਼ਤਾ ਬਣਦਾ ਹੈ।

ਜਿਸ ਘਰ ਨਨਦ ਭਰਜਾਈ ਦੇ ਰਿਸ਼ਤੇ ਵਿਚ ਭੈਣਾਂ ਵਾਲਾ ਪਿਆਰ ਹੋਵੇ, ਸਹੇਲੀਆਂ ਵਾਂਗ ਇਕ ਦੂਸਰੇ ਦੇ ਦੁੱਖ-ਸੁੱਖ ਦੀਆਂ ਰਾਜ਼ਦਾਰ ਬਣਨ, ਉਹ ਘਰ ਸਵਰਗ ਬਣ ਜਾਂਦਾ ਹੈ ਪਰ ਦੂਸਰੇ ਪਾਸੇ ਜੇਕਰ ਦੋਵੇਂ ਹਮੇਸ਼ਾ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਨ ਤਾਂ ਉਹੀ ਹੱਸਦਾ-ਵੱਸਦਾ ਘਰ ਨਰਕ ਬਣ ਜਾਂਦਾ ਹੈ। ਇਸ ਰਿਸ਼ਤੇ ਨੂੰ ਫੁੱਲਾਂ ਵਾਂਗ ਮਹਿਕਾਉਣਾ ਹੈ ਜਾਂ ਨਹੀਂ। ਇਸ ਦੀ ਜ਼ਿੰਮੇਵਾਰੀ ਨਨਦ-ਭਰਜਾਈ ਦੋਹਾਂ ਦੀ ਹੁੰਦੀ ਹੈ ਕਿਉਂਕਿ ਜੇ ਇਕ ਧਿਰ ਵੀ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੀ ਹੋ ਜਾਵੇ ਤਾਂ ਰਿਸ਼ਤਿਆਂ ਵਿਚਲਾ ਪਿਆਰ ਖ਼ਤਮ ਹੋ ਜਾਂਦਾ ਹੈ। ਕੁੜੀ ਵਿਆਹ ਕੇ ਜਦੋਂ ਆਪਣੇ ਸਹੁਰੇ ਘਰ ਜਾਂਦੀ ਹੈ ਤਾਂ ਉਸ ਨੂੰ ਸਭ ਤੋਂ ਵੱਧ ਸਹਾਰਾ ਆਪਣੀ ਨਨਦ ਦਾ ਹੀ ਹੁੰਦਾ ਹੈ ਕਿਉਂਕਿ ਸੱਸ ਉਮਰ



ਤੇ ਅਹੁਦੇ ਵਿਚ ਉਸ ਤੋਂ ਵੱਡੀ ਹੋਣ ਕਰਕੇ ਉਹ ਹਰ ਗੱਲ ਉਸ ਨਾਲ ਸਾਂਝੀ ਨਹੀਂ ਕਰ ਸਕਦੀ ਪਰ ਨਨਦ ਉਸ ਦੀ ਹਮ-ਉਮਰ ਹੋਣ ਕਾਰਨ ਉਹ ਉਸ ਨਾਲ ਹਰ ਦੁੱਖ-ਸੁੱਖ ਸਾਂਝਾ ਕਰ ਸਕਦੀ ਹੈ।

ਬਾਬਲ ਦੇ ਘਰ ਹਰ ਧੀ ਦੀ ਸਰਦਾਰੀ ਹੁੰਦੀ ਹੈ ਪਰ ਜਦੋਂ ਉਸ ਦੇ ਵਿਹੜੇ ਨੂੰਹ ਧੀ ਬਣਕੇ ਆ ਜਾਵੇ ਤਾਂ ਧੀਆਂ ਨੂੰ ਉਹ ਸਰਦਾਰੀ ਭਰਜਾਈਆਂ ਨੂੰ ਦੇ ਦੇਣੀ ਚਾਹੀਦੀ ਹੈ ਕਿਉਂਕਿ ਹਰ ਧੀ ਨੇ ਇਕ ਨਾ ਇਕ ਦਿਨ ਬਾਬਲ ਦਾ ਘਰ ਛੱਡ ਪਰਦੇਸਣ ਹੋਣਾ ਹੀ ਹੁੰਦਾ ਹੈ। ਉਸ ਘਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਤਾਂ ਨੂੰਹ ਦੀ ਹੀ ਹੁੰਦੀ ਹੈ। ਸਾਡੇ ਲੋਕ ਗੀਤਾਂ ਵਿਚ ਵੀ ਇਸ ਗੱਲ ਦਾ ਵਰਨਣ ਹੈ ਕਿ ਜਿੱਥੇ ਨਨਦਾਂ ਦੀ ਮੁਖ਼ਤਿਆਰੀ ਹੁੰਦੀ ਹੈ ਉੱਥੇ ਕਲੇਸ਼ ਹੀ ਰਹਿੰਦਾ ਹੈ :

ਜਿੱਥੇ ਨਨਦਾਂ ਦੀ ਸਰਦਾਰੀ
ਉਹ ਘਰ ਨਹੀ ਵਸਦ...

ਭਰਜਾਈ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਨਨਦ ਚਾਹੇ ਛੋਟੀ ਹੋਵੇ ਜਾਂ ਵੱਡੀ, ਉਸ ਨੂੰ ਪੂਰਾ ਪਿਆਰ ਸਤਿਕਾਰ ਦੇਵੇ। ਉਸੇ ਤਰ੍ਹਾਂ ਨਨਦ ਦੇ ਚਾਅ ਲਾਡ ਕਰੇ ਜਿਸ ਤਰ੍ਹਾਂ ਉਹ ਆਪਣੇ ਮਾਪਿਆਂ ਦੇ ਕਰਦੀ ਹੈ ਤਾਂ ਇਸ ਰਿਸ਼ਤੇ ਵਿਚ ਕੁੜੱਤਣ ਕਦੇ ਆਵੇ ਹੀ ਨਾ। ਕਈ ਵਾਰ ਘਰ ਦੇ ਛੋਟੇ-ਛੋਟੇ ਕੰਮਾਂ ਨੂੰ ਲੈ ਕੇ ਨਨਦ ਭਰਜਾਈ ਦੀ ਆਪਸ ਵਿਚ ਨੋਕ ਝੋਕ ਹੁੰਦੀ ਰਹਿੰਦੀ ਹੈ। ਅਜਿਹੇ ਵਿਚ ਸੱਸ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਜੇਕਰ ਸੱਸ ਨੂੰਹ ਅਤੇ ਧੀ ਵਿਚ ਫ਼ਰਕ ਨਾ ਕਰੇ ਤੇ ਘਰ ਦੇ ਕੰਮ ਦੋਹਾਂ ਨੂੰ ਵੰਡ ਕੇ ਦੇ ਦੇਵੇ ਤਾਂ ਇਹ ਸਮੱਸਿਆ ਵੀ ਖ਼ਤਮ ਹੋ ਜਾਵੇਗੀ। ਜੇਕਰ ਘਰ ਵਿਚ ਨੂੰਹ ਨੂੰ ਧੀ ਵਾਂਗ ਪਿਆਰ ਦਿੱਤਾ ਜਾਵੇ ਤਾਂ ਨਨਦ ਭਰਜਾਈ ਆਪਣੇ ਆਪ ਦੋਵੇਂ ਭੈਣਾਂ ਵਾਂਗ ਰਹਿਣਗੀਆਂ। ਸੱਚ ਇਹੀ ਹੈ ਕਿ ਮਾਂ-ਬਾਪ ਤੋਂ ਬਾਅਦ ਪੇਕੇ ਭਰਾਵਾਂ- ਭਰਜਾਈਆਂ ਨਾਲ ਹੀ ਹੁੰਦੇ ਹਨ। ਜੇਕਰ ਰਿਸ਼ਤੇ ਵਿਚ ਪਿਆਰ ਹੋਵੇ ਤਾਂ ਪੇਕਿਆਂ ਦਾ ਸਾਥ ਸਦਾ ਸਲਾਮਤ ਰਹਿੰਦਾ ਹੈ। ਨਨਦ ਭਰਜਾਈ ਦੇ ਰਿਸ਼ਤੇ ਵਿਚ ਕੁੜੱਤਣ ਆਉਣ ਨਾਲ ਭਰਾਵਾਂ ਦਾ ਸਾਥ ਵੀ ਹੌਲੀ-ਹੌਲੀ ਛੁੱਟ ਹੀ ਜਾਂਦਾ ਹੈ। ਅਸਲ ਵਿਚ ਪੇਕਾ ਘਰ ਹੁੰਦਾ ਹੀ ਭਰਜਾਈਆਂ ਨਾਲ ਹੈ। ਇਸੇ ਲਈ ਤਾਂ ਕਿਹਾ ਗਿਆ ਹੈ :

ਜਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੀ ਦੁੱਧ ਦਿੰਦੀਆਂ ।•

99150-33176

ਪ੍ਰੋ. ਬੇਅੰਤ ਬਾਜਵਾ

ਗਹਿਣੇ ਵਿਅਕਤੀ ਦੀ ਆਰਥਿਕ ਖ਼ੁਸ਼ਹਾਲੀ ਦੇ ਪ੍ਰਤੀਕ ਹੁੰਦੇ ਹਨ। ਪੁਰਾਤਨ ਸਮੇਂ ਸੋਨੇ ਚਾਂਦੀ ਦੇ ਗਹਿਣੇ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ...



# ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਗਹਿਣੇ

ਗਹਿਣੇ ਮਨੁੱਖੀ ਸ਼ਿੰਗਾਰ ਦਾ ਹਮੇਸ਼ਾਂ ਤੋਂ ਅਹਿਮ ਅੰਗ ਰਹੇ ਹਨ। ਪੰਜਾਬ ਦੇ ਹਰ ਵਰਗ ਦੇ ਲੋਕ ਆਪਣੀ ਆਰਥਿਕ ਸਮਰਥਾ ਮੁਤਾਬਕ ਸੋਨੇ, ਚਾਂਦੀ ਅਤੇ ਪਿੱਤਲ ਦੇ ਗਹਿਣੇ ਪਹਿਨਦੇ ਹਨ। ਪੁਰਾਤਨ ਪੰਜਾਬ 'ਚ ਔਰਤਾਂ ਸਿਰ ਤੋਂ ਪੈਰਾਂ ਤਕ ਸਰੀਰ ਦੇ ਅੰਗਾਂ 'ਤੇ ਗਹਿਣੇ ਪਹਿਨਦੀਆਂ ਸਨ। ਕਈ ਕਹਾਵਤਾਂ ਤੋਂ ਪਤਾ ਚਲਦਾ ਹੈ ਕਿ ਪੁਰਾਤਨ ਪੰਜਾਬ ਵਿਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਰੰਗ ਰੂਪ ਨੂੰ ਸ਼ਿੰਗਾਰਦੀਆਂ ਸਨ।

ਗਹਿਣਾ ਅਸਲ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਆਰਥਿਕ ਖ਼ੁਸ਼ਹਾਲੀ, ਪਿਆਰ-ਮੁਹੱਬਤ ਆਦਿ ਦੇ ਪ੍ਰਗਟਾਵੇ ਦਾ ਪ੍ਰਤੀਕ ਹੈ। ਕਿਸੇ ਵੇਲੇ ਸੋਨੇ ਚਾਂਦੀ ਦੇ ਗਹਿਣੇ ਪੁਰਾਤਨ ਸਮੇਂ 'ਚ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ। ਜਿਸ ਦੀ ਥਾਂ ਹੁਣ ਬਣਾਵਟੀ ਗਹਿਣਿਆਂ ਨੇ ਲੈ ਲਈ ਹੈ। ਪੰਜਾਬ ਦੇ ਲੋਕ ਗਹਿਣੇ ਸਾਡੇ ਸੱਭਿਆਚਾਰ ਦੇ ਪਿੜ 'ਚੋਂ ਲਗਪਗ ਮਨਫ਼ੀ ਹੋ ਗਏ ਹਨ। ਨਵੀਂ ਪੀੜ੍ਹੀ ਤਾਂ ਇਨ੍ਹਾਂ ਗਹਿਣਿਆਂ ਤੋਂ ਬਿਲਕੁਲ ਅਣਜਾਣੀ ਹੈ। ਪੁਰਾਣੇ ਪੰਜਾਬ 'ਚ ਔਰਤਾਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿਚ ਕਈ ਤਰ੍ਹਾਂ ਦੇ ਗਹਿਣੇ ਸ਼ਾਮਲ ਸਨ। ਮੁਟਿਆਰਾਂ ਨੱਕ ਵਿਚ ਤੀਲੀ ਬਹੁਤ ਹੀ ਚਾਅ ਨਾਲ ਪਹਿਨਦੀਆਂ ਸਨ। ਤੀਲੀ ਅਸਲ ਵਿਚ ਇਕ ਬਾਰੀਕ ਮੇਖ-ਨੁਮਾ ਗਹਿਣਾ ਹੁੰਦਾ ਸੀ। ਜਿਸ ਉੱਪਰ ਇਕ ਛੋਟਾ ਜਿਹਾ ਨਗ ਲੱਗਾ ਹੁੰਦਾ ਸੀ। ਲੌਂਗ ਇਕ ਹੋਰ ਸੁੰਦਰ ਗਹਿਣਾ ਸੀ। ਲੌਂਗ ਵਿਚਾਲੇ ਇਕ ਵੱਡਾ ਨਗ ਜੜ੍ਹਿਆ ਹੁੰਦਾ ਸੀ। ਇਸ ਨੂੰ ਆਲੇ-ਦੁਆਲਿਓ ਹੋਰ ਛੋਟੇ ਨਗਾਂ ਨੇ ਘੇਰਿਆ ਹੁੰਦਾ ਸੀ। ਜਿਸ ਦੇ ਗੁਆਚਣ ਦੇ ਡਰ ਨੂੰ ਪੰਜਾਬੀ ਲੋਕ ਗੀਤਾਂ ਵਿਚ ਕਲਮਬੰਦ ਕੀਤਾ ਗਿਆ ਹੈ।

ਚੀਰੇ ਵਾਲਿਆ ਵੇਖਦਾ ਆਈਂ ਵੇ,
ਮੇਰਾ ਲੌਂਗ ਗੁਆਚਾ...

ਇਸੇ ਤਰ੍ਹਾਂ ਮੱਛਲੀ ਨੱਕ ਦੀਆਂ ਦੋਵਾਂ ਨੁਾਸਾਂ ਦੇ ਵਿਚਕਾਰਲੀ ਹੱਡੀ ਵਿਚ ਪਹਿਨੀ ਜਾਂਦੀ ਸੀ। ਨੱਥ ਵਿੰਨ੍ਹੇ ਨੱਕ ਦੀ ਗਲੀ ਤੋਂ ਸ਼ੁਰੂ ਹੋ ਕੇ ਇਕ ਗੁਲਾਈ ਦੀ ਤਰ੍ਹਾਂ ਖੱਬੇ ਪਾਸੇ ਵਾਲਾਂ ਨਾਲ ਜੁੜ ਜਾਂਦੀ ਸੀ। ਇਨ੍ਹਾਂ ਗਹਿਣਿਆਂ ਤੋਂ ਇਲਾਵਾ ਨੱਕ ਵਿਚ ਕੋਕਾ, ਬੁਲਾਕ, ਮੇਖ, ਬੇਸਰਾ ਅਤੇ ਨੁਕਰਾ ਆਦਿ ਗਹਿਣੇ ਪਹਿਨਣ ਦਾ ਰਿਵਾਜ ਸੀ। ਪੁਰਾਤਨ ਸਮੇਂ ਵਿਚ ਕੰਨਾਂ ਵਿਚ ਪਹਿਨਣ ਲਈ ਸਭ ਤੋਂ ਪ੍ਰਚੱਲਿਤ ਗਹਿਣਾ ਪਿੱਪਲ ਪੱਤੀਆਂ ਸਨ। ਔਰਤਾਂ ਇਸ ਨੂੰ ਪਹਿਨਣ 'ਚ ਬੜੀ ਸ਼ਾਨ ਸਮਝਦੀਆਂ ਸਨ। ਇਸ ਗਹਿਣੇ ਨਾਲ ਪਿੱਪਲ ਦੇ ਪੱਤਿਆਂ ਵਾਂਗ ਦੋ-ਤਿੰਨ ਪੱਤੇ ਜਿਹੇ ਲੱਗੇ ਹੁੰਦੇ ਸਨ। ਇਸ ਗਹਿਣੇ ਦੀ ਸੁੰਦਰਤਾ ਬਾਰੇ ਪੰਜਾਬੀ ਲੋਕ ਗੀਤਾਂ ਵਿਚ ਵੀ ਜ਼ਿਕਰ ਕੀਤਾ ਗਿਆ ਹੈ। ਤੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਸਨ। ਇਸ ਤੋਂ ਇਲਾਵਾ ਕੰਨਾਂ ਵਿਚ ਕਾਂਟੇ, ਢੇਡੂ, ਝੁਮਕੇ, ਡੰਡੀਆਂ, ਲੋਟਣ, ਬੂੰਦੇ, ਸੋਨ ਚਿੜੀਆਂ, ਟੌਪਸ, ਕੰਢੀ, ਝੁਮਕੇ, ਰੇਲਾਂ, ਮਾਮੇ ਮੁਰਕੀਆਂ ਅਤੇ ਬਹਾਦਰਨੀਆਂ ਆਦਿ ਗਹਿਣੇ ਪਹਿਨੇ ਜਾਂਦੇ ਸਨ। ਗਲੇ ਦੁਆਲੇ ਪਹਿਨੇ ਜਾਣ ਵਾਲੇ ਗਹਿਣਿਆਂ ਵਿਚ ਹਾਰ, ਰਾਣੀ ਹਾਰ, ਤੱਗਾ, ਹਮੇਲ, ਇਨਾਮ ਅਤੇ ਬੁਘਤੀਆਂ ਜ਼ੰਜੀਰੀ, ਚੌਕੀ, ਹੱਸ, ਤਵੀਤ, ਮੱਖੀ, ਹੌਲਦਿਲੀ, ਚੁਟਾਲਾ, ਲੌਕਟ, ਪੈਂਡਲ, ਸਿੰਘ ਤਵੀਤ, ਗੁਲੂਬੰਦ, ਤੰਦੀਰਾ, ਮਾਲਾ, ਨੌਂ ਰਤਨਾ ਸੈੱਟ ਆਦਿ ਸ਼ਾਮਿਲ ਸਨ।

ਸੱਗੀ ਫੁੱਲ ਨੂੰ ਔਰਤਾਂ ਆਪਣੇ ਸਿਰ 'ਤੇ ਸਜਾਉਂਦੀਆਂ ਸਨ।

ਸਿਰ ਦੇ ਪਿਛਲੇ ਹਿੱਸੇ ਉੱਤੇ ਵਾਲਾਂ ਦੀਆਂ ਮੀਢੀਆਂ ਕਰ ਕੇ ਖੱਬੇ ਅਤੇ ਸੱਜੇ ਪਾਸੇ ਦੋ ਫੁੱਲ ਲਗਾਏ ਜਾਂਦੇ ਸਨ



ਅਤੇ ਇਨ੍ਹਾਂ ਫੁੱਲਾਂ ਦੇ ਵਿਚਕਾਰ ਸੱਗੀ ਲਗਾਈ ਜਾਂਦੀ ਸੀ। ਸ਼ਿੰਗਾਰ ਪੱਟੀ, ਟਿੱਕਾ, ਝੂੰਮਰ ਸੂਈ, ਬਘਿਆੜੀ, ਨੂੰਨੀਆਂ, ਦਾਉਣੀ, ਛੱਬਾ, ਚੌਂਕ, ਬੰਦ ਅਤੇ ਬੋਰਲਾ ਆਦਿ ਗਹਿਣੇ ਵੀ ਔਰਤਾਂ ਦੀ ਧਰੋਹਰ ਸਨ। ਗਜਰੇ, ਬਾਜੂਬੰਦ, ਗੋਖੜੂ, ਪਹੁੰਚੀ, ਕੰਗਣ ਅਤੇ ਕਲੀਰੇ ਆਦਿ ਵੀਣੀ ਦੇ ਪ੍ਰਮੁੱਖ ਗਹਿਣੇ ਸਨ ਜੋ ਔਰਤਾਂ ਦੀਆਂ ਵੀਣੀਆਂ ਨੂੰ ਚਾਰ ਚੰਨ ਲਾਉਂਦੇ ਸਨ। ਪੁਰਾਤਨ ਸਮਿਆਂ ਵਿਚ ਹੱਥ ਦੀਆਂ ਉਂਗਲਾਂ ਵਿਚ ਮੁੰਦਰੀ, ਛਾਪ, ਕਲੀਚੜੀ ਅਤੇ ਆਰਸੀ ਆਦਿ ਗਹਿਣੇ ਪਹਿਨੇ ਜਾਂਦੇ ਸਨ। ਇਸ ਤਰ੍ਹਾਂ ਪੈਰਾਂ ਦੀਆਂ ਪੰਜ ਉਂਗਲਾਂ ਵਿਚ ਇੱਕੋ ਜਿਹੀਆਂ ਪੰਜ ਛਾਪਾਂ ਪਹਿਨੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪੰਜ ਅੰਗਲਾਂ ਕਹਿੰਦੇ ਸਨ। ਇਨ੍ਹਾਂ ਤੋਂ ਇਲਾਵਾ ਪੰਜੇਬਾਂ, ਪਟੜੀਆਂ, ਲੱਛੇ, ਝਾਂਜਰਾਂ, ਬਾਂਕਾਂ ਅਤੇ ਬਿਛੂਏ ਆਦਿ ਪੈਰਾਂ ਦੀਆਂ ਉਂਗਲਾਂ ਵਿਚ ਪਹਿਨੇ ਜਾਣ ਵਾਲੇ ਗਹਿਣੇ ਸਨ। ਔਰਤਾਂ ਤੋਂ ਇਲਾਵਾ ਪੰਜਾਬੀ ਮਰਦ ਵੀ ਕਿਸੇ ਗੱਲੋਂ ਘੱਟ ਨਹੀ ਸਨ। ਉਹ ਵੀ ਕੈਂਠਾ, ਸੋਨੇ ਦਾ ਕੜਾ, ਸੋਨੇ ਦੀ ਜ਼ੰਜੀਰੀ, ਨੱਤੀਆਂ, ਤਵੀਤੀਆਂ ਅਤੇ ਕੰਨਾਂ ਵਿਚ ਵਾਲੇ ਆਦਿ ਗਹਿਣੇ ਪਹਿਨਦੇ ਸਨ। ਅੱਜ ਸਾਡੀ ਅਮੀਰ ਧਰੋਹਰ ਲੁਪਤ ਹੋ ਗਈ ਹੈ। ਅਜੋਕੀ ਪੀੜ੍ਹੀ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਗਈ ਹੈ ਜਿਸ ਨਾਲ ਪੰਜਾਬੀਆਂ ਦੀ ਜੀਵਨ ਸ਼ੈਲੀ ਵਿਚ ਬਣਾਉਟੀਪਣ ਆ ਗਿਆ ਹੈ। ਲੋੜ ਹੈ ਪੁਰਾਣੇ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦੀ ਤਾਂ ਜੋ ਅਜੋਕੀ ਪੀੜ੍ਹੀ ਇਸ ਧਰੋਹਰ ਨੂੰ ਅਪਣਾ ਸਕੇ।•

70878-00168

### ਸੱਗੀ ਫੁੱਲ

*ਸੱਗੀ ਫੁੱਲ ਔਰਤ ਦਾ ਗਹਿਣਾ ਹੈ। ਔਰਤਾਂ ਆਪਣੀ ਦਿੱਖ ਨੂੰ ਨਿਖਾਰਨ ਲਈ ਸ਼ਿੰਗਾਰ ਦੇ ਨਾਲ-ਨਾਲ ਅਨੇਕਾਂ ਤਰ੍ਹਾਂ ਦੇ ਗਹਿਣਿਆਂ ਨੂੰ ਵੀ ਪਹਿਨਦੀਆਂ ਰਹੀਆਂ ਹਨ। ਜਿਨ੍ਹਾਂ 'ਚ ਸੱਗੀ ਫੁੱਲ ਵੀ ਹੈ। ਸੱਗੀ ਸਿਰ ਦਾ ਗਹਿਣਾ ਹੈ ਜੋ ਸਿਰ ਦੇ ਵਿਚਕਾਰ ਪਹਿਨਿਆ ਜਾਂਦਾ ਹੈ। ਇਸ ਨਾਲ ਸਿਰ ਦੀ ਚੁੰਨੀ, ਫੁਲਕਾਰੀ ਆਦਿ ਨੂੰ ਟਿਕਾਈ ਰੱਖਣ ਵਿਚ ਸਹਾਇਤਾ ਮਿਲਦੀ ਹੈ। ਇਹ ਅਰਧ ਗੋਲੇ ਦੀ ਸ਼ਕਲ ਵਿਚ ਹੁੰਦਾ ਹੈ ਜਿਸ ਉੱਤੇ ਨਗ ਜੜਿਆ ਹੁੰਦਾ ਹੈ। ਇਸ ਦੇ ਆਲੇ ਦੁਆਲੇ ਫੁੱਲਾਂ ਦੇ ਨਮੂਨੇ ਉੱਕਰੇ ਹੁੰਦੇ ਹਨ। ਸੱਗੀ ਦੀਆਂ ਕਿਸਮਾਂ ਦੀ ਗਿਣਤੀ ਅੱਧੀ ਦਰਜਨ ਦੇ ਲਗਪਗ ਹੈ। ਪੁਰਾਣੇ ਸਮੇਂ ਔਰਤਾਂ ਸੱਗੀ ਫੁੱਲ, ਟਿੱਕੇ, ਨੱਥ, ਨਾਂ ਤਵੀਤ, ਕਾਂਟੇ ਵਾਲੀਆਂ, ਚੰਦ, ਬੰਦ ਗੋਖੜੂ, ਤਵੀਤ, ਤੀਲੀ ਆਦਿ ਗਹਿਣਿਆਂ ਪਹਿਨਦੀਆਂ ਸਨ। ਬੇਸ਼ੱਕ ਪੁਰਾਤਨ ਗਹਿਣੇ ਆਧੁਨਿਕ ਫੈਸ਼ਨ ਦਾ ਹਿੱਸਾ ਨਹੀਂ ਰਹੇ, ਪਰ ਇਹ ਸਾਡੇ ਵਿਰਸੇ ਦਾ ਇਕ ਅੰਗ ਹਨ।*





# ਕੈਂਸਰ ਨਾਲ ਜੂਝਦੀ ਮਨੁੱਖਤਾ

**ਆਓ! ਤੰਦਰੁਸਤ ਜੀਵਨ-ਸ਼ੈਲੀ ਅਪਨਾ ਕੇ ਅਤੇ ਕੁਦਰਤ ਨਾਲ ਛੇੜਛਾੜ ਬੰਦ ਕਰੀਏ ਅਤੇ ਜ਼ਿੰਦਗੀ ਦੀ ਰਹਿਮਤ ਨੂੰ ਕੈਂਸਰ ਦੀ ਮਾਰ ਤੋਂ ਬਚਾ ਲਈਏ!**

• ਗੁਰਤੇਜ ਸਿੰਘ

ਕੈਂਸਰ ਦਾ ਨਾਂ ਸੁਣਦਿਆਂ ਹੀ ਲੋਕ ਸਹਿਮ ਜਾਂਦੇ ਹਨ। ਇਸ ਨਾਮੁਰਾਦ ਬਿਮਾਰੀ ਦਾ ਖ਼ੌਫ਼ ਹੀ ਐਨਾ ਹੈ ਕਿ ਜ਼ਿਆਦਾਤਰ ਲੋਕ ਇਸ ਬਿਮਾਰੀ ਦਾ ਨਾਂ ਲੈਣ ਤੋਂ ਵੀ ਝਿਜਕਦੇ ਹਨ। ਪਿੰਡਾਂ 'ਚ ਲੋਕ ਇਸ ਰੋਗ ਦਾ ਨਾਂ ਜ਼ੁਬਾਨ 'ਤੇ ਲਿਆਉਣਾ ਅਸ਼ੁਭ ਮੰਨਦੇ ਹਨ। ਕੈਂਸਰ ਨੇ ਮਨੁੱਖਤਾ ਦੇ ਪੈਰੀਂ ਅਜਿਹਾ ਨਾਗਵਲ ਪਾਇਆ ਹੈ ਜਿਸ ਵਿਚ ਪੂਰੀ ਦੁਨੀਆ ਜਕੜੀ ਜਾ ਰਹੀ ਹੈ। ਅਜਗਰ ਵਾਂਗ ਇਹ ਬਿਮਾਰੀ ਮਾਨਵਤਾ ਨੂੰ ਨਿਗਲਦੀ ਜਾ ਰਹੀ ਹੈ ਜੋ ਵਿਸ਼ਵ ਵਿਆਪੀ ਚਿੰਤਾ ਦਾ ਵਿਸ਼ਾ ਹੈ।

ਕੈਂਸਰ ਨੂੰ ਲੈ ਕੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਮਨੁੱਖੀ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ? ਮਨੁੱਖੀ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਸਰੀਰ ਦੇ ਸਾਰੇ ਕਾਰਜ ਸੈੱਲਾਂ ਅਤੇ ਸਰੀਰ 'ਚ ਮੌਜੂਦ ਦ੍ਰਵਾਂ ਜਿਵੇਂ ਖ਼ੂਨ, ਹਾਰਮੋਨ ਰਾਹੀਂ ਹੁੰਦੇ ਹਨ। ਇਨ੍ਹਾਂ ਸੈੱਲਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਇਕ ਦੂਜੇ ਸੈੱਲ ਨਾਲ ਜੁੜੇ ਹੁੰਦੇ ਹਨ। ਸਰੀਰ ਦੇ ਸੈੱਲ ਸਾਧਾਰਨ ਤਰੀਕੇ ਨਾਲ ਬਣਦੇ ਹਨ ਤੇ ਉਨ੍ਹਾਂ 'ਚ ਵੰਡ ਆਮ ਢੰਗ ਨਾਲ ਕੁਦਰਤੀ ਹੁੰਦੀ ਰਹਿੰਦੀ ਹੈ। ਇਨ੍ਹਾਂ ਸੈੱਲਾਂ ਦਾ ਜੀਵਨ ਕਾਲ ਨਿਰਧਾਰਤ ਹੁੰਦਾ ਹੈ ਤੇ ਆਪਣੇ ਆਪ ਪ੍ਰਕ੍ਰਿਆ ਰਾਹੀਂ ਨਸ਼ਟ ਹੁੰਦੇ ਰਹਿੰਦੇ ਹਨ ਅਤੇ ਇਨ੍ਹਾਂ ਦੀ ਜਗ੍ਹਾ ਨਵੇਂ ਸੈੱਲ ਲੈ ਲੈਂਦੇ ਹਨ। ਇਸ ਤਰ੍ਹਾਂ ਇਹ ਚੱਕਰ ਸਾਧਾਰਨ ਸੈੱਲਾਂ 'ਚ ਚੱਲਦਾ ਰਹਿੰਦਾ ਹੈ। ਸਰੀਰ ਵਿਚ ਸੈੱਲਾਂ ਦੀ ਬਣਤਰ, ਉਨ੍ਹਾਂ ਦੀ ਗਿਣਤੀ ਅਤੇ ਪੈਦਾ ਹੋਣ ਦੀ ਪ੍ਰਕਿਰਿਆ ਦਾ ਕਿਸੇ ਕਾਰਨ ਕਰ ਕੇ ਬੇਕਾਬੂ ਹੋਣਾ ਕੈਂਸਰ ਕਹਾਉਂਦਾ ਹੈ। ਕੈਂਸਰ ਸੈੱਲ ਸਰੀਰ ਦੇ ਸਾਧਾਰਨ ਸੈੱਲਾਂ ਤੋਂ ਪੂਰੀ ਤਰ੍ਹਾਂ ਵੱਖ ਹੁੰਦੇ ਹਨ। ਇਨ੍ਹਾਂ 'ਚ ਬੇਤਹਾਸ਼ਾ ਵਾਧਾ ਟਿਊਮਰ ਅਖਵਾਉਂਦਾ ਹੈ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਸਾਰੇ ਟਿਊਮਰ ਕੈਂਸਰ ਨਹੀਂ ਹੁੰਦੇ ਕਿਉਂਕਿ ਟਿਊਮਰ ਦੋ ਤਰ੍ਹਾਂ ਦੇ ਹੁੰਦੇ ਹਨ। ਬਿਨਾਈਨ ਟਿਊਮਰ (ਜੋ ਕੈਂਸਰ ਨਹੀਂ) ਅਤੇ ਮੈਲਿਗਨੈਂਟ ਟਿਊਮਰ (ਕੈਂਸਰ ਵਾਲੇ)।

ਬਿਨਾਈਨ ਟਿਊਮਰ ਉਹ ਹੁੰਦੇ ਹਨ ਜੋ ਸਰੀਰ 'ਚ ਇੱਕੋ ਜਗ੍ਹਾ ਮੌਜੂਦ ਹੁੰਦੇ ਹਨ ਤੇ ਸਰੀਰ ਦੇ ਹੋਰ ਭਾਗਾਂ ਵਿਚ ਨਹੀਂ ਫੈਲਦੇ ਜਿਸ ਕਾਰਨ ਸਰੀਰ ਦਾ ਉਹੀ ਹਿੱਸਾ ਪ੍ਰਭਾਵਿਤ ਹੁੰਦਾ ਹੈ ਜਿੱਥੇ ਬਿਨਾਈਨ ਟਿਊਮਰ ਹੋਵੇ। ਮੈਲਿਗਨੈਂਟ ਟਿਊਮਰ ਨੂੰ ਕੈਂਸਰ ਕਿਹਾ ਜਾਂਦਾ ਹੈ। ਇਹ ਪਹਿਲਾਂ ਤਾਂ ਹੌਲੀ-ਹੌਲੀ ਵਧਦਾ ਹੈ ਤੇ ਜ਼ਿਆਦਾ ਕੋਈ ਲੱਛਣ ਵੀ ਨਜ਼ਰ ਨਹੀਂ ਆਉਂਦੇ। ਪਿੱਛੋਂ ਆ ਕੇ ਇਹ ਬੜੀ ਤੇਜ਼ੀ ਨਾਲ ਵੱਧਦੇ ਹਨ ਜਿਸ ਕਾਰਨ ਮਰੀਜ਼ 'ਚ ਲੱਛਣ ਵੀ ਦਿਖਾਈ ਦੇਣ ਲੱਗਦੇ ਹਨ। ਅਕਸਰ ਹੀ ਇਹ ਆਖ਼ਰੀ ਸਟੇਜ ਹੁੰਦੀ ਹੈ। ਮੈਲਿਗਨੈਂਟ ਟਿਊਮਰਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਸ ਦੇ ਸੈੱਲ ਲਸੀਕਾ, ਖ਼ੂਨ ਅਤੇ ਟਿਸ਼ੂਆਂ ਰਾਹੀਂ ਸਰੀਰ 'ਚ ਇਕ ਜਗ੍ਹਾ ਤੋਂ ਦੂਜੀ ਥਾਂ ਪਹੁੰਚ ਜਾਂਦੇ ਹਨ ਜਿੱਥੇ ਜਾ ਕੇ ਨਵਾਂ ਟਿਊਮਰ (ਗੰਢ) ਪੈਦਾ ਕਰਦੇ ਹਨ। ਇਸ ਪ੍ਰਕਿਰਿਆ ਨੂੰ ਮੈਟਾਸਟੇਸਿਸ ਕਿਹਾ ਜਾਂਦਾ ਹੈ।

ਕੈਂਸਰ ਦੇ ਵੱਧਦੇ ਪ੍ਰਕੋਪ ਅਤੇ ਇਸ ਦੇ ਕਾਰਨ ਮਨੁੱਖਤਾ ਦੀ ਹੋਂਦ ਨੂੰ ਪੈਦਾ ਹੋਏ ਸੰਭਾਵੀ ਖ਼ਤਰੇ ਨੂੰ ਭਾਂਪਦਿਆਂ ਯੂਨੀਅਨ ਫਾਰ ਇੰਟਰਨੈਸ਼ਨਲ ਕੈਂਸਰ ਕੰਟਰੋਲ ਸੰਸਥਾ ਨੇ ਲੋਕਾਂ ਵਿਚ ਕੈਂਸਰ ਪ੍ਰਤੀ ਜਾਗਰੂਕਤਾ, ਰੋਗ ਦੀ ਪਛਾਣ, ਇਲਾਜ ਅਤੇ ਰੋਕਥਾਮ ਸਬੰਧੀ ਸੰਨ 2008 ਵਿਚ 04 ਫਰਵਰੀ ਨੂੰ ਵਿਸ਼ਵ ਕੈਂਸਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ। ਇਹ ਸੰਸਥਾ ਵਿਸ਼ਵ ਸਿਹਤ ਸੰਗਠਨ ਅਤੇ ਬਾਕੀ ਦੇਸ਼ਾਂ ਦੀਆਂ ਸੰਸਥਾਵਾਂ ਨਾਲ ਮਿਲ ਕੇ ਕੈਂਸਰ ਦੀ ਰੋਕਥਾਮ ਅਤੇ ਲੋਕਾਂ 'ਚ ਜਾਗਰੂਕਤਾ ਲਈ ਤਤਪਰ ਹੈ। ਅਗਰ ਸਮਾਂ ਰਹਿੰਦੇ ਇਸ ਦਾ ਇਲਾਜ ਤੇ ਜਾਗਰੂਕਤਾ ਨਾ ਫੈਲਾਈ ਗਈ ਤਾਂ ਲੱਖਾਂ ਲੋਕ ਇਸ ਦੀ ਚਪੇਟ 'ਚ ਹਨ ਤੇ ਕਈ ਗੁਣਾ ਲੋਕ ਇਸ ਦੀ ਲਪੇਟ 'ਚ ਆ ਜਾਣਗੇ।

**ਰਿਪੋਰਟ ਮੁਤਾਬਕ ਆਲਮੀ ਪੱਧਰ 'ਤੇ ਕੁੱਲ ਮੂੰਹ ਦੇ ਕੈਂਸਰ ਰੋਗੀਆਂ ਦਾ 86 ਫ਼ੀਸਦੀ ਭਾਰਤ 'ਚ ਹੈ ਜਿਸ ਦਾ ਮੁੱਖ ਕਾਰਨ ਤੰਬਾਕੂ ਹੈ।**

ਵਿਕਸਿਤ ਦੇਸ਼ਾਂ ਦੇ ਨਾਲ-ਨਾਲ ਵਿਕਾਸਸ਼ੀਲ ਤੇ ਗ਼ਰੀਬ ਮੁਲਕਾਂ 'ਚ ਕੈਂਸਰ ਨੇ ਆਪਣੇ ਪੈਰ ਪਸਾਰੇ ਹੋਏ ਹਨ ਜਿਸ ਕਾਰਨ ਲੋਕ ਮੌਤ ਦੇ ਮੂੰਹ 'ਚ ਜਾ ਰਹੇ ਹਨ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਦੀ ਇਕ ਰਿਪੋਰਟ ਅਨੁਸਾਰ ਵਿਸ਼ਵ ਦੇ 184 ਦੇਸ਼ਾਂ ਵਿਚ ਸੰਨ 2013 ਵਿਚ 14 ਮਿਲੀਅਨ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਪੁਸ਼ਟੀ ਹੋਈ। ਕਿਦਵਈ ਇੰਸਟੀਚਿਊਟ ਆਫ ਆਨਕੋਲੌਜੀ ਦੇ ਕੈਂਸਰ ਵਿਭਾਗ ਦੇ ਮੁਖੀ ਡਾ. ਸੀ. ਰਮੇਸ਼ ਅਨੁਸਾਰ ਭਾਰਤ 'ਚ ਔਸਤਨ ਹਰ ਸਾਲ ਸੱਤ ਲੱਖ ਤੋਂ ਜ਼ਿਆਦਾ ਕੈਂਸਰ ਦੇ ਨਵੇਂ ਮਰੀਜ਼ ਸਾਹਮਣੇ ਆਉਂਦੇ ਹਨ ਅਤੇ ਔਸਤਨ 3.5 ਲੱਖ ਲੋਕ ਕੈਂਸਰ ਕਾਰਨ ਮਰਦੇ ਹਨ। ਨਵੇਂ ਸੱਤ ਲੱਖ ਮਰੀਜ਼ਾਂ 'ਚੋਂ 2.3 ਲੱਖ ਭਾਵ 33 ਫ਼ੀਸਦੀ ਲੋਕਾਂ ਵਿਚ ਕੈਂਸਰ ਤੰਬਾਕੂ ਕਾਰਨ ਹੁੰਦਾ ਹੈ। ਨੈਸ਼ਨਲ ਇੰਸਟੀਚਿਊਟ ਆਫ ਹੈਲਥ ਐਂਡ ਫੈਮਿਲੀ ਵੈੱਲਫੇਅਰ ਅਨੁਸਾਰ ਆਲਮੀ ਪੱਧਰ 'ਤੇ ਕੁੱਲ ਮੂੰਹ ਦੇ ਕੈਂਸਰ ਦਾ 86 ਫ਼ੀਸਦੀ ਭਾਰਤ ਵਿਚ ਹੈ ਅਤੇ 90 ਫ਼ੀਸਦੀ ਮੂੰਹ ਦੇ ਕੈਂਸਰ ਦਾ ਕਾਰਨ ਤੰਬਾਕੂ ਹੈ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦਾ ਕੈਂਸਰ ਬਹੁਤ ਜ਼ਿਆਦਾ ਹੈ। ਇਕ ਅੰਦਾਜ਼ੇ ਮੁਤਾਬਕ ਭਾਰਤ ਵਿਚ ਔਰਤਾਂ 'ਚ ਛਾਤੀ ਦੇ ਕੈਂਸਰ ਦੇ ਮਰੀਜ਼ ਸੰਨ 2025 ਤਕ ਦੁੱਗਣੇ ਹੋ ਜਾਣਗੇ। ਅਗਲੇ ਵੀਹ ਸਾਲਾਂ ਤਕ ਦੇਸ਼ 'ਚ ਕੈਂਸਰ ਦੇ ਮਰੀਜ਼ ਵੀ ਦੁੱਗਣੇ ਹੋ ਜਾਣਗੇ।

## ਪੰਜਾਬ 'ਚ ਕੈਂਸਰ ਦੀ ਮਾਰ

ਪੰਜਾਬ ਵਿਚ ਖ਼ਾਸ ਕਰਕੇ ਮਾਲਵਾ ਖੇਤਰ ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਨਾਲ ਲੱਗਦੇ ਇਲਾਕਿਆਂ 'ਚ ਕੈਂਸਰ ਨੇ ਕਹਿਰ ਮਚਾਇਆ ਹੋਇਆ ਹੈ। ਜ਼ਮੀਨ ਹੇਠਲੇ ਪਾਣੀ ਵਿਚ ਯੂਰੇਨੀਅਮ ਤੇ ਹੋਰ ਖ਼ਤਰਨਾਕ ਤੱਤਾਂ ਦੇ ਰਿਸਾਅ ਕਾਰਨ ਇੱਥੋਂ ਦੇ ਲੋਕ ਗੰਦਾ ਪਾਣੀ ਪੀਣ ਕਰਕੇ ਕਾਲਾ ਪੀਲੀਆ ਤੇ ਕੈਂਸਰ ਦੀ ਪਕੜ ਹੇਠ ਹਨ। ਸੂਬੇ ਦਾ ਮਾਲਵਾ ਖੇਤਰ ਜੋ ਕਪਾਹ ਪੱਟੀ ਨਾਂ ਨਾਲ ਮਸ਼ਹੂਰ ਸੀ, ਹੁਣ ਕੈਂਸਰ ਪੱਟੀ ਕਰ ਕੇ ਜਾਣਿਆ ਜਾਂਦਾ ਹੈ। ਸੂਬੇ ਅੰਦਰ ਕੈਂਸਰ ਦੇ ਇਲਾਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਰਕੇ ਲੋਕਾਂ ਨੂੰ ਦੂਜੇ ਸੂਬਿਆਂ 'ਚ ਇਲਾਜ ਲਈ ਜਾਣਾ ਪੈਂਦਾ ਹੈ। ਬਠਿੰਡਾ ਤੋਂ ਬੀਕਾਨੇਰ ਜਾਂਦੀ ਰੇਲਗੱਡੀ ਦਾ ਨਾਂ ਹੀ ਕੈਂਸਰ ਟਰੇਨ ਪੈ ਗਿਆ ਹੈ ਕਿਉਂਕਿ ਇਨ੍ਹਾਂ ਇਲਾਕਿਆਂ ਦੇ ਲੋਕ ਇਲਾਜ ਲਈ ਬੀਕਾਨੇਰ ਜਾਂਦੇ ਹਨ ਤੇ ਉਸ ਰੇਲਗੱਡੀ 'ਚ ਜ਼ਿਆਦਾ ਗਿਣਤੀ ਕੈਂਸਰ ਦੇ ਮਰੀਜ਼ਾਂ ਦੀ ਹੁੰਦੀ ਹੈ। ਜਨਤਕ ਸਿਹਤ ਸਹੂਲਤਾਂ 'ਚ ਆਏ ਨਿਘਾਰ ਨੂੰ ਇਹ ਤੱਥ ਬਾਖ਼ੂਬੀ ਬਿਆਨਦੇ ਹਨ।

ਪਿਛਲੇ ਸਾਲ ਸਿਹਤ ਵਿਭਾਗ ਵੱਲੋਂ ਕੀਤੇ ਸਰਵੇਖਣ ਅਨੁਸਾਰ ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਦਾ ਅਨੁਪਾਤ 90:100000 ਹੈ ਜਦਕਿ ਦੇਸ਼ ਪੱਧਰ 'ਤੇ ਇਹ ਅਨੁਪਾਤ 80:100000 ਹੈ। ਪੰਜਾਬ ਦੇ ਮਾਲਵਾ ਖੇਤਰ 'ਚ ਕੈਂਸਰ ਮਰੀਜ਼ਾਂ ਦਾ ਅਨੁਪਾਤ 107:100000 ਹੈ, ਦੁਆਬੇ 'ਚ 88:100000 ਅਤੇ ਮਾਝੇ ਵਿਚ 64:100000 ਹੈ। ਮਾਲਵਾ ਖੇਤਰ ਦੇ ਚਾਰ ਜ਼ਿਲ੍ਹਿਆਂ ਵਿਚ ਇਹ ਅਨੁਪਾਤ ਬਹੁਤ ਜ਼ਿਆਦਾ ਹੈ। ਮੁਕਤਸਰ ਸਾਹਿਬ 'ਚ 136:100000, ਮਾਨਸਾ 134:100000, ਬਠਿੰਡਾ 125:100000, ਫਿਰੋਜ਼ਪੁਰ 114:100000 ਹੈ ਜਦਕਿ ਤਰਨਤਾਰਨ ਵਿਚ ਇਹ ਅਨੁਪਾਤ 41:100000 ਹੈ। ਪਿਛਲੇ ਪੰਜ ਸਾਲ ਦੇ ਅੰਕੜਿਆਂ ਅਨੁਸਾਰ ਸੂਬੇ 'ਚ ਰੋਜ਼ਾਨਾ ਕੈਂਸਰ ਕਰਕੇ 18 ਲੋਕਾਂ ਦੀ ਮੌਤ ਹੋਈ ਹੈ। ਸਿਹਤ ਵਿਭਾਗ ਵੱਲੋਂ ਸੂਬੇ ਦੇ 2.65 ਲੱਖ ਲੋਕਾਂ ਦੀ ਜਾਂਚ ਕੀਤੀ ਗਈ ਸੀ ਜਿਨ੍ਹਾਂ 'ਚੋਂ 24000 ਲੋਕ ਕੈਂਸਰ ਪੀੜਤ ਸਨ ਅਤੇ 84453 ਲੋਕਾਂ ਨੂੰ ਕੈਂਸਰ ਦੇ ਸ਼ੱਕੀ ਮਰੀਜ਼ਾਂ ਵਜੋਂ ਰੱਖਿਆ ਗਿਆ।

ਕੈਂਸਰ ਸਮੁੱਚੀ ਮਨੁੱਖਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਬਦਲਵੇਂ ਜ਼ਿੰਦਗੀ ਜਿਉਣ ਦੇ ਢੰਗ ਨੇ ਕੈਂਸਰ ਅਤੇ ਹੋਰ ਬੀਮਾਰੀਆਂ 'ਚ ਅਥਾਹ ਵਾਧਾ ਕੀਤਾ ਹੈ। ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਨੇ ਕੈਂਸਰ ਨੂੰ ਜਨਮ ਦਿੱਤਾ ਹੈ। ਓਜ਼ੋਨ ਪਰਤ ਦੀ ਘਣਤਾ ਪਤਲੀ ਹੋਣ ਕਾਰਨ (ਓਜ਼ੋਨ ਛੇਕ) ਪਰਾਬੈਂਗਣੀ ਕਿਰਨਾਂ ਧਰਤੀ 'ਤੇ ਪਹੁੰਚ ਰਹੀਆਂ ਹਨ ਜੋ ਚਮੜੀ ਦਾ ਕੈਂਸਰ ਅਤੇ ਅੰਨ੍ਹੇਪਣ ਲਈ ਜ਼ਿੰਮੇਵਾਰ ਹਨ। ਖੇਤੀ ਖੇਤਰ 'ਚ ਅੰਨ੍ਹੇਵਾਹ ਰਸਾਇਣਿਕ ਖਾਦਾਂ ਦੀ ਵਰਤੋਂ, ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਦੇ ਨਾਲ-ਨਾਲ ਮੋਬਾਇਲ ਫੋਨ ਦੀਆਂ ਤਰੰਗਾਂ ਵੀ ਕੈਂਸਰ ਲਈ ਜ਼ਿੰਮੇਵਾਰ ਹਨ। ਸੁਰੱਖਿਆ ਸਾਜ਼ੋ-ਸਾਮਾਨ ਅਤੇ ਵਿਗਿਆਨਕ ਪ੍ਰਯੋਗਾਂ ਦੇ ਈ-ਕਚਰੇ ਨੇ ਵੀ ਵਾਤਾਵਰਨ ਨੂੰ ਦੂਸ਼ਿਤ ਕੀਤਾ ਹੈ ਅਤੇ ਖ਼ਤਰਨਾਕ ਤੱਤਾਂ ਦੇ ਰਿਸਾਅ ਕਾਰਨ ਲੋਕ ਕੈਂਸਰ ਦੀ ਮਾਰ ਹੇਠਾਂ ਆ ਰਹੇ ਹਨ। ਵਿਕਸਿਤ ਦੇਸ਼ਾਂ ਵੱਲੋਂ ਆਪਣਾ ਈ-ਕਚਰਾ ਵਿਕਾਸਸ਼ੀਲ ਦੇਸ਼ਾਂ ਦੀ ਜ਼ਮੀਨ ਹੇਠਾਂ ਦੱਬਿਆ ਜਾ ਰਿਹਾ ਹੈ। ਸੰਨ 1984 ਦੀ ਭੋਪਾਲ ਗੈਸ ਤ੍ਰਾਸਦੀ ਦੇ ਜ਼ਖ਼ਮ ਅਜੇ ਵੀ ਹਰੇ ਹਨ, ਲੱਖਾਂ ਦੀ ਮੌਤ ਹੋ ਗਈ ਸੀ। ਜੋ ਬਚ ਗਏ ਸਨ ਉਨ੍ਹਾਂ ਦੀ ਹਾਲਤ ਬਦਤਰ ਹੈ। ਕੁਝ ਕੈਂਸਰ ਨਾਲ ਜੂਝਦੇ ਮਰ ਗਏ ਤੇ ਬਾਕੀ ਤੜਪ ਰਹੇ ਹਨ।

### ਜੀਵਨ ਸ਼ੈਲੀ 'ਚ ਸੁਧਾਰ

ਕੈਂਸਰ ਤੋਂ ਬਚਾਅ ਦੇ ਮੁੱਢਲੇ ਉਪਾਵਾਂ ਤਹਿਤ ਸਾਨੂੰ ਸਭ ਤੋਂ ਪਹਿਲਾਂ ਆਪਣੀ ਜੀਵਨ-ਸ਼ੈਲੀ ਵਿਚ ਸੁਧਾਰ ਕਰਨਾ ਪਵੇਗਾ। ਕੁਦਰਤ ਨਾਲ ਬੇਲੋੜੀ ਛੇੜਛਾੜ ਤੋਂ ਵੀ ਤੌਬਾ ਕਰਨੀ ਪਵੇਗੀ। ਇਸ ਤੋਂ ਇਲਾਵਾ :

- ਚੰਗੀ ਖ਼ੁਰਾਕ ਅਤੇ ਨੇਮ ਨਾਲ ਕਸਰਤ ਲਾਜ਼ਮੀ ਹੈ। ਮੋਬਾਇਲ ਫੋਨ ਦੀ ਵਰਤੋਂ ਸੀਮਿਤ ਕਰਨੀ ਹੋਵੇਗੀ ਤੇ ਇਸ ਨੂੰ ਸਰੀਰ ਤੋਂ ਦੂਰ ਰੱਖਿਆ ਜਾਵੇ।
- ਫੋਨ ਦੀ ਖ਼ਤਮ ਹੋ ਰਹੀ ਬੈਟਰੀ ਸਮੇਂ ਗੱਲ ਕਰਨ ਤੋਂ ਪ੍ਰਹੇਜ਼ ਕੀਤਾ ਜਾਵੇ ਕਿਉਂਕਿ ਉਸ ਸਮੇਂ ਬਹੁਤ ਖ਼ਤਰਨਾਕ ਕਿਰਨਾਂ ਦਾ ਰਿਸਾਅ ਹੁੰਦਾ ਹੈ।
- ਤੰਬਾਕੂ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਪ੍ਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਨਿਯਮਿਤ ਡਾਕਟਰੀ ਜਾਂਚ ਜ਼ਰੂਰੀ ਹੈ ਤਾਂ ਜੋ ਬੀਮਾਰੀ ਨੂੰ ਸਮੇਂ ਸਿਰ ਫੜਿਆ ਜਾ ਸਕੇ ਅਤੇ ਸਹੀ ਇਲਾਜ ਹੋ ਸਕੇ।

94641-72783

## ਇਲਾਜ ਸੰਭਵ

ਜੇ ਕੈਂਸਰ ਦੀ ਪਛਾਣ ਸ਼ੁਰੂਆਤੀ ਦੌਰ 'ਚ ਹੋ ਜਾਵੇ ਤਾਂ ਸਹੀ ਇਲਾਜ ਨਾਲ ਮਰੀਜ਼ ਸਾਧਾਰਨ ਜ਼ਿੰਦਗੀ ਜਿਉਣ ਦੇ ਕਾਬਿਲ ਹੋ ਜਾਂਦਾ ਹੈ। ਇਹ ਬਿਮਾਰੀ ਇਕ ਦੂਜੇ ਤੋਂ ਨਹੀਂ ਫੈਲਦੀ ਤੇ ਕੈਂਸਰ ਪ੍ਰਤੀ ਪਾਏ ਜਾਂਦੇ ਵਹਿਮਾਂ ਭਰਮਾਂ ਨੂੰ ਛੱਡ ਕੇ ਸਹੀ ਇਲਾਜ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਕੈਂਸਰ ਦੇ ਇਲਾਜ ਵਿਚ ਮੈਡੀਕਲ ਖੇਤਰ 'ਚ ਕ੍ਰਾਂਤੀ ਆਈ ਹੈ। ਸਰਜਰੀ, ਰੇਡੀਏਸ਼ਨ ਥਰੈਪੀ ਅਤੇ ਕੀਮੋਥਰੈਪੀ (ਦਵਾਈਆਂ ਰਾਹੀ ਇਲਾਜ) ਆਦਿ ਤਰੀਕਿਆਂ ਨਾਲ ਕੈਂਸਰ ਦਾ ਇਲਾਜ ਕੀਤਾ ਜਾਂਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕੈਂਸਰ ਦੇ ਇਲਾਜ ਲਈ ਜਨਤਕ ਸਿਹਤ ਸਹੂਲਤਾਂ ਦਾ ਦਰੁਸਤ ਪ੍ਰਬੰਧ ਕੀਤਾ ਜਾਵੇ ਤਾਂ ਜੋ ਗ਼ਰੀਬ ਲੋਕ ਵੀ ਆਪਣਾ ਇਲਾਜ ਕਰਵਾ ਸਕਣ। ਸਸਤੇ ਭਾਅ 'ਤੇ ਦਵਾਈਆਂ ਉਪਲੱਬਧ ਕਰਵਾਈਆਂ ਜਾਣ। ਤੜਫ ਰਹੇ ਕੈਂਸਰ ਮਰੀਜ਼ਾਂ ਦੀ ਸਾਰ ਲਈ ਜਾਵੇ। ਤਾਂ ਹੀ ਜ਼ਿੰਦਗੀ ਰੂਪੀ ਅਨਮੁੱਲੇ ਤੋਹਫ਼ੇ ਦੀ ਕੈਂਸਰ ਤੋਂ ਹਿਫ਼ਾਜ਼ਤ ਹੋ ਸਕਦੀ ਹੈ।

## ਓਹੜ ਪੋਹੜ

**ਕੁਦਰਤ ਨੇ ਸਾਨੂੰ ਬਹੁਤ ਸਾਰੀਆਂ ਕੁਦਰਤੀ ਨਿਆਮਤਾਂ ਦੀ ਦਾਤ ਬਖ਼ਸ਼ੀ ਹੈ। ਸਿਹਤ ਲਈ ਵਰਦਾਨ ਰੂਪੀ ਕਈ ਪਦਾਰਥ ਪੰਜਾਬ ਵਿਚ ਵੀ ਵੱਡੀ ਮਾਤਰਾ ਵਿਚ ਪਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਇਕ ਹੈ ਚਾਸਕੂ। ਇਹ ਬਹੁਤ ਕਮਾਲ ਦੇ ਗੁਣਾਂ ਨਾਲ ਭਰਪੂਰ ਹੈ।**

### ਸਿਹਤ ਲਈ ਨਿਆਮਤ ਚਾਸਕੂ ਦੀਆਂ ਪਿੰਨੀਆਂ

ਪਿੰਨੀ ਪੰਜਾਬ ਦੀ ਇੱਕ ਬਹੁਤ ਵਧੀਆ ਡਿਸ਼ ਹੈ। ਜਿਸ ਨੂੰ ਮੁੱਖ ਤੌਰ 'ਤੇ ਸਰਦੀਆਂ 'ਚ ਬਣਾਇਆ ਜਾਂਦਾ ਹੈ। ਭਾਂਤ-ਭਾਂਤ ਦੀਆਂ ਪਿੰਨੀਆਂ ਨੂੰ ਬਣਾਉਣ ਦੇ ਬਹੁਤ ਸਾਰੇ ਢੰਗ ਹਨ। ਪੰਜਾਬ ਵਿਚ ਬਹੁਤ ਤਰ੍ਹਾਂ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਹਨ ਜਿਵੇਂ ਆਟੇ ਦੀਆਂ ਪਿੰਨੀਆਂ, ਵੇਸਣ, ਮੂੰਗੀ ਦੀ ਦਾਲ ਦੀਆਂ, ਐਲੋਵੀਰਾ ਦੀਆਂ, ਅਲਸੀ ਦੀਆਂ ਪਿੰਨੀਆਂ ਆਦਿ। ਅੱਜ ਤੁਹਾਨੂੰ ਚਾਸਕੂ ਦੀਆਂ ਪਿੰਨੀਆਂ ਬਣਾਉਣ ਦੀ ਵਿਧੀ ਦੱਸਦੇ ਹਾਂ। ਇਹ ਖ਼ੂਨ ਨੂੰ ਸਾਫ਼ ਕਰਦੀਆਂ ਹਨ ਤੇ ਸਾਡੇ ਨਾੜੀ ਤੰਤਰ ਨੂੰ ਤਾਕਤ ਦਿੰਦੀਆਂ ਹਨ। ਆਉ ਜਾਣੀਏ ਇਸ ਦੀ ਵਿਧੀ ਤੇ ਗੁਣ।

ਸਮਗਰੀ-ਚਾਸਕੂ ਇਕ ਸੌ ਗਰਾਮ, ਕਣਕ ਦਾ ਆਟਾ ਇਕ ਕਿਲੋ, ਸ਼ੁੱਧ ਦੇਸੀ ਘਿਉ ਇਕ ਕਿਲੋ, ਪੀਸੀ ਖੰਡ ਪੰਜ ਸੌ ਗਰਾਮ, ਚਾਰੇ ਮਗਜ਼ ਦੋ ਸੌ ਗਰਾਮ, ਬਦਾਮ, ਕਾਜੂ ਸੌਗੀ ਪੰਜਾਹ ਪੰਜਾਹ ਗਰਾਮ ਕੱਦੂਕਸ ਕੀਤੇ ਹੋਏ, ਇਲਾਇਚੀ ਪਾਊਡਰ ਦੋ ਚਮਚ।

ਵਿਧੀ-ਚਾਸਕੂ ਦੀ ਪਿੰਨੀ ਬਣਾਉਣ ਲਈ ਸਭ ਤੋਂ ਪਹਿਲਾਂ ਦੇਸੀ ਘਿਉ ਨੂੰ ਕੜਾਹੀ 'ਚ ਪਾਉ ਤੇ ਗਰਮ ਹੋਣ 'ਤੇ ਸਾਬਤ ਚਾਸਕੂ ਨੂੰ ਘਿਉ 'ਚ ਤਲ ਲਉ ਤੇ ਬਾਅਦ 'ਚ ਚਾਸਕੂ ਨੂੰ ਕੜਾਹੀ 'ਚੋਂ ਕੱਢ ਕੇ ਕੁੱਟ ਕੇ ਪੀਸ ਲਉ ਤੇ ਗਰਮ ਘਿਉ 'ਚ ਆਟਾ ਪਾ ਕੇ ਭੁੰਨੋ। ਹੁਣ ਚਾਸਕੂ ਵੀ ਆਟੇ ਵਿਚ ਰਲਾ ਦਿਉ। ਜਦੋਂ ਖ਼ੁਸ਼ਬੂ ਆਉਣ ਲੱਗੇ ਤਾਂ ਪੀਸੀ ਹੋਈ ਖੰਡ ਪਾ ਦਿਉ ਤੇ ਥੋੜ੍ਹਾ ਜਿਹਾ ਭੁੰਨ ਕੇ ਕੜਾਹੀ ਨੂੰ ਅੱਗ ਤੋਂ ਥੱਲੇ ਉਤਾਰ ਲਉ। ਹੁਣ ਇਸ 'ਚ ਸਾਰੇ ਕੱਦੂਕਸ ਕੀਤੇ ਡਰਾਈਫਰੂਟ ਮੇਵੇ ਤੇ ਇਲਾਇਚੀ ਪਾਊਡਰ ਪਾ ਦਿਉ। ਇਸ ਨੂੰ ਚੰਗੀ ਤਰ੍ਹਾਂ ਰਲਾ ਦਿਉ। ਠੰਡਾ ਹੋਣ 'ਤੇ ਇਸ ਦੀਆਂ ਪਿੰਨੀਆਂ ਬਣਾ ਲਉ। ਚਾਸਕੂ ਕੌੜਾ ਹੁੰਦਾ ਹੈ ਪਰ ਗੁਣਾਂ ਦੀ ਗੁਥਲੀ ਹੁੰਦਾ ਹੈ। ਚਾਸਕੂ ਦੇ ਕੈਪਸੂਲ ਭਰ ਕੇ ਵੀ ਹਰ ਰੋਜ਼ ਖਾਧੇ ਜਾ ਸਕਦੇ ਹਨ।

• ਡਾ. ਅਮਰੀਕ ਸਿੰਘ ਕੰਡਾ
98557-35666



# ਗੰਭੀਰ ਰੋਗਾਂ ਦਾ ਸੰਕੇਤ ਪੇਟ ਦਰਦ

ਕਈ ਵਾਰ ਪੇਟ ਵਿਚ ਅਚਾਨਕ ਦਰਦ ਸ਼ੁਰੂ ਹੋ ਜਾਂਦਾ ਹੈ ਤੇ ਛਾਤੀ ਵਿਚ ਜਲਣ ਸ਼ੁਰੂ ਹੋ ਜਾਂਦੀ ਹੈ। ਆਮ ਤੌਰ 'ਤੇ ਅਸੀਂ ਪੇਟ ਦਰਦ ਨੂੰ ਬਿਲਕੁਲ ਵੀ ਗੰਭੀਰ ਰੂਪ ਵਿਚ ਨਹੀਂ ਲੈਂਦੇ। ਪਰ ਕਈ ਵਾਰ ਪੇਟ-ਦਰਦ ਨੂੰ ਅਣਡਿੱਠ ਕਰਨਾ ਗੰਭੀਰ ਸਮੱਸਿਆ ਦਾ ਕਾਰਨ ਬਣ ਸਕਦਾ ਹੈ। ਭਾਵੇਂ ਇਹ ਕੋਈ ਨਵੀਂ ਬੀਮਾਰੀ ਨਹੀਂ ਹੈ ਪਰ ਫਿਰ ਵੀ ਪੇਟ ਦਰਦ ਕਈ ਗੰਭੀਰ ਬਿਮਾਰੀਆਂ ਦਾ ਸੰਕੇਤ ਵੀ ਹੋ ਸਕਦਾ ਹੈ।

## ਅਲਸਰ

ਸਾਡੇ ਪੇਟ ਵਿਚ ਹਾਈਡ੍ਰੋਕਲੋਰਿਕ ਐਸਿਡ ਦਾ ਨਿਰਮਾਣ ਹੁੰਦਾ ਰਹਿੰਦਾ ਹੈ ਜੋ ਪੇਟ ਦੀਆਂ ਨਾਜ਼ੁਕ ਦੀਵਾਰਾਂ ਵਿਚ ਜਲਣ ਪੈਦਾ ਕਰ ਸਕਦਾ ਹੈ। ਮਿਊਕਸ ਨਾਂ ਦਾ ਇਹ ਐਸਿਡ ਲਿਵਰ ਦੀ ਰੱਖਿਆ ਕਰਦਾ ਹੈ। ਜੇ ਅਮਲ ਦੇ ਘਾਤਕ ਹਮਲਿਆਂ ਨਾਲ ਇਹ ਪਰਤ ਨਸ਼ਟ ਹੋ ਜਾਂਦੀ ਹੈ ਤਾਂ ਇਹ ਤੁਰੰਤ ਆਪਣਾ ਮੁੜ ਨਿਰਮਾਣ ਸ਼ੁਰੂ ਕਰਕੇ ਅਮਲ ਦੇ ਨੁਕਸਾਨਦਾਇਕ ਹਮਲਿਆਂ ਤੋਂ ਰੱਖਿਆ ਕਰਦਾ ਹੈ। ਇਸ ਪ੍ਰਕਿਰਿਆ ਤੋਂ ਇਲਾਵਾ ਜਦੋਂ ਕੋਈ ਵਿਅਕਤੀ ਜ਼ਿਆਦਾ ਚਾਹ, ਕੌਫ਼ੀ, ਸ਼ਰਾਬ, ਤੰਬਾਕੂ, ਦਰਦ ਨਿਵਾਰਕ ਦਵਾਈਆਂ ਜਾਂ ਮਿਰਚ ਮਸਾਲਿਆਂ ਦਾ ਸੇਵਨ ਕਰਦਾ ਹੈ ਤਾਂ ਮਿਊਕਸ ਰੂਪੀ ਰੱਖਿਅਕ ਇਨ੍ਹਾਂ ਤੇਜ਼ ਹਮਲਿਆਂ ਤੋਂ ਬਚ ਨਹੀਂ ਸਕਦਾ ਜਿਸ ਦੇ ਨਤੀਜੇ ਵਜੋਂ ਪੇਟ ਦੀਆਂ ਮੁਲਾਇਮ ਝਿੱਲੀਆਂ ਨੁਕਸਾਨੀਆਂ ਜਾਂਦੀਆਂ ਹਨ। ਲਗਾਤਾਰ ਅਜਿਹਾ ਹੋਣ ਨਾਲ ਪੇਟ ਵਿਚ ਜ਼ਖ਼ਮ ਬਣ ਜਾਂਦੇ ਹਨ ਜਿਨ੍ਹਾਂ ਨੂੰ ਡਾਕਟਰੀ ਭਾਸ਼ਾ ਵਿਚ 'ਪੇਪਟਿਕ ਅਲਸਰ ਕਿਹਾ ਜਾਂਦਾ ਹੈ।

ਇਸ ਅਲਸਰ ਦੌਰਾਨ ਛਾਤੀ ਅਤੇ ਪੇਟ ਵਿਚਲੇ ਥਾਂ 'ਚ ਜਲਨ ਦੇ ਨਾਲ ਦਰਦ ਹੁੰਦਾ ਹੈ ਜੋ ਮੋਢਿਆਂ ਤੋਂ ਹੁੰਦਾ ਹੋਇਆ ਪਿੱਠ ਅਤੇ ਹੱਥ ਤਕ ਜਾਂਦਾ ਹੈ। ਜੇ ਜ਼ਖ਼ਮ ਪੇਟ ਵਿਚ ਹੈ ਤਾਂ ਦਰਦ ਭੋਜਨ ਤੋਂ ਅੱਧੇ ਤੋਂ ਡੇਢ ਘੰਟੇ ਵਿਚਾਲੇ ਸ਼ੁਰੂ ਹੋ ਜਾਂਦਾ ਹੈ ਅਤੇ ਜੇ ਜ਼ਖ਼ਮ ਛੋਟੀ ਅੰਤੜੀ ਵਿਚ ਹੈ ਤਾਂ ਦਰਦ ਭੋਜਨ ਤੋਂ 3 ਜਾਂ 4 ਘੰਟੇ ਬਾਅਦ ਹੁੰਦਾ ਹੈ।

ਇਸ ਰੋਗ ਦਾ ਦਰਦ ਜ਼ਿਆਦਾਤਰ ਰਾਤ ਸਮੇਂ ਹੁੰਦਾ ਹੈ ਕਿਉਂਕਿ ਉਸ ਸਮੇਂ ਪੇਟ ਵਿਚ ਭੋਜਨ ਨਾ ਹੋਣ ਕਾਰਨ ਪੇਟ ਖਾਲੀ ਹੁੰਦਾ ਹੈ ਜਿਸ ਨਾਲ ਅਮਲ ਜ਼ਿਆਦਾ ਤੇਜ਼ੀ ਨਾਲ ਕੰਮ ਕਰਦਾ ਹੈ। ਜ਼ਿਆਦਾ ਮਾਤਰਾ ਵਿਚ ਬਣਨ ਤੋਂ ਬਾਅਦ ਅਮਲ ਕਈ ਵਾਰ ਛਾਤੀ ਦੇ ਵਿਚਾਲੇ ਭੋਜਨ ਨਲੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਹੋਏ ਮੂੰਹ ਦੇ ਰਸਤੇ ਬਾਹਰ ਨਿਕਲਦਾ ਹੈ। ਇਸ ਸਥਿਤੀ ਨੂੰ 'ਹਾਰਟ ਬਰਨ' ਵੀ ਕਿਹਾ ਜਾਂਦਾ ਹੈ।

## ਸੁਝਾਅ

ਅਜਿਹੇ ਰੋਗੀ ਨੂੰ ਥੋੜ੍ਹੇ ਥੋੜ੍ਹੇ ਸਮੇਂ ਦੇ ਵਕਫ਼ੇ ਮਗਰੋਂ ਹਲਕਾ ਭੋਜਨ ਲੈਣਾ ਚਾਹੀਦਾ ਹੈ। ਭੋਜਨ ਤੋਂ ਡੇਢ ਘੰਟੇ ਬਾਅਦ 1 ਕੱਪ ਠੰਢਾ ਦੁੱਧ ਪੀਣ ਨਾਲ ਐਸਿਡ ਨਸ਼ਟ ਹੁੰਦਾ ਹੈ। ਭੋਜਨ ਵਿਚ ਚਰਬੀ ਰਹਿਤ ਚੀਜ਼ਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਰੋਗੀ ਨੂੰ ਮਾਨਸਿਕ ਤਣਾਅ ਤੋਂ ਬਚਣਾ ਚਾਹੀਦਾ ਹੈ ਅਤੇ ਮਿਰਚ ਮਸਾਲੇ, ਸ਼ਰਾਬ, ਸਿਗਰਟ, ਦਰਦ ਨਿਵਾਰਕ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

## ਪ੍ਰੈਂਕ੍ਰਿਆਟਾਈਟਿਸ

ਇਹ ਮੱਛੀਨੁਮਾ ਭਾਗ ਮਹੱਤਵਪੂਰਨ ਪਾਚਕ ਰਚ ਦਾ ਨਿਰਮਾਣ ਕਰਦਾ ਹੈ। ਕਦੀ ਕਦੀ ਜ਼ਿਆਦਾ ਗੰਭੀਰ ਸਥਿਤੀ ਵੀ ਪੈਦਾ ਕਰ ਸਕਦਾ ਹੈ। ਜ਼ਿਆਦਾ ਅਤੇ ਲਗਾਤਾਰ ਸ਼ਰਾਬ ਪੀਣ ਅਤੇ ਪਿੱਤੇ ਦੀ ਪਥਰੀ ਲੰਬੇ ਸਮੇਂ ਤਕ ਰਹਿਣ ਕਾਰਨ ਪ੍ਰੈਂਕਿਆਜ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪੇਟ ਵਿਚ ਤੇਜ਼ ਦਰਦ, ਉਲਟੀਆਂ ਆਉਣਾ, ਵਜ਼ਨ ਵਿਚ ਤੇਜ਼ੀ ਨਾਲ ਗਿਰਾਵਟ ਐਸਿਡ ਦੇ ਤੇਜ਼ ਪ੍ਰਭਾਵ ਦੇ ਲੱਛਣ ਹੋ ਸਕਦੇ ਹਨ ਅਤੇ ਸਥਿਤੀ ਨੂੰ ਜ਼ਿਆਦਾ ਭਿਆਨਕ ਬਣਾ ਸਕਦੇ ਹਨ।

## ਬਚਾਅ

ਸ਼ਰਾਬ ਦਾ ਤਿਆਗ ਅਤੇ ਪਾਚਨ ਕਿਰਿਆ ਨੂੰ ਸਿਹਤਮੰਦ ਬਣਾਉਣ ਵਾਲੀਆਂ ਦਵਾਈਆਂ ਦਾ ਸੇਵਨ ਇਸ ਤੋਂ ਬਚਾਅ ਦੇ ਵਧੀਆ ਉਪਾਅ ਹਨ।

## ਪਿੱਤੇ ਦੀ ਪਥਰੀ

ਲਿਵਰ 'ਚੋਂ ਰਿਸਣ ਵਾਲੇ ਪਾਚਕ ਰਸ ਨੂੰ ਪਿੱਤ ਕਹਿੰਦੇ ਹਨ। ਇਸ ਵਿਚ ਪਿੱਤ ਅਮਲ, ਪਿੱਤ ਲਵਣ ਆਦਿ ਮੌਜੂਦ ਹੁੰਦੇ ਹਨ। ਕੋਲੈਸਟਰੋਲ ਇਸੇ ਪਿੱਤ ਅਮਲ ਵਿਚ ਘੁਲਿਆ ਹੁੰਦਾ ਹੈ ਜਿਨ੍ਹਾਂ ਦਾ ਸਮੀਕਰਣ 1:20 ਤੋਂ 1:30 ਹੁੰਦਾ ਹੈ। ਕਿਸੇ ਵੀ ਕਾਰਨ ਨਾਲ ਜਦੋਂ ਇਹ ਸਾਧਾਰਨ ਪੱਧਰ ਦਾ ਸਮੀਕਰਨ ਆਪਣੇ ਨਿਸ਼ਚਿਤ ਅਨੁਪਾਤ ਤੋਂ ਡਿੱਗਣ ਲਗਦਾ ਹੈ ਤਾਂ ਕੋਲੈਸਟਰੋਲ ਠੋਸ ਅਵਸਥਾ ਵਿਚ ਆ ਕੇ ਪਿੱਤ ਦੀ ਥੈਲੀ ਵਿਚ ਜਮ੍ਹਾਂ ਹੋ ਜਾਂਦਾ ਹੈ ਅਤੇ ਇਸ ਦੇ ਚਾਰੇ ਪਾਸੇ ਕੈਲਸ਼ੀਅਮ ਅਤੇ ਰੰਗੀਤ ਪਿੱਤ ਦੇ ਧੱਬੇ ਘੇਰਾ ਪਾ ਲੈਂਦੇ ਹਨ, ਜਿਸ ਨੂੰ ਪਥਰੀ ਕਿਹਾ ਜਾਂਦਾ ਹੈ।

ਇਸ ਰੋਗੀ ਨੂੰ ਪੇਟ ਵਿਚ ਬੇਹੱਦ ਤੇਜ਼ ਦਰਦ ਉਠਦਾ ਹੈ ਜੋ ਪਿੱਛੇ ਪਿੱਠ ਅਤੇ ਅੱਗੇ ਗਲ਼ੇ ਤਕ ਵੀ ਜਾਂਦਾ ਹੈ। ਪਿੱਤੇ ਦੀ ਪਥਰੀ 40 ਸਾਲ ਦੀ ਉਮਰ ਤੋਂ ਵੱਧ ਦੀਆਂ ਮੋਟੀਆਂ ਔਰਤਾਂ ਵਿਚ ਜ਼ਿਆਦਾ ਹੁੰਦੀ ਹੈ। ਸੋਨੋਗ੍ਰਾਫ਼ੀ ਅਤੇ ਸੀਟੀ ਸਕੈਨ ਵਰਗੀਆਂ ਤਕਨੀਕਾਂ ਤੋਂ ਪਤਾ ਲਗਾਇਆ ਜਾਂਦਾ ਹੈ। ਆਪ੍ਰੇਸ਼ਨ ਰਾਹੀਂ ਇਸ ਦਾ ਇਲਾਜ ਸੰਭਵ ਹੈ। ਖ਼ੂਨ ਵਿਚ ਕੋਲੈਸਟਰੋਲ ਦਾ ਪੱਧਰ ਅਤੇ ਲਿਵਰ ਦੀ ਸਮੇਂ ਸਮੇਂ ਸਿਰ ਜਾਂਚ ਕਰਵਾਉਂਦੇ ਰਹਿਣਾ ਠੀਕ ਰਹਿੰਦਾ ਹੈ। ਲੰਬੇ ਸਮੇਂ ਤਕ ਪਥਰੀ ਰਹਿਣ ਨਾਲ ਇਨਫੈਕਸ਼ਨ ਦਾ ਖ਼ਤਰਾ ਵਧ ਜਾਂਦਾ ਹੈ।

## ਕੁਝ ਸਾਧਾਰਨ ਕਾਰਨ

- ਕਦੀ ਕਦੀ ਮਾਨਸਿਕ ਤਣਾਅ ਦੀ ਸਥਿਤੀ ਵਿਚ ਅੰਤੜੀਆਂ ਦੇ ਸੁੰਗੜਨ ਕਾਰਨ ਅਤੇ ਪਾਚਕ ਰਸ ਦੇ ਵਹਾਅ ਦੀ ਦਰ ਵਧ ਜਾਂਦੀ ਹੈ ਜਿਸ ਦੀ ਪਛਾਣ ਦਸਤ ਲੱਗਣ ਤੋਂ ਹੁੰਦੀ ਹੈ।
- ਕਬਜ਼ ਵੀ ਪੇਟਦਰਦ ਦਾ ਇਕ ਸਾਧਾਰਨ ਕਾਰਨ ਹੈ । ਪਖ਼ਾਨਾ ਸਖ਼ਤ ਹੋਣ ਕਰਕੇ ਦਰਦ ਪੈਦਾ ਕਰਦਾ ਹੈ। ਕਬਜ਼ ਦੂਰ ਕਰਨ ਲਈ ਜ਼ਿਆਦਾ ਪਾਣੀ ਪੀਣ, ਜ਼ਿਆਦਾ ਸਲਾਦ ਖਾਣ ਅਤੇ ਨਿਯਮਿਤ ਕਸਰਤ ਆਦਿ ਮੁੱਢਲੇ ਉਪਾਅ ਹੋ ਸਕਦੇ ਹਨ।
- ਪਾਰਟੀਆਂ ਜਾਂ ਬਾਜ਼ਾਰਾਂ ਵਿਚ ਮਿਲਣ ਵਾਲੇ ਚਟਪਟੇ ਭੋਜਨ ਇਨਫੈਕਸ਼ਨ ਕਰ ਸਕਦੇ ਹਨ। ਇਹ ਫੂਡ ਪਾਇਜ਼ਨਿੰਗ ਦਾ ਕਾਰਨ ਵੀ ਬਣਦੇ ਹਨ।

# ਕੈਂਸਰ ਦੀਆਂ ਕੁਝ ਘਾਤਕ ਕਿਸਮਾਂ

## ਬਚਾਅ ਤੇ ਉਪਾਅ



ਕੌਮਾਂਤਰੀ ਕੈਂਸਰ ਦਿਵਸ ਕੈਂਸਰ ਦੇ ਸ਼ੁਰੂਆਤੀ ਪੜਾਅ ਵਿਚ ਪਤਾ ਲੱਗਣ 'ਤੇ ਰੋਕਥਾਮ, ਇਸ ਦੇ ਇਲਾਜ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਹਰ ਸਾਲ 4 ਫਰਵਰੀ ਨੂੰ ਮਨਾਇਆ ਜਾਂਦਾ ਹੈ। ਕੈਂਸਰ ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਦੀ ਗਿਣਤੀ ਦੋ ਸੌ ਤੋਂ ਵੀ ਵੱਧ ਹੈ। ਸਾਡੇ ਸਰੀਰ ਵਿਚ 60 ਵੱਖ-ਵੱਖ ਤਰ੍ਹਾਂ ਦੇ ਅੰਗ ਹੁੰਦੇ ਹਨ ਜਿਨ੍ਹਾਂ 'ਚ ਕੈਂਸਰ ਪੈਦਾ ਹੋ ਸਕਦਾ ਹੈ। ਇੱਥੇ ਕੈਂਸਰ ਦੀਆਂ ਪੰਜ ਅਜਿਹੀਆਂ ਖ਼ਤਰਨਾਕ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

## ਚਮੜੀ ਦਾ ਕੈਂਸਰ

ਚਮੜੀ ਦੇ ਕੈਂਸਰ ਦੌਰਾਨ ਚਮੜੀ 'ਤੇ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ ਜੋ ਮੇਲੇਨੋਮਾ (ਧੁੱਪ ਨਾਲ ਹੋਣ ਵਾਲੇ) ਜਾਂ ਨਾਨ-ਮੇਲੇਨੋਮਾ (ਬੇਹੱਦ ਗੰਭੀਰ) ਕੈਂਸਰ ਦੇ ਲੱਛਣ ਹੋ ਸਕਦੇ ਹਨ। ਚਮੜੀ 'ਤੇ ਰੈਸ਼ੇਜ਼, ਤਿਲ ਜਾਂ ਜਨਮਜਾਤ ਨਿਸ਼ਾਨ ਵਿਚ ਹੋਣ ਵਾਲੇ ਬਦਲਾਅ, ਐਕਜ਼ਿਮਾ, ਖਾਜ ਜਾਂ ਚਮੜੀ 'ਤੇ ਬਹੁਤ ਜ਼ਿਆਦਾ ਲਾਲੀ ਅਤੇ ਜਲਣ ਵੀ ਕੈਂਸਰ ਦਾ ਕਾਰਨ ਹੋ ਸਕਦੇ ਹਨ। ਇਸ ਲਈ ਇਨ੍ਹਾਂ ਅਲਾਮਤਾਂ ਨੂੰ ਅਣਗੌਲਿਆਂ ਨਾ ਕਰੋ।

### ਬਚਾਅ ਦੇ ਉਪਾਅ

- ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚਾਅ।
- ਧੁੱਪ ਵਿਚ ਨਿਕਲਣ ਤੋਂ ਪਹਿਲਾਂ ਸਨਸਕ੍ਰੀਨ ਲੋਸ਼ਨ ਦੀ ਵਰਤੋਂ। ਟੈਟੂ ਬਣਵਾਉਣ ਨਾਲ ਚਮੜੀ ਦੇ ਕੈਂਸਰ ਦਾ ਖ਼ਤਰਾ ਹੁੰਦਾ ਹੈ।
- ਭੋਜਨ ਵਿਚ ਵਿਟਾਮਿਨ ਡੀ ਦੀ ਮਾਤਰਾ ਸ਼ਾਮਿਲ ਕਰੋ। ਸਰੀਰ 'ਤੇ ਤੇਲ ਦੀ ਮਾਲਿਸ਼ ਕਰਨ ਨਾਲ ਵੀ ਚਮੜੀ ਦੇ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ।
- ਆਪਣੇ ਭੋਜਨ ਵਿਚ ਫਲ ਸ਼ਾਮਿਲ ਕਰਕੇ ਵੀ ਚਮੜੀ ਦੇ ਕੈਂਸਰ ਦੇ ਖ਼ਤਰੇ ਤੋਂ ਬਚਾਅ ਕੀਤਾ ਜਾ ਸਕਦਾ ਹੈ। ਅੰਗੂਰ ਦਾ ਸੇਵਨ ਚਮੜੀ ਦੇ ਕੈਂਸਰ ਦਾ ਖ਼ਤਰਾ ਘੱਟ ਕਰਦਾ ਹੈ।

**ਰਿਪੋਰਟ ਮੁਤਾਬਿਕ ਫੇਫੜੇ ਨਾਲ ਸਬੰਧਤ 80 ਫ਼ੀਸਦੀ ਰੋਗਾਂ ਦਾ ਕਾਰਨ ਸਿਗਰਟਨੋਸ਼ੀ ਹੈ।**

**40 ਸਾਲ ਦੀ ਉਮਰ ਤੋਂ ਬਾਅਦ ਹਰੇਕ ਔਰਤ ਨੂੰ ਸਾਲ ਵਿਚ ਇਕ ਵਾਰ ਬ੍ਰੈਸਟ ਕੈਂਸਰ ਸਬੰਧੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।**

## ਬ੍ਰੈਸਟ ਕੈਂਸਰ

ਭਾਰਤੀ ਔਰਤਾਂ ਵਿਚ ਬ੍ਰੈਸਟ ਕੈਂਸਰ ਹੋਣ ਦੀ ਔਸਤ ਉਮਰ 47 ਸਾਲ ਹੈ ਜੋ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ 10 ਸਾਲ ਘੱਟ ਹੈ। ਬ੍ਰੈਸਟ ਵਿਚ ਗੰਢ, ਬਗ਼ਲ 'ਚ ਸੋਜਿਸ਼ ਆਉਣਾ, ਆਕਾਰ ਵਿਚ ਤੇਜ਼ੀ ਨਾਲ ਤਬਦੀਲੀ ਆਦਿ ਲੱਛਣ ਸਾਹਮਣੇ ਆਉਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸਮੇਂ ਸਿਰ ਬ੍ਰੈਸਟ ਕੈਂਸਰ ਦੀ ਪਛਾਣ ਕਰਕੇ ਇਸ ਦਾ ਇਲਾਜ ਸੰਭਵ ਹੈ।

### ਉਪਾਅ

- ਚਾਹ ਦਾ ਸੇਵਨ ਕਰੋ। ਕਾਲੀ ਚਾਹ ਵਿਚ ਐਪੀ ਗੈਲੋ ਕੈਟੇਚਿਨ ਨਾਂ ਦਾ ਰਸਾਇਣ ਹੁੰਦਾ ਹੈ ਜੋ ਬ੍ਰੈਸਟ ਕੈਂਸਰ ਤੋਂ ਸਰੀਰ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ।
- ਖੱਟੇ ਫਲਾਂ ਜਿਵੇਂ ਸੇਬ, ਅੰਗੂਰ, ਪੀਚ, ਨਾਸ਼ਪਤੀ, ਕੇਲਾ ਆਦਿ ਦਾ ਸੇਵਨ ਕਰਨ ਨਾਲ ਬ੍ਰੈਸਟ ਕੈਂਸਰ ਹੋਣ ਦੀ ਸੰਭਾਵਨਾ ਕੁਝ ਹੱਦ ਤਕ ਘੱਟ ਹੋ ਜਾਂਦੀ ਹੈ।
- ਸਰੀਰਕ ਰੂਪ ਵਿਚ ਜ਼ਿਆਦਾ ਕਿਰਿਆਸ਼ੀਲ ਰਹੋ। ਨਿਯਮਿਤ ਕਸਰਤ ਕਰੋ।
- ਦੁੱਧ ਅਤੇ ਦਹੀਂ ਵਿਚ ਵਿਟਾਮਿਨ ਡੀ ਹੁੰਦਾ ਹੈ ਜੋ ਬ੍ਰੈਸਟ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦਾ ਹੈ। ਗਰਭਰੋਕੂ ਗੋਲ਼ੀਆਂ ਦਾ ਸੇਵਨ ਡਾਕਟਰ ਦੀ ਸਲਾਹ ਨਾਲ ਹੀ ਕਰੋ।
- 40 ਸਾਲ ਦੀ ਉਮਰ ਤੋਂ ਬਾਅਦ ਹਰੇਕ ਔਰਤ ਨੂੰ ਘੱਟੋ ਘੱਟ ਸਾਲ ਵਿਚ ਇਕ ਵਾਰ ਬ੍ਰੈਸਟ ਕੈਂਸਰ ਮਾਹਿਰ ਤੋਂ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

## ਬਲੱਡ ਕੈਂਸਰ

ਬਲੱਡ ਕੈਂਸਰ ਹੋਣ ਦਾ ਸਭ ਤੋਂ ਮੁੱਖ ਕਾਰਨ ਸਰੀਰ ਦੀ ਰੋਗਰੋਕੂ ਸਮਰੱਥਾ ਦਾ ਘੱਟ ਹੋਣਾ ਹੈ। ਕੀਟਨਾਸ਼ਕਾਂ ਅਤੇ ਨਾਈਟ੍ਰੇਟਯੁਕਤ ਪਾਣੀ ਦੀ ਵਰਤੋਂ ਨਾਲ ਬਲੱਡ ਕੈਂਸਰ ਹੋਣ ਦਾ ਖ਼ਤਰਾ ਵਧਦਾ ਹੈ। ਬਲੱਡ ਕੈਂਸਰ ਹੋਣ 'ਤੇ ਹੱਡੀਆਂ ਅਤੇ ਜੋੜਾਂ ਵਿਚ ਦਰਦ ਹੋਣ ਲਗਦਾ ਹੈ। ਬੁਖ਼ਾਰ, ਚੱਕਰ ਆਉਣਾ, ਵਾਰ-ਵਾਰ ਇਨਫੈਕਸ਼ਨ, ਰਾਤ ਨੂੰ ਪਸੀਨਾ ਆਉਣਾ ਅਤੇ ਵਜ਼ਨ ਘੱਟ ਹੋਣਾ ਬਲੱਡ ਕੈਂਸਰ ਦੇ ਪ੍ਰਮੁੱਖ ਲੱਛਣ ਹਨ।

### ਉਪਾਅ

- ਸਿਗਰਟਨੋਸ਼ੀ ਦਾ ਤਿਆਗ ਕਰਕੇ ਬਲੱਡ ਕੈਂਸਰ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਸਿਗਰਟ ਨਾਲ ਸਰੀਰ 'ਚ ਪਹੁੰਚ ਰਹੀ ਨਿਕੋਟੀਨ ਕੈਂਸਰ ਨੂੰ ਸੱਦਾ ਦਿੰਦੀ ਹੈ।
- ਜ਼ਿਆਦਾ ਕੋਲੈਸਟਰੋਲ ਵਾਲਾ ਭੋਜਨ ਕਰਨ ਤੋਂ ਬਚਾਅ ਕਰੋ। ਹਰੀ ਸਬਜ਼ੀਆਂ, ਤਾਜ਼ੇ ਫਲ, ਦੁੱਧ, ਦਹੀਂ ਅਤੇ ਵਿਟਾਮਿਨ, ਮਿਨਰਲ ਯੁਕਤ ਭੋਜਨ ਖਾਓ।
- ਐਕਸ-ਰੇ ਜਾਂ ਹੋਰ ਰੇਡੀਏਸ਼ਨ ਕਿਰਨਾਂ ਦੇ ਸੰਪਰਕ ਵਿਚ ਆਉਣ ਤੋਂ ਬਚੋ ਕਿਉਂਕਿ ਰੇਡੀਏਸ਼ਨ ਨਾਲ ਬਲੱਡ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਸੀਟੀ ਸਕੈਨ ਅਤੇ ਰੇਡੀਏਸ਼ਨ ਥੈਰੇਪੀ ਵੀ ਬਲੱਡ ਕੈਂਸਰ ਦਾ ਖ਼ਤਰਾ ਵਧਾਉਂਦੀ ਹੈ।



## ਫੇਫੜਿਆਂ ਦਾ ਕੈਂਸਰ

ਫੇਫੜੇ ਦੇ 80 ਫ਼ੀਸਦੀ ਰੋਗ ਮਾਮਲੇ ਸਿਗਰਟਨੋਸ਼ੀ ਕਾਰਨ ਹੁੰਦੇ ਹਨ। ਇਹ ਸਿਗਰਟ ਜਾਂ ਕਿਸੇ ਵੀ ਧੂੰਏ ਕਾਰਨ ਹੋ ਸਕਦੇ ਹਨ। ਸਿਗਰਟ ਨਾ ਪੀਣ ਵਾਲੇ ਵੀ ਸਿਗਰਟ ਪੀਣ ਵਾਲਿਆਂ ਦੇ ਸੰਪਰਕ ਵਿਚ ਆਉਣ ਕਾਰਨ ਇਸ ਦਾ ਸ਼ਿਕਾਰ ਹੋ ਸਕਦੇ ਹਨ। ਛਾਤੀ ਵਿਚ ਦਰਦ, ਭੁੱਖ ਨਾ ਲੱਗਣਾ, ਖੰਘ ਨਾ ਖ਼ੂਨ ਆਉਣਾ, ਕਫ਼ ਦੀ ਸਮੱਸਿਆ ਜਲਦੀ ਖ਼ਤਮ ਨਾ ਹੋਣਾ ਆਦਿ ਇਸ ਦੇ ਲੱਛਣ ਹਨ।

### ਉਪਾਅ

- ਸਿਗਰਟਨੋਸ਼ੀ ਤੋਂ ਬਚੋ। ਘਰ ਅਤੇ ਆਲ਼ੇ ਦੁਆਲ਼ੇ ਨੂੰ ਹਾਨੀਕਾਰਕ ਗੈਸ ਤੋਂ ਸੁਰੱਖਿਅਤ ਰੱਖੋ ਭੋਜਨ ਵਿਚ ਦੁੱਧ, ਦਹੀਂ, ਫਲ, ਗ੍ਰੀਨ ਟੀ ਆਦਿ ਲਾਜ਼ਮੀ ਤੌਰ 'ਤੇ ਯਕੀਨੀ ਬਣਾਓ।

## ਮੂੰਹ ਦਾ ਕੈਂਸਰ

ਮੂੰਹ ਦਾ ਕੈਂਸਰ ਜੀਭ, ਨੱਕ, ਤਾਲੂ ਜਾਂ ਭੋਜਨ ਨਲੀ ਵਿਚ ਹੁੰਦਾ ਹੈ। ਸਿਗਰਟਨੋਸ਼ੀ, ਗੁਟਖਾ, ਸ਼ਰਾਬ ਆਦਿ ਦਾ ਸੇਵਨ ਕਰਨ ਵਾਲਿਆਂ ਵਿਚ ਇਸ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਦੇ ਲੱਛਣਾਂ ਵਿਚ ਮੂੰਹ, ਬੁੱਲ੍ਹਾਂ 'ਤੇ ਲਾਲ ਰੰਗ ਦੇ ਦਾਗ਼, ਜਾਂ ਚਿੱਟੇ ਧੱਬੇ, ਮੂੰਹ ਤੇ ਬੁੱਲ੍ਹਾਂ 'ਤੇ ਸੋਜ, ਚਬਾਉਂਦੇ ਜਾਂ ਬੋਲਦੇ ਸਮੇਂ ਦਰਦ, ਜੀਭ ਹਿਲਾਉਣ ਵਿਚ ਮੁਸ਼ਕਿਲ, ਚਬਾਉਂਦੇ ਸਮੇਂ ਦੰਦਾਂ ਵਿਚ ਦਰਦ ਹੋਣਾ, ਕੰਨ ਵਿਚ ਦਰਦ ਹੋਣਾ ਜਾਂ ਗਲ਼ੇ 'ਚ ਜ਼ਖ਼ਮ ਆਦਿ ਪ੍ਰਮੁੱਖ ਹਨ।

### ਉਪਾਅ

- ਸਿਗਰਟ, ਤੰਬਾਕੂ, ਗੁਟਖਾ ਆਦਿ ਦੇ ਸੇਵਨ ਤੋਂ ਛੁਟਕਾਰਾ।
- ਸ਼ਰਾਬ ਕਾਰਨ ਮੂੰਹ ਦੇ ਕੈਂਸਰ ਦੀ ਸੰਭਾਵਨਾ ਚਾਰ ਗੁਣਾ ਵੱਧ ਹੋ ਜਾਂਦੀ ਹ ਕਿਉਂਕਿ ਮੂੰਹ ਵਿਚ ਅਲਕੋਹਲ ਕਾਰਨ ਜ਼ਖ਼ਮ ਹੋ ਜਾਂਦੇ ਹਨ ਅਤੇ ਉਸ ਵਿਚ ਜ਼ਖ਼ਮ ਵਧਦਾ ਜਾਂਦਾ ਹੈ।
- ਜੇਕਰ ਮੂੰਹ ਵਿਚ ਛਾਲੇ ਜਾਂ ਕੋਈ ਜ਼ਖ਼ਮ ਹੈ ਤਾਂ ਅਣਗੌਲਿਆਂ ਨਾ ਕਰੋ, ਸਮੇਂ ਸਿਰ ਡਾਕਟਰ ਕੋਲ ਜਾਓ ਅਤੇ ਇਲਾਜ ਸ਼ੁਰੂ ਕਰਵਾਓ। ਦੰਦਾਂ, ਬੁੱਲ੍ਹਾਂ ਅਤੇ ਜੀਭ ਦੀ ਸਫ਼ਾਈ ਦਾ ਉਚੇਚਾ ਧਿਆਨ ਰੱਖੋ।

## ਸਰਸ ਮੇਲੇ 'ਚ ਐਨ.ਜ਼ੈਡ.ਸੀ.ਸੀ. ਦੇ ਕਲਾਕਾਰ ਕਰਵਾ ਰਹੇ ਨੇ ਭਾਰਤ ਦੀ ਮਹਾਨ ਸੰਸਕ੍ਰਿਤੀ ਦੇ ਦਰਸ਼ਨ

# ਰਾਜਸਥਾਨ, ਹਰਿਆਣਾ, ਕਸ਼ਮੀਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਦੇ ਲੋਕ-ਨਾਚ ਤੇ ਲੋਕ ਗੀਤ ਰੋਜ਼ਾਨਾ ਆਉਣ ਵਾਲੇ ਹਜ਼ਾਰਾਂ ਮੇਲੀਆਂ ਦਾ ਕਰ ਰਹੇ ਨੇ ਮਨੋਰੰਜਨ





**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਅਗਵਾਈ ਹੇਠ ਪਟਿਆਲਾ ਦੇ ਵਿਰਾਸਤੀ ਸ਼ੀਸ਼ ਮਹਿਲ ਵਿਖੇ ਚੱਲ ਰਹੇ ਸਰਸ ਮੇਲੇ 'ਚ ਜਿੱਥੇ ਹਸਤ ਕਲਾ ਸ਼ਿਲਪਕਾਰੀ ਦੀਆਂ ਸਟਾਲਾਂ ਦੇਖਣਯੋਗ ਹਨ, ਉੱਥੇ ਹੀ ਭਾਰਤ ਦੀ ਮਹਾਨ ਸੰਸਕ੍ਰਿਤੀ ਨੂੰ ਦਰਸਾਉਂਦੇ ਵੱਖ-ਵੱਖ ਖੇਤਰਾਂ ਦੇ ਲੋਕ-ਨਾਚ ਅਤੇ ਲੋਕ- ਧੁਨਾਂ ਨਾਲ ਪਰੋਏ ਲੋਕ-ਗੀਤ ਰੋਜ਼ਾਨਾ ਨਵੀਂ ਪੀੜੀ ਦਾ ਦਿਲ ਮਨੋਰੰਜਨ ਕਰ ਰਹੇ ਹਨ ਉੱਥੇ ਆਪਣੇ ਅਮੀਰ ਵਿਰਸੇ ਦੀਆਂ ਸਾਂਝਾਂ ਨੂੰ ਹੋਰ ਪਕੇਰਾ ਕਰਦੇ ਨਜ਼ਰ ਆਉਂਦੇ ਹਨ।

ਸਭਿਆਚਾਰਕ ਪ੍ਰੋਗਰਾਮਾਂ ਦੀ ਦੇਖ-ਰੇਖ ਕਰ ਰਹੇ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਮੇਲਾ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਨੁਪ੍ਰਿਤਾ ਜੌਹਲ ਦੀ ਦੀ ਰਹਿਨੁਮਾਈ ਹੇਠ ਰੋਜ਼ਾਨਾ ਆਉਣ ਵਾਲੇ ਹਜ਼ਾਰਾਂ ਮੇਲੀਆਂ ਦਾ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਆਏ ਕਲਾਕਾਰਾਂ ਵੱਲੋਂ ਆਪਣੇ ਲੋਕ ਨਾਚ ਤੇ ਲੋਕ ਗੀਤ ਰਾਹੀਂ ਮਨੋਰੰਜਨ ਕੀਤਾ ਜਾ ਰਿਹਾ ਹੈ।

ਮੇਲੇ ਵਿੱਚ ਉੱਤਰ ਭਾਰਤ ਸਭਿਆਚਾਰਕ ਕੇਂਦਰ ਪਟਿਆਲਾ ਤੇ ਪੰਜਾਬ ਸੈਰ ਸਪਾਟਾ ਤੇ ਸਭਿਆਚਾਰ ਮਾਮਲੇ ਵਿਭਾਗ ਦੇ ਸਹਿਯੋਗ ਸਦਕਾ ਰਾਜਸਥਾਨ ਦਾ ਕਾਲਬੇਲੀਆ ਜੋ ਕਿ ਭਰਤਪੁਰ, ਜੈਸਲਮੇਰ ਤੇ ਜੈਪੁਰ ਦੇ ਖੇਤਰਾਂ ਦਾ ਮਸ਼ਹੂਰ ਲੋਕ-ਨਾਚ ਹੈ। ਹਰਿਆਣਾ ਦਾ ਫਾਗ ਅਤੇ ਉੱਤਰ ਪ੍ਰਦੇਸ਼ ਦਾ ਮਾਯੂਰ ਡਾਂਸ, ਝਾਰਖੰਡ ਦਾ ਛਾਊਂ, ਕਸ਼ਮੀਰ ਦਾ ਰੁੱਫ ਅਤੇ ਪੰਜਾਬ ਦੇ ਭੰਗੜਾ, ਲੁੱਡੀ ਅਤੇ ਸੰਮੀ ਲੋਕ-ਨਾਚ ਮੇਲੇ ਵਿੱਚ ਆਏ ਮੇਲੀਆਂ ਨੂੰ ਲੋਕ ਸਾਜ਼ਾਂ ਉੱਤੇ ਥਿਰਕਣ ਲਈ ਮਜਬੂਰ ਕਰ ਦਿੰਦੇ ਹਨ। ਇਸ ਮੌਕੇ ਮੰਚ ਸੰਚਾਲਕ ਸੰਜੀਵ ਸ਼ਾਦ ਵੱਲੋਂ ਆਪਣੀ ਸ਼ਾਇਰੀ ਅਤੇ ਲੋਕ-ਨਾਚਾਂ ਦੇ ਪਿਛੋਕੜ ਬਾਰੇ ਮੇਲੀਆਂ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਮੇਲੇ ਦੌਰਾਨ ਉਤਰ ਭਾਰਤੀ ਸਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਅਤੇ ਜ਼ਿਲ੍ਹਾ ਬਾਲ ਵਿਕਾਸ ਅਤੇ ਸੰਭਾਲ ਅਫ਼ਸਰ ਡਾ. ਸ਼ਾਇਨਾ ਕਪੂਰ, ਰੂਪਵੰਤ ਕੌਰ ਅਤੇ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਵੱਲੋਂ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਮੇਲੀਆਂ ਨੂੰ ਭਾਰਤ ਦੀ ਮਹਾਨ ਸਭਿਆਚਾਰਕ ਵਿਰਾਸਤ ਦੇ ਦਰਸ਼ਨ ਕਰਵਾਏ ਜਾ ਰਹੇ ਹਨ।

# ਸਰਸ ਮੇਲੇ 'ਚ ਬਾਜ਼ੀਗਰਾਂ ਦੀ ਬਾਜ਼ੀ ਨੇ ਦਰਸ਼ਕ ਕੀਲੇ; ਡਿੱਖ ਪਿੰਡ ਦੇ ਬਾਜ਼ੀਗਰਾਂ ਦੀ ਟੀਮ ਸਰਸ ਮੇਲੇ 'ਚ ਛਾਈ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਰਾਸਤੀ ਸ਼ੀਸ਼ ਮਹਿਲ ਵਿਖੇ ਲੱਗੇ ਸਰਸ ਮੇਲੇ 'ਚ ਜਿਥੇ ਸਟੇਜ 'ਤੇ ਵੱਖ ਵੱਖ ਰਾਜਾਂ ਤੋਂ ਆਏ ਕਲਾਕਾਰਾਂ ਵੱਲੋਂ ਪੇਸ਼ਕਾਰੀਆਂ ਕੀਤੀਆਂ ਜਾ ਰਹੀਆਂ ਹਨ, ਉਥੇ ਹੀ ਬਾਜ਼ੀਗਰਾਂ ਵੱਲੋਂ ਸ਼ੀਸ਼ ਮਹਿਲ ਦੇ ਵਿਹੜੇ 'ਚ ਬਾਜ਼ੀਆਂ ਪਾਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾ ਰਿਹਾ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਡਿੱਖ ਤੋਂ ਆਈ ਬਾਜ਼ੀਗਰਾਂ ਦੀ ਟੀਮ ਵੱਲੋਂ ਢੋਲ ਦੀ ਡੱਗੇ ਨਾਲ ਪੱਗੀ ਤੇ ਮੰਜੇ ਦੇ ਉੱਪਰੋਂ ਪੁੱਠੀ ਛਾਲ, ਬਾਂਸਾਂ ਵਿਚੋਂ ਲੰਘ ਕੇ, ਛੱਲੇ 'ਚੋ ਲੰਘ ਕੇ ਤੇ ਗਲੇ ਦੇ ਜ਼ੋਰ ਨਾਲ ਸਰੀਏ ਨੂੰ ਮੋੜਨ ਵਰਗੇ ਕਰਤੱਬ ਕਰਕੇ ਸਰਸ ਮੇਲੇ 'ਚ ਪੁੱਜੇ ਦਰਸ਼ਕ ਨੂੰ ਆਪਣੀ ਕਲਾਂ ਨਾਲ ਮੋਹਿਆ ਜਾ ਰਿਹਾ ਹੈ। ਉੱਤਰ ਖੇਤਰੀ ਸਭਿਆਚਾਰ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਸਰਸ ਮੇਲੇ 'ਚ ਆਪਣੀ ਪ੍ਰਤਿਭਾ ਦਿਖਾ ਰਹੀ ਬਾਜ਼ੀਗਰਾਂ ਦੀ ਟੀਮ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੇਲੇ ਪਿੰਡਾਂ ਦੀਆਂ ਖੇਡਾਂ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਕਾਰਗਰ ਸਾਬਤ ਹੋਣਗੇ।

ਸਰਸ ਮੇਲੇ 'ਚ ਕਰਤੱਬ ਦੇਖ ਰਹੇ ਛੋਟੇ ਬੱਚੇ ਨੇ ਕਿਹਾ ਕਿ ਫ਼ਿਲਮਾਂ 'ਚ ਹੁੰਦੇ ਸਟੰਟ ਸਾਡੇ ਸਾਹਮਣੇ ਕੀਤੇ ਜਾ ਰਹੇ ਹਨ। ਇਸ ਮੌਕੇ ਬਾਜ਼ੀਗਰਾਂ ਦੀ ਟੀਮ ਦੇ ਇੰਚਾਰਜ ਵਕੀਲ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਰਤੱਬ ਸਾਲਾਂ ਦੀ ਸਖ਼ਤ ਮਿਹਨਤ ਅਤੇ ਸਰੀਰ ਨੂੰ ਇਸ ਕਲਾ ਨੂੰ ਕਰਨ ਦੇ ਯੋਗ ਬਣਾਉਣ ਲਈ ਰੋਜ਼ਾਨਾ ਦੀ ਪ੍ਰੈਕਟਿਸ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਟੀਮ ਦੇ ਮੈਂਬਰ ਛਿੰਦਾ ਸਿੰਘ, ਸਤਨਾਮ ਸਿੰਘ ਸਮੇਤ ਕੁਲ ਅੱਠ ਮੈਂਬਰ ਹਨ ਤੇ ਢੋਲ ਮਾਸਟਰ ਮਿੱਠੂ ਸਿੰਘ ਦੇ ਡੱਗੇ 'ਤੇ ਟੀਮ ਵੱਲੋਂ ਬਾਜ਼ੀਆਂ ਪਾਈਆਂ ਜਾਂਦੀਆਂ ਹਨ।

ਇਸ ਮੌਕੇ ਮੇਲੇ ਦੇ ਨੋਡਲ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ 23 ਫਰਵਰੀ ਤੱਕ ਬਾਜ਼ੀਗਰਾਂ ਸਮੇਤ ਹੋਰਨਾਂ ਵੱਖ ਵੱਖ ਕਲਾਵਾਂ 'ਚ ਮੁਹਾਰਤ ਰੱਖਣ ਵਾਲੇ ਕਲਾਕਾਰਾਂ ਨੂੰ ਸਰਸ ਮੇਲੇ ਦੇ ਇਸ ਮੰਚ ਰਾਹੀਂ ਆਪਣੀ ਕਲਾ ਦਿਖਾਉਣ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਟੇਜ 'ਤੇ ਅਤੇ ਮੇਲੇ 'ਚ ਵੱਖ ਵੱਖ ਸਥਾਨਾਂ 'ਤੇ ਸਵੇਰ ਤੋਂ ਹੀ ਕਲਾਕਾਰਾਂ ਵੱਲੋਂ ਆਪਣੀਆਂ ਪੇਸ਼ਕਾਰੀ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਪਟਿਆਲਾ ਵਾਸੀਆਂ ਨੂੰ ਇਸ ਮੇਲੇ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

# ਪਵਨ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਾਰਟੀ ਨੂੰ ਮਜ਼ਬੂਤ ਕਰਨ ਲਈ ਭਰਤੀ ਅਭਿਆਨ ਚਲਾਇਆ ਜਾਵੇਗਾ : ਗੁਰਮੁਖ ਸਿੰਘ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ਼ਿਵ ਸੈਨਾ ਹਿੰਦੁਸਤਾਨ ਦੀ ਮੀਟਿੰਗ ਪਟਿਆਲਾ ਹਾਈਟ ਬਿਲਡਿੰਗ ਦੇ ਨੇੜੇ ਹੋਟਲ ਐਚਡੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੇ ਨਿਰਦੇਸ਼ਾਂ ਅਨੁਸਾਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਭਰਤੀ ਅਭਿਆਨ ਚਲਾਇਆ ਜਾਵੇਗਾ। ਇਸ ਮੀਟਿੰਗ ਦੀ ਅਗਵਾਈ ਪੰਜਾਬ ਉਪ ਪ੍ਰਧਾਨ ਗੁਰਮੁਖ ਸਿੰਘ ਨੇ ਕੀਤੀ। ਸ਼ਿਵ ਸੈਨਾ ਹਿੰਦੁਸਤਾਨ ਦੇ ਉੱਤਰ ਭਾਰਤ ਪ੍ਰਮੁੱਖ ਰਾਜੇਸ਼ ਕੌਸ਼ਿਕ ਵਿਸ਼ੇਸ਼ ਤੌਰ 'ਤੇ ਪਹੁੰਚੇ। ਰਾਜੇਸ਼ ਕੌਸ਼ਿਕ ਜੀ ਨੇ ਦੱਸਿਆ ਕਿ ਪਾਰਟੀ ਨੂੰ ਮਜ਼ਬੂਤ ਕਰਦੇ ਹੋਏ ਅੱਜ ਪਟਿਆਲਾ 2 ਦੇ ਗੁਰਪ੍ਰੀਤ ਚੌਹਾਨ ਨੂੰ ਹਿੰਦੁਸਤਾਨ ਯੂਵਾ ਸੈਨਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਗੁਰਮੁਖ ਸਿੰਘ ਅਤੇ ਰਾਜੇਸ਼ ਕੌਸ਼ਿਕ ਜੀ ਨੇ ਗੁਰਪ੍ਰੀਤ ਸਿੰਘ ਚੌਹਾਨ ਅਤੇ ਨਵੇਂ ਨਿਯੁਕਤ ਸ਼ਿਵ ਸੈਨਿਕਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਰਾਜੇਸ਼ ਕੌਸ਼ਿਕ, ਉੱਤਰ ਭਾਰਤ ਪ੍ਰਮੁੱਖ, ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਜੋ ਪੰਜਾਬ ਵਿੱਚ ਵਿਦੇਸ਼ ਭੇਜਣ ਦੇ ਲਾਲਚ ਦੇ ਕੇ ਨੌਜਵਾਨਾਂ ਨੂੰ ਧੋਖਾ ਦਿੰਦੇ ਹਨ, ਉਨ੍ਹਾਂ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਅਮਰੀਕਾ ਤੋਂ ਡਿਪੋਰਟ ਹੋਏ ਪੰਜਾਬੀਆਂ ਨੂੰ ਨਿਆਂ ਮਿਲੇ। ਗੁਰਪ੍ਰੀਤ ਚੌਹਾਨ, ਨਿਰਮਲ ਸਿੰਘ, ਨਿਖਿਲ ਗਨੀ, ਅਜਰੂਰ, ਗੁਰਵਿੰਦਰ ਸਿੰਘ ਕੰਨੌਰ, ਸਾਜਨ ਕੁਮਾਰ ਖੇੜੀ ਨੇ ਆਸ਼ਵਾਸਨ ਦਿੱਤਾ ਕਿ ਪਾਰਟੀ ਅਤੇ ਗੌ ਮਾਤਾ ਦੀ ਰੱਖਿਆ ਲਈ ਸਨਾਤਨ ਧਰਮ ਲਈ ਹਰ ਵਕਤ ਤਿਆਰ ਰਹਿਣਗੇ। ਇਸ ਮੌਕੇ 'ਤੇ ਹਿੰਦੁਸਤਾਨ ਯੂਵਾ ਸੇਵਾ ਦੇ ਜ਼ਿਲ੍ਹਾ ਪ੍ਰਧਾਨ ਰੋਹਿਤ ਅਟਵਾਲ ਜੀ, ਸ਼ਹਿਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਰਵੀ ਸੋਹਲ ਜੀ, ਰਾਹੁਲ ਮਹਿਤਾ ਜੀ, ਰਣਜੀਤ ਸਿੰਘ ਜੀ, ਰਣਧੀਰ ਕੌਸ਼ਿਕ ਜੀ, ਹਰਗੁਨ ਜੀ ਮੌਕੇ 'ਤੇ ਮੌਜੂਦ ਰਹੇ।

# ਸਕੂਲ ਦੇ ਬੱਚਿਆਂ ਨੂੰ ਸਾਂਝ ਕੇਂਦਰ ਅਤੇ ਥਾਣਾ ਸਿਟੀ ਬਾਰੇ ਦਿੱਤੀ ਗਈ ਜਾਣਕਾਰੀ

**ਸੁਨਾਮ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਫਰੀਡਮ ਫਾਈਟਰ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਹੜ ਦੇ ਬੱਚਿਆਂ ਨੂੰ ਸਾਂਝ ਕੇਂਦਰ ਸਿਟੀ ਸੁਨਾਮ ਬਾਰੇ ਜਾਣਕਾਰੀ ਦਿੱਤੀ ਗਈ।ਸਕੂਲ ਦੇ ਬੱਚਿਆਂ ਨੂੰ ਸਾਂਝ ਕੇਂਦਰ ਅਤੇ ਟਰੈਫਿਕ ਪੁਲਿਸ ਸੁਨਾਮ ਵੱਲੋਂ ਥਾਣਾ ਸਿਟੀ ਸੁਨਾਮ ਦੀਆਂ ਸਰਵਿਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 112 ਅਤੇ ਹੋਰ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਾਂਝ ਕੇਂਦਰ ਵੱਲੋਂ ਏ.ਐਸ.ਆਈ ਹਰਪਾਲ ਸਿੰਘ , ਟਰੈਫਿਕ ਪੁਲਿਸ ਇੰਚਾਰਜ ਨਿਰਭੈ ਸਿੰਘ , ਏ.ਐਸ.ਆਈ ਸੁਖਵਿੰਦਰ ਸਿੰਘ, ਏ.ਐਸ.ਆਈ ਹਰਪਾਲ ਸਿੰਘ, ਟਰੈਫਿਕ ਮਾਰਸਲ ਟੀਮ ਦੇ ਇੰਚਾਰਜ ਪੰਕਜ ਅਰੋੜਾ, ਸੁਖਦੇਵ ਸਿੰਘ ਰੋਡ ਸੇਫਟੀ ਮੈਂਬਰ, ਥਾਣਾ ਸਿਟੀ ਸਨਾਮ ਦੇ ਮੁਨਸ਼ੀ ਸੋਮਾ ਸਿੰਘ ,ਕਾਂਸਟੇਬਲ ਸਿਮਰਨਜੀਤ ਕੌਰ ਅਤੇ ਸਕੂਲ ਸਟਾਫ ਦੇ ਰਾਕੇਸ਼ ਗੁਪਤਾ , ਰਜਨੀ ਬਾਲਾ, ਰਜਿੰਦਰ ਸਿੰਘ ਹਾਜ਼ਰ ਸਨ।

# ਸਤਿਗੁਰੂ ਰਾਮ ਸਿੰਘ ਦਾ ਵੱਡੇ ਸਮਾਜ ਸੁਧਾਰ ਵਿਚ ਵਿਸ਼ੇਸ਼ ਯੋਗਦਾਨ : ਠਾਕੁਰ ਦਲੀਪ ਸਿੰਘ

**ਜਲੰਧਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿੰਡ ਜਗਰਾਲ, ਜਲੰਧਰ ਵਿਖੇ ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੇ ਅਸ਼ੀਰਵਾਦ ਸਦਕਾ ਅਵਤਾਰ ਸਿੰਘ, ਸਤਨਾਮ ਸਿੰਘ, ਗੁਰਨਾਮ ਸਿੰਘ ਅਤੇ ਭਾਨ ਸਿੰਘ ਦੇ ਪਰਿਵਾਰ ਵਲੋਂ ਸੰਗਤ ਦੇ ਸਹਿਯੋਗ ਨਾਲ ਸੁਤੰਤਰਤਾ ਸੰਗਰਾਮ ਦੇ ਮੋਢੀ, ਮਹਾਨ ਕ੍ਰਾਂਤੀਕਾਰੀ ਗੁਰੂ, ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਦਾ ਆਗਮਨ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ। ਪ੍ਰਸਿੱਧ ਰਾਗੀ ਜਥਿਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਇਸ ਮੌਕੇ ਮਹਾਨ ਵਿਦਵਾਨਾਂ ਦੁਆਰਾ ਉਹਨਾਂ ਦੇ ਉਪਕਾਰਾਂ ਅਤੇ ਜੀਵਨ ਤੇ ਚਾਨਣਾ ਪਾਇਆ।ਇਸ ਮੌਕੇ ਮੌਜੂਦਾ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਵਲੋਂ ਸੁਨੇਹਾ ਦਿੱਤਾ ਕਿ ਹਰ ਸਿੱਖ ਨੂੰ ਉਹਨਾਂ 'ਤੇ ਮਾਣ ਕਰਨਾ ਚਾਹੀਦਾ ਹੈ। ਜਿਨ੍ਹਾਂ ਨੇ ਜੂਨ 1863 ਵਿੱਚ ਬਾਲ ਵਿਆਹ 'ਤੇ ਪ੍ਰਤੀਬੰਧ ਲਾ ਕੇ ਵਿਆਹ ਲਈ ਘੱਟੋ-ਘੱਟ ਉਮਰ 18 ਸਾਲ ਨਿਰਧਾਰਤ ਕੀਤੀ। ਇਹ ਉਨ੍ਹਾਂ ਦੀ ਅਦਭੁਤ ਦੂਰਦਰਸ਼ਤਾ ਅਤੇ ਵਿਲੱਖਣ ਸਮਾਜ ਸੁਧਾਰਕ ਹੋਣ ਦਾ ਪ੍ਰਮਾਣ ਹੈ। ਉਨ੍ਹਾਂ ਦੇ ਉਤਕ੍ਰਿਸ਼ਟ ਯੋਗਦਾਨ ਨੂੰ ਵੇਖਦਿਆਂ ਇਹ ਸਿੱਧ ਹੋ ਜਾਂਦਾ ਹੈ ਕਿ ਸਿੱਖ ਪੰਥ ਨਿਰੰਤਰ ਸਮਾਜ ਸੁਧਾਰ ਦੀ ਅਗਵਾਈ ਕਰਦਾ ਆ ਰਿਹਾ ਹੈ ਅਤੇ ਹਰ ਖੇਤਰ ਵਿੱਚ ਆਪਣੀ ਮਹਾਨਤਾ ਸਿੱਧ ਕਰਦਾ ਹੈ। ਇਸ ਮੌਕੇ ਨਾਮਧਾਰੀ ਪੰਥ ਦੇ ਪ੍ਰਧਾਨ ਸੂਬਾ ਅਮਰੀਕ ਸਿੰਘ ਨੇ ਕਿਹਾ ਕਿ ਉਹ ਅਲੌਕਿਕ ਸ਼ਖ਼ਸੀਅਤ ਹਨ। ਉਹਨਾਂ ਨੇ 1857 ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਪੁਨਰ ਸਥਾਪਨਾ ਕਰਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੁਬਾਰਾ ਲਾਗੂ ਕਰ ਕੇ ਦੇਸ਼ ਅਤੇ ਧਰਮ ਦੀ ਰੱਖਿਆ ਦੀ ਭਾਵਨਾ ਨੂੰ ਦ੍ਰਿੜ੍ਹ ਕਰਵਾਇਆ। ਉਹਨਾਂ ਨੇ 1857 ਦੇ ਵਿਦਰੋਹ ਤੋਂ ਪਹਿਲਾਂ 'ਨਾਮਧਾਰੀ ਸਿੱਖ' ਸੰਪਰਦਾ 'ਕੂਕਾ ਲਹਿਰ'ਦੀ ਨੀਂਹ ਰੱਖੀ। ਉਹਨਾਂ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਵਸਤੂਆਂ ਦਾ ਬਾਈਕਾਟ ਕੀਤਾ। ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਸਮਾਨਾਂਤਰ ਆਪਣੀ ਸਰਕਾਰ ਬਣਾਈ।

ਨੇਪਾਲ ਅਤੇ ਕਸ਼ਮੀਰ ਵਿੱਚ 'ਕੂਕਾ ਰੈਜੀਮੈਂਟ' ਬਣਾ ਕੇ ਅੰਗਰੇਜ਼ਾਂ ਵਿਰੁੱਧ ਯੁੱਧ ਦੀ ਤਿਆਰੀ ਕੀਤੀ। ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਰੂਸ ਨਾਲ ਸਬੰਧ ਕਾਇਮ ਕੀਤੇ। ਉਹਨਾਂ ਤੋਂ ਪ੍ਰੇਰਿਤ ਹੋ ਕੇ ਹਜ਼ਾਰਾਂ ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ।

# ਸਰਸ ਮੇਲੇ ਦੇ ਪਹਿਲੇ ਚਾਰ ਦਿਨਾਂ 'ਚ 60 ਹਜ਼ਾਰ ਦੇ ਕਰੀਬ ਦਰਸ਼ਕ ਪੁੱਜੇ, 82 ਲੱਖ ਰੁਪਏ ਦੀ ਵਿਕਰੀ

**ਔਰਤਾਂ ਦੇ ਸੂਟਾਂ ਤੋਂ ਇਲਾਵਾ ਅਜਰਕ, ਸੂਤੀ ਕੱਪੜੇ, ਟਸਲ ਸਿਲਕ, ਖੁਜਰਾ ਕਰੌਕਰੀ, ਬੈਡ ਸ਼ੀਟ, ਹੈਂਡਲੂਮ, ਹੋਮ ਡੈਕੋਰ, ਫ਼ਰਨੀਚਰ, ਕਾਲੀਨ ਆਦਿ ਖਿੱਚ ਦਾ ਕੇਂਦਰ**

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਵਿਰਾਸਤੀ ਮੇਲੇ ਤਹਿਤ ਇੱਥੇ 14 ਫਰਵਰੀ ਨੂੰ ਸ਼ੁਰੂ ਹੋਏ ਵਿਰਾਸਤੀ ਇਮਾਰਤ ਸ਼ੀਸ਼ ਮਹਿਲ ਵਿਖੇ ਅੱਜ ਤੱਕ 60 ਹਜ਼ਾਰ ਦੇ ਕਰੀਬ ਦਰਸ਼ਕ ਪੁੱਜ ਚੁੱਕੇ ਹਨ। ਇਸ ਸਰਸ ਮੇਲੇ 'ਚ ਵੱਖ-ਵੱਖ ਵਸਤੂਆਂ ਦੀ ਖਰੀਦੋ-ਫ਼ਰੋਖ਼ਤ ਲਈ ਵੱਖ-ਵੱਖ ਟੈਂਟਾਂ 'ਚ 155 ਸਟਾਲਾਂ ਤੇ ਖੁੱਲ੍ਹੇ ਮੈਦਾਨ 'ਚ 60 ਸਟਾਲਾਂ ਸਜੀਆਂ ਹੋਈਆਂ ਹਨ, ਜਿਨ੍ਹਾਂ 'ਤੇ ਕਰੀਬ ਸਭ 'ਤੇ ਹੀ ਗਾਹਕ ਪੁੱਜ ਕੇ ਖਰੀਦਦਾਰੀ ਕਰ ਰਹੇ ਹਨ। ਇਥੇ 82 ਲੱਖ ਰੁਪਏ ਤੋਂ ਵੱਧ ਰੁਪਏ ਦੀ ਵਿਕਰੀ ਦਰਜ ਹੋਈ ਹੈ।

ਇਸ ਮੇਲੇ ਦੇ ਨੋਡਲ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਲੱਗੇ ਇਸ ਸਰਸ (ਸੇਲ ਆਫ਼ ਆਰਟੀਕਲਜ਼ ਆਫ਼ ਰੂਰਲ ਆਰਟੀਸਨਸ) ਮੇਲੇ 'ਚ ਜਿੱਥੇ ਦੇਸ਼ ਦੇ 20 ਰਾਜਾਂ ਤੋਂ ਦਸਤਕਾਰ ਪੁੱਜੇ ਹੋਏ ਹਨ, ਉਥੇ ਹੀ 6 ਸਟਾਲਾਂ ਥਾਈਲੈਂਡ, ਟੁਰਕੀ, ਇਜਿਪਟ, ਅਫ਼ਗਾਨਿਸਤਾਨ ਮੁਲਕਾਂ ਦੇ ਦਸਤਕਾਰਾਂ ਦੀਆਂ ਵੀ ਸਜੀਆਂ ਹੋਈਆਂ ਹਨ।ਏ.ਡੀ.ਸੀ. ਜੌਹਲ ਨੇ ਦੱਸਿਆ ਕਿ ਹੁਣ ਤੱਕ ਔਰਤਾਂ ਦੇ ਸੂਟਾਂ ਤੋਂ ਇਲਾਵਾ ਸੂਤੀ ਕੱਪੜੇ (ਅਜਰਕ), ਖੁਜਰਾ ਦੀ ਕਰੌਕਰੀ

ਬੈਡ ਸ਼ੀਟ, ਹੈਂਡਲੂਮ, ਹੋਮ ਡੈਕੋਰ, ਟਸਲ ਸਿਲਕ, ਫ਼ਰਨੀਚਰ, ਕਾਲੀਨ ਆਦਿ ਦੀ ਵਿਕਰੀ ਵਧੀਆ ਦਰਜ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ ਖਾਣ-ਪੀਣ ਦੀਆਂ ਸਟਾਲਾਂ 'ਤੇ ਵੀ ਦਰਸ਼ਕਾਂ ਦੀ ਖਿੱਚ ਬਣੀ ਹੋਈ ਹੈ। ਲੱਕੜ ਦਾ ਫਰਨੀਚਰ, ਲੱਕੜ 'ਤੇ ਕਢਾਈ, ਖੁਰਜਾ ਪੌਟਰੀ, ਥਾਈਲੈਂਡ ਤੋਂ ਆਇਆ ਔਰਤਾਂ ਲਈ ਸਜਾਵਟੀ ਸਮਾਨ ਤੇ ਹੌਜ਼ਰੀ ਵਸਤਾਂ, ਟਰਕੀ ਦੀਆਂ ਸਜਾਵਟੀ ਵਸਤਾਂ ਆਦਿ ਖਾਸ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ।

# ਸਾਕਿਬ ਅਲੀ ਰਾਜਾ ਮੁੜ ਜ਼ਿਲ੍ਹਾ ਯੋਜਨਾ ਕਮੇਟੀ ਮਾਲੇਰਕੋਟਲਾ ਦੇ ਚੇਅਰਪਰਸਨ ਨਿਯੁਕਤ



**ਮਲੇਰਕੋਟਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੋਜਨਾਬੰਦੀ ਵਿਭਾਗ ਵਲੋਂ ਮਾਨਯੋਗ ਰਾਜਪਾਲ ਪੰਜਾਬ ਵਲੋਂ ਨੋਟੀਫਿਕੇਸ਼ਨ ਨੰਬਰ 2/1/ਯੋ. ਵਿ. ਡਿ.(ਮ.ਯੋ )2024/1080-1088 ਮਿਤੀ 14-01-2024 ਦੀ ਲਗਾਤਾਰਤਾ ਵਿੱਚ ਸਾਕਿਬ ਅਲੀ ਰਾਜਾ ਨੂੰ ਜ਼ਿਲ੍ਹਾ ਯੋਜਨਾ ਕਮੇਟੀ ਮਾਲੇਰਕੋਟਲਾ ਦਾ ਚੇਅਰਪਰਸਨ ਮੁੜ ਨਿਯੁਕਤ ਕਰਨ ਦੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੱਤੀ ਹੈ।ਜਿਕਰਯੋਗ ਹੈ ਕਿ ਮਾਨਯੋਗ ਰਾਜਪਾਲ ਪੰਜਾਬ ਦੀ ਪ੍ਰਵਾਨਗੀ ਉਪਰੰਤ ਨੋਟੀਫਿਕੇਸ਼ਨ ਨੰਬਰ 2/1/ਯੋ. ਵਿ. ਡਿ. (ਮ. ਯੋ )2025/124 ਮਿਤੀ 14-01-2025 ਰਾਹੀ ਮੁੜ ਨਿਯੁਕਤੀ ਕੀਤੀ ਗਈ ਹੈ।

ਰਾਜਾ ਨੂੰ ਪਾਰਟੀ ਦਾ ਵਫ਼ਾਦਾਰ ਸਿਪਾਹੀ ਅਤੇ ਆਮ ਲੋਕਾਂ ਦੀ ਸੇਵਾ ਨੂੰ ਸਮਰਪਿਤ ਆਗੂ ਹੋਣ ਸਦਕਾ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਸ਼ਹਿਰ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਸ਼ਹਿਰ ਨਿਵਾਸੀਆਂ ਨੇ ਉਨ੍ਹਾਂ ਦੇ ਮੁੜ ਚੇਅਰਪਰਸਨ ਬਣਨ ਤੇ ਆਸ ਜਾਹਿਰ ਕੀਤੀ ਕਿ ਉਹ ਜ਼ਿਲ੍ਹੇ ਦੇ ਵਿਕਾਸ ਲਈ ਬਿਹਤਰ ਯੋਜਨਾਵਾਂ ਉਲੀਕ ਕੇ ਇਨ੍ਹਾਂ ਨੂੰ ਨੇਪਰੇ ਚੜ੍ਹਾਉਣ ਲਈ ਆਪਣਾ ਅਹਿਮ ਯੋਗਦਾਨ ਪਾਉਣਗੇ।

ਜ਼ਿਲ੍ਹਾ ਯੋਜਨਾ ਕਮੇਟੀ ਦੇ ਮੁੜ ਨਿਯੁਕਤ ਚੇਅਰਮੈਨ ਸਾਕਿਬ ਅਲੀ ਰਾਜਾ ਨੇ ਮੁੱਖ ਮੰਤਰੀ ਭਗਵੰਤ ਮਾਨ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੈਂਬਰ ਰਾਜ ਸਭਾ ਸੰਦੀਪ ਪਾਠਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੇ ਉਪਰ ਪ੍ਰਗਟਾਏ ਗਏ ਭਰੋਸੇ 'ਤੇ ਪੂਰੀ ਤਰ੍ਹਾਂ ਖਰਾ ਉਤਰਨਗੇ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵਿਧਾਇਕ ਸਾਹਿਬਾਨ ਦੀ ਸਲਾਹ ਨਾਲ ਜ਼ਿਲ੍ਹੇ ਦੇ ਸੰਪੂਰਨ ਵਿਕਾਸ ਲਈ ਯੋਜਨਾਵਾਂ ਬਣਾਉਣਾ ਅਤੇ ਇਹਨਾਂ ਨੂੰ ਹੇਠਲੇ ਪੱਧਰ 'ਤੇ ਲਾਗੂ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੋਵੇਗੀ।ਜਿਕਰਯੋਗ ਹੈ ਕਿ ਰਾਜਾ ਪਿਛਲੇ ਕਈ ਸਾਲਾਂ ਤੋਂ ਸਮਾਜ ਪ੍ਰਤੀ ਆਪਣੀਆਂ ਸੇਵਾ ਨਿਭਾਉਂਦਿਆਂ ਆਪਣੀ ਨਿਵੇਕਲੀ ਪਛਾਣ ਨੂੰ ਬਰਕਾਰ ਰੱਖਦੇ ਹੋਏ ਸਮਾਜ ਨੂੰ ਸਹੀ ਦਿਖ ਪ੍ਰਦਾਨ ਕਰ ਰਹੇ ਹਨ।

# ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਭ੍ਰਿਸ਼ਟਾਚਾਰ ਦੇ ਕੇਸ 'ਚ ਹੋਏ ਸਸਪੈਂਡ

**ਮਲੌਟ 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁਕਤਸਰ : ਹੁਣ ਵੇਲੇ ਦੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਖਿਲਾਫ ਕਾਰਵਾਈ ਕਰਦਿਆਂ ਮੁਕਤਸਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੂੰ ਸਸਪੈਂਡ ਕਰ ਦਿੱਤਾ ਹੈ । ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਕਾਰਵਾਈ ਕੁਰਪਸ਼ਨ ਦੇ ਕੇਸ ਵਿਚ ਕੀਤੀ ਗਈ ਹੈ ।ਦੱਸ ਦੇਈਏ ਕਿ ਡੀਸੀ ਰਾਜੇਸ਼ ਤ੍ਰਿਪਾਠੀ ਵਿਰੁੱਧ ਕਾਰਵਾਈ ਦੀ ਖ਼ਬਰ ਤੋਂ ਬਾਅਦ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸੰਨਾਟਾ ਛਾ ਗਿਆ। ਡੀਸੀ ਦਫ਼ਤਰ ਵਿੱਚ ਪੂਰੀ ਤਰ੍ਹਾਂ ਸੁੰਨਸਾਨ ਪਸਰ ਗਈ ਹੈ।

ਜ਼ਿਕਰਯੋਗ ਹੈ ਕਿ 2016 ਬੈਚ ਦੇ ਆਈ. ਏ. ਐਸ. ਰਾਜੇਸ਼ ਤ੍ਰਿਪਾਠੀ ਨੇ ਬਤੌਰ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵਜੋਂ ਆਪਣਾ ਅਹੁਦਾ 16 ਅਗਸਤ 2024 ਨੂੰ ਸੰਭਾਲਿਆ ਸੀ।

ਇਸ ਤੋਂ ਪਹਿਲਾ ਤ੍ਰਿਪਾਠੀ ਵਧੀਕ ਸਕੱਤਰ, ਮਾਲ ਅਤੇ ਮੁੜ ਵਸੇਬਾ ਅਤੇ ਵਾਧੂ ਚਾਰਜ ਡਾਇਰੈਕਟਰ, ਲੈਂਡ ਰਿਕਾਰਡ, ਸੈਟਲਮੈਂਟ, ਏਕੀਕਰਨ ਅਤੇ ਭੂਮੀ ਗ੍ਰਹਿਣ, ਜਲੰਧਰ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਮੁਕਤਸਰ ਸਾਹਿਬ ਅਤੇ ਅਹਿਮ ਅਹੁਦਿਆਂ 'ਤੇ ਰਹਿ ਕੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

# ਖਜਾਨਾ ਮੰਤਰੀ ਦੇ ਹਲਕੇ 'ਚ 20 ਨੂੰ ਕਰੇਗੀ ਰੋਸ ਪ੍ਰਦਰਸ਼ਨ ਕੱਚੇ ਅਧਿਆਪਕ ਯੂਨੀਅਨ : ਵਿਕਾਸ ਸਾਹਨੀ

**ਸਮਾਣਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਜਾਰੀ ਪ੍ਰੈਸ ਨੋਟ ਰਾਹੀ ਦੱਸਿਆਂ ਕਿ ਰੁਜਗਾਰ ਦੇਣ ਦਾ ਸਹਾਰਾ ਲੈ ਕੇ ਸੱਤਾ ਚ' ਆਈ ਪੰਜਾਬ ਸਰਕਾਰ ਆਪਣੇ ਕੀਤੇ ਵਾਅਦਿਆ ਤੋ ਭੱਜਦੀ ਪ੍ਰਤੀਤ ਹੋ ਰਹੀ ਹੈ।

ਸਾਡੀ ਜਥੇਵੰਦੀ ਵੱਲੋ 26 ਨਵੰਬਰ ਨੂੰ ਸਿੱਖਿਆ ਸਕੱਤਰ ਨਾਲ ਮੀਟਿੰਗ ਕਰਕੇ ਉਹਨਾਂ ਸਾਨੂੰ ਜਲਦ ਹੀ ਸਿੱਖਿਆ ਵਿਭਾਗ ਚ ਮੁੜ ਬਹਾਲ ਕਰਨ ਦਾ ਵਿਸ਼ਵਾਸ ਜਤਾਇਆ ਸੀ ਪਰ ਉਹ ਵਿਸ਼ਵਾਸ ਵੀ ਇੱਕ ਲਾਰਾ ਜਿਹਾ ਹੀ ਬਣ ਕੇ ਰਹਿ ਗਿਆ ਹੈ ਜੇਕਰ 19 ਫਰਵਰੀ ਦੀ ਹੋਣ ਵਾਲੀ ਸਬ-ਕਮੇਟੀ ਨਾਲ ਮੀਟਿੰਗ ਚ' ਕੋਈ ਸਾਰਥਕ ਹੱਲ ਨਹੀ ਨਿਕਲਦਾ ਤਾਂ ਰੋਸ ਵਜੋਂ ਸਾਡੀ ਜਥੇਬੰਦੀ ਵੱਲੋ 20 ਫਰਵਰੀ ਨੂੰ ਸੂਬਾ ਪੱਧਰ ਇਕੱਠ ਕਰਕੇ ਖਜਾਨਾ ਮੰਤਰੀ ਹਰਪਾਲ ਚੀਮਾ ਦੇ ਹਲਕੇ ਚ' ਰੋਸ ਮਾਰਚ ਕੀਤਾ ਜਾਵੇਗਾ ਜਿਸਦੀ ਪੂਰਨ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਜ਼ਿਕਰਯੋਗ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਈ ਜੀ ਐਸ/ਆਈ ਈ ਵੀ/ਏ ਆਈ ਈ/ਐਸ ਟੀ ਆਰ/ ਸਿੱਖਿਆ ਪ੍ਰੋਵਾਇਡਰਾਂ ਆਪਣੀ ਜਿੰਦਗੀ ਦੇ ਅਣਮੁੱਲੇ ਸਾਲ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਦੇ ਤੋਰ ਤੇ ਸੇਵਾਵਾ ਨਿਭਾ ਚੁੱਕੇ ਹਨ, ਤੇ ਹੁਣ ਸਰਕਾਰਾਂ ਨੇ ਉਹਨਾਂ ਨੂੰ ਬੇਰੁਜਗਾਰ ਕਰ ਦਿੱਤਾ ਅਤੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਜੋ ਕਿ ਕਾਫੀ ਲੰਬੇ ਸਮੇ ਤੋ ਸਿੱਖਿਆ ਵਿਭਾਗ ਵਿੱਚ ਬਹਾਲੀ ਨੂੰ ਲੈ ਕੇ ਸੰਘਰਸ਼ ਕਰ ਰਹੀ ਹੈ।ਪਰ ਲੰਬਾ ਸਮਾ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋ ਸਿਰਫ ਲਾਰੇ ਤੇ ਲਾਰੇ ਹੀ ਦਿੱਤੇ ਗਏ। ਸੰਘਰਸ਼ ਨੂੰ ਦਬਾਉਣ ਲਈ ਸਰਕਾਰ ਦੁਆਰਾ ਪਰਚੇ ਵੀ ਪਾਏ ਗਏ ਹਨ ।

ਇਸ ਮੌਕੇ ਤੇ ਦਵਿੰਦਰ ਤਲਵੰਡੀ ,ਮੋਹਨ ਸ਼ਰਮਾ ਜਸਵੀਰ ਕੋਰ ,ਸ਼ੀਲਾ ਭਾਰਤਵਾਜ,ਸ਼ੀਤਲਰਾਣੀ,ਸਪਿੰਦਰ ਕੌਰ ,ਆਦਿ ਹਾਜ਼ਰ ਸਨ ।

# ਬੈਂਕ ਮੁਲਾਜ਼ਮ ਨੇ ਖਾਤਾ ਧਾਰਕਾਂ ਦੇ 26 ਲੱਖ ਖੁਰਦ-ਬੁਰਦ ਕੀਤੇ

**ਫ਼ਿਰੋਜ਼ਪੁਰ,17 ਫ਼ਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਹਰਸਹਾਏ ਵਿਚ ਸਥਿਤ ਕੇਨਰਾ ਬੈਂਕ ਦੀ ਬਰਾਂਚ ਦੇ ਇੱਕ ਮੁਲਾਜ਼ਮ ਲੱਕੀ ਗਰਗ ਵੱਲੋਂ ਆਪਣੀ ਅਤੇ ਆਪਣੇ ਸਾਥੀ ਕਰਮਚਾਰੀਆਂ ਦੀ ਬੈਂਕ ਆਈਡੀ ਦੀ ਦੁਰਵਰਤੋਂ ਕਰਕੇ ਕਈ ਖਾਤਾ ਧਾਰਕਾਂ ਦੇ 26,14,669.19 ਰੁਪਏ ਖੁਰਦ-ਬੁਰਦ ਕਰਨ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ। ਬੈਂਕ ਮੈਨੇਜਰ ਕਨਾਈਆ ਲਾਲ ਦੀ ਸ਼ਿਕਾਇਤ ਤੇ ਥਾਣਾ ਗੁਰੂਹਰਸਹਾਏ ਪੁਲੀਸ ਵੱਲੋਂ ਮੁਲਜ਼ਮ ਲੱਕੀ ਗਰਗ ਦੇ ਖ਼ਿਲਾਫ਼ ਧੋਖਾਧੜੀ ਦਾ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਹਾਲਾਂਕਿ ਇਹ ਮਾਮਲਾ ਕੁਝ ਮਹੀਨੇ ਪੁਰਾਣਾ ਦੱਸਿਆ ਜਾ ਰਿਹਾ ਹੈ, ਪਰ ਅਜੇ ਤੱਕ ਪੁਲੀਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਸੀ।

ਖ਼ੁਲਾਸਾ ਹੋਣ ਤੋਂ ਬਾਅਦ ਲੱਕੀ ਗਰਗ ਫ਼ਰਾਰ ਦੱਸਿਆ ਜਾ ਰਿਹਾ ਹੈ। ਬੈਂਕ ਮੈਨੇਜਰ ਕਨਾਈਆ ਲਾਲ ਨੇ ਪੁਲੀਸ ਨੂੰ ਦੱਸਿਆ ਕਿ ਲੱਕੀ ਗਰਗ ਵੱਲੋਂ ਆਪਣੀ ਬੈਂਕ ਆਈਡੀ ਦੀ ਦੁਰਵਰਤੋਂ ਕਰਕੇ ਅਤੇ ਸਾਥੀ ਕਰਮਚਾਰੀਆਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਦੀ ਆਈਡੀ ਦੀ ਦੁਰਵਰਤੋਂ ਕੀਤੀ ਗਈ। ਇਸ ਦੌਰਾਨ ਵੱਖ-ਵੱਖ ਖਾਤਾ ਧਾਰਕਾਂ ਦੇ ਮੋਬਾਇਲ ਨੰਬਰ ਬਦਲੀ ਕਰਕੇ ਪਹਿਲਾਂ ਨੈੱਟ ਬੈਂਕਿੰਗ ਚਾਲੂ ਕੀਤੀ ਅਤੇ ਮਗਰੋਂ ਕਈ ਖਾਤਾ ਧਾਰਕਾਂ ਦੇ ਖਾਤਿਆਂ ਵਿਚੋਂ ਮੋਟੀਆਂ ਰਕਮਾਂ ਕੁਝ ਹੋਰ ਬੈਂਕ ਖਾਤਿਆਂ ਵਿਚ ਟਰਾਂਸਫ਼ਰ ਕਰ ਦਿੱਤੀਆਂ। ਇਸ ਮਾਮਲੇ ਦੀ ਪੜਤਾਲ ਹੁਣ ਥਾਣਾ ਮੁਖੀ ਇੰਸਪੈਕਟਰ ਜਗਦੀਪ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# ਐਫ.ਐਲ.ਸੀ. ਬਖ਼ਸ਼ੀਸ਼ ਸਿੰਘ ਨੇ ਮੋਬਾਇਲ ਬੈਂਕਿੰਗ ਦੀ ਵਿਸਥਾਰਪੂਰਵਕ ਜਾਣਕਾਰੀ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਪਟਿਆਲਾ ਵੱਲੋਂ ਫਾਇਨੈਂਨਸ਼ੀਅਲ ਲਿਟਰੇਸੀ ਕੈਂਪ ਜੋ ਕਿ ਤਹਿਤ ਪਟਿਆਲਾ ਵਿਖੇ ਐਫ2ਜੀ ਰੈਸਟੋਰੈਂਟ ਵਿੱਚ ਸੈਲਫ਼ ਹੈਲਪ ਗਰੁੱਪ ਦੇ ਮੈਂਬਰਾਂ ਲਈ ਆਯੋਜਿਤ ਕੀਤਾ ਗਿਆ। ਕੈਂਪ ਵਿੱਚ ਹਾਜ਼ਰ ਮੈਂਬਰਾਂ ਨੂੰ ਬੈਂਕ ਤੋਂ ਆਏ ਐਫ.ਐਲ.ਸੀ. ਸ਼੍ਰੀ. ਬਖ਼ਸ਼ੀਸ਼ ਸਿੰਘ ਵੱਲੋਂ ਵਿਤੀ ਸ਼ਾਖਰਤਾ ਵਿੱਚ ਜਾਗਰੂਕਤਾ, ਗਿਆਨ, ਹੁਨਰ, ਰਵੱਈਆ ਅਤੇ ਵਿਵਹਾਰ ਬਾਰੇ ਦੱਸਿਆ ਗਿਆ। ਆਪਣੇ ਪੈਸੇ ਨੂੰ ਸਮਝਣਾ, ਧੋਖਾਧੜੀ ਤੋਂ ਬਚਣ ਦਾ ਹੁਨਰ ਪ੍ਰਦਾਨ ਕੀਤਾ ਗਿਆ। ਵਿਤੀ ਸ਼ਾਖਰਤਾ ਦੇ ਵਿਕਲਪਾਂ ਦੀ ਜਾਣਕਾਰੀ ਦਿੰਦੇ ਹੋਏ ਵਿਤੀ ਟੀਚੇ ਨਿਰਧਾਰਨ ਅਤੇ ਸੂਚਿਤ ਫੈਸਲੇ ਲੈਣ ਲਈ ਪ੍ਰੇਰਿਤ ਕਰਦੇ ਹੋਏ ਬਜਟ ਬਣਾ ਕੇ ਵਿਤੀ ਨਿਯੰਤਰਣ ਕਰਨ ਲਈ ਕਿਹਾ। ਇਸ ਤੋਂ ਇਲਾਵਾ ਬੈਂਕ ਕਿਉਂ ਸੁਰੱਖਿਅਤ ਅਤੇ ਸੁਵਿਧਾਜਨਕ ਹੈ, ਖਾਤੇ ਕਿੰਨੀ ਪ੍ਰਕਾਤ ਦੇ ਤੇ ਕਿਹੜੇ ਕਿਹੜੇ ਹੁੰਦੇ ਹਨ ਉਪਰ ਵਿਸਥਾਰਪੂਰਵਕ ਚਰਚਾ ਕੀਤੀ। ਸ਼੍ਰੀ. ਬਕਸ਼ੀਸ਼ ਸਿੰਘ ਜੀ ਵੱਲੋਂ ਇਲੈਕਟ੍ਰੋਨਿਕ ਬੈਂਕਿੰਗ ਦੀ ਜਾਣਕਾਰੀ ਦਿੰਦੇ ਹੋਏ ਕਿਸੀ ਵੀ ਤਰ੍ਹਾਂ ਦੀ ਧੋਖਾਧੜੀ ਤੋਂ ਬਚਨ ਦੇ ਉਪਾਏ ਦੱਸੇ ਗਏ। ਕ੍ਰੇਡਿਟ/ ਡੇਬਿਟ ਕਾਰਡ/ਯੂ.ਪੀ.ਆਈ. ਅਤੇ ਮੋਬਾਇਲ ਬੈਂਕਿੰਗ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਫੈਇਦੇ/ਨੁਕਸਾਨ ਅਤੇ ਸਹੀ ਵਰਤੋਂ ਬਾਰੇ ਦੱਸਿਆ ਗਿਆ।

ਐਫ.ਐਲ.ਸੀ.ਆਰ.ਪੀ. ਸ਼੍ਰੀਮਤੀ ਪਰਮਜੀਤ ਕੌਰ ਵੱਲੋਂ ਮੈਂਬਰਾਂ ਨੂੰ ਬਿਮੇ ਜਿਵੇਂ ਕਿ ਪੀ.ਐਮ.ਐਸ.ਬੀ.ਵਾਈ., ਪੀ.ਐਮ.ਜੇ.ਜੇ.ਬੀ.ਵਾਈ., ਅਟਲ ਪੈਂਸਨ ਯੋਜਨਾਂ ਆਦਿ ਦੀ ਜਾਣਕਾਰੀ ਮੈਂਬਰਾਂ ਨਾਲ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਸ਼੍ਰੀਮਤੀ ਪਰਮਜੀਤ ਕੌਰ ਵੱਲੋਂ ਮੈਂਬਰਾਂ ਨੂੰ ਮਾਈਕ੍ਰੋ ਕ੍ਰੇਡਿਟ ਪਲੈਨ ਤਿਆਰ ਕਰਕੇ ਆਪਣੇ ਘਰ ਦੇ ਖ਼ਰਚ ਦੇ ਨਿਯੰਤਰਨ ਪਾਉਣ ਬਾਰੇ ਵੀ ਵਿਸਥਾਰਪੂਰਵਕ ਚਰਚਾ ਕੀਤੀ ਗਈ। ਕੈਂਪ ਵਿੱਚ ਵਿਸ਼ੇਸ ਤੌਰ ਤੇ ਸਟੇਟ ਬੈਂਕ ਆਫ ਇੰਡੀਆ ਤੋਂ ਐਲ.ਡੀ.ਐਮ. ਸ਼੍ਰੀ. ਰਾਜੀਵ ਸਰਹੰਦੀ ਅਤੇ ਸ਼੍ਰੀ. ਸੁੱਖਵਿੰਦਰ ਸਿੰਘ ਟਿਵਾਣਾ ਬੀ.ਡੀ.ਪੀ.ਓ. ਪਟਿਆਲਾ ਵੱਲੋਂ ਭਾਗ ਲਿਆ ਗਿਆ ਤੇ ਮੈਂਬਰਾਂ ਨਾਲ ਵਿਤੀ ਸ਼ਾਖਰਤਾ ਤੇ ਚਰਚਾ ਕੀਤੀ ਗਈ।

ਸ਼੍ਰੀ. ਵਰੁਨ ਪ੍ਰਾਸ਼ਰ ਬੀ.ਪੀ.ਐਮ. ਵੱਲੋਂ ਦੱਸਿਆ ਗਿਆ ਕਿ ਇਹ ਕੈਂਪ ਬਲਾਕ ਪਟਿਆਲਾ ਵਿੱਚ ਪੀ.ਐਸ.ਆਰ.ਐਲ.ਐਮ. ਅਧੀਨ ਚੱਲ ਰਹੇ ਸੈਲਫ਼ ਹੈਲਪ ਗਰੁੱਪਾਂ ਦੇ ਮੈਬਰਾਂ ਨੂੰ ਵਿਤੀ ਸ਼ਾਖਰਤਾ ਤੇ ਸਿਖਿਆ ਅਤੇ ਜਾਗਰੂਕ ਕਰਨ ਲਈ ਲਗਾਇਆ ਗਿਆ ਹੈ। ਮੌਕੇ ਤੇ ਸ਼੍ਰੀਮਤੀ. ਅਮਨਦੀਪ ਕੌਰ, ਬੀ.ਪੀ.ਐਮ. (ਲਾਇ.), ਸ਼੍ਰੀ. ਨਵਦੀਪ ਸਿੰਘ ਗਰੇਵਾਲ, ਸ਼੍ਰੀਮਤੀ. ਸੀਮਾ ਰਾਣੀ ਸੀ.ਸੀ., ਸ਼੍ਰੀਮਤੀ ਗੁਰਮੀਤ ਕੌਰ ਪੀ.ਆਰ.ਪੀ. ਆਦਿ ਹਾਜ਼ਰ ਹੋਏ।

# ਭਾਰਤੀ ਜਨਤਾ ਪਾਰਟੀ ਦੇ ਪਰਿਵਾਰ ਵਿੱਚ ਵਾਧਾ ਲਗਾਤਾਰ ਜਾਰੀ



**ਮਲੌਟ 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨ ਭਾਰਤੀ ਜਨਤਾ ਪਾਰਟੀ ਨੂੰ ਹਲਕਾ ਮਲੋਟ 'ਚ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਪਿੰਡ ਘੱਗਾ ਦੇ ਡੇਢ ਦਰਜਨ ਤੋਂ ਵੱਧ ਪਰਿਵਾਰ ਵੱਖ-ਵੱਖ ਪਾਰਟੀਆਂ ਛੱਡ ਕੇ ਜਿਲ੍ਹਾ ਮੀਤ ਪ੍ਰਧਾਨ ਅਮਨਦੀਪ ਸਿੰਘ ਸੰਧੂ ਦੀ ਹਾਜ਼ਰੀ ਵਿੱਚ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋਏ। ਇਸ ਮੌਕੇ ਭਾਜਪਾ ਸਰਕਲ ਦਾਨੇਵਾਲਾ ਦੇ ਪ੍ਰਧਾਂਨ ਬਲਜੀਤ ਸਿੰਘ ਬਰਾੜ ਅਤੇ ਜਰਨਲ ਸਕੱਤਰ ਰਣਧੀਰ ਨਾਗਪਾਲ ਵੀ ਹਾਜ਼ਰ ਸਨ।

ਉਕਤ ਆਗੂਆਂ ਵਲੋਂ ਉਨ੍ਹਾਂ ਨੂੰ ਪਾਰਟੀ ਦਾ ਸਨਮਾਨ ਚਿੰਨ੍ਹ ਪਹਿਨਾ ਕੇ ਪਾਰਟੀ 'ਚ ਸ਼ਾਮਲ ਕਰਵਾਇਆ ਗਿਆ। ਇਸ ਮੌਕੇ ਬੋਲਦੇ ਹੋਏ ਜਿਲ੍ਹਾ ਮੀਤ ਪ੍ਰਧਾਨ ਅਮਨਦੀਪ ਸਿੰਘ ਸੰਧੂ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਤੋਂ ਪੰਜਾਬ ਦਾ ਹਰ ਵਿਅਕਤੀ ਦੁਖੀ ਹੈ ਤੇ ਆਪਣੇ ਆਪ ਨੂੰ ਮਜ਼ਦੂਰ ਤੇ ਗਰੀਬ ਦੀ ਹਿਤੈਸ਼ੀ ਪਾਰਟੀ ਕਹਾਉਣ ਵਾਲੀ ਆਮ ਆਦਮੀ ਪਾਰਟੀ ਨੇ ਇਹਨਾਂ ਦੀ ਕੋਈ ਪੁੱਛ ਪੜਤਾਲ ਨਹੀਂ ਕੀਤੀ। ਆਮ ਆਦਮੀ ਪਾਰਟੀ ਦੀਆ ਗ਼ਲਤ ਨੀਤੀਆਂ ਕਾਰਨ ਉਸ ਨੂੰ ਦਿੱਲੀ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਵੀ ਮਜ਼ਬੂਤ ਹੋਵੇਗੀ। ਇਸ ਮੌਕੇ ਤੇ ਮੋਹਨ ਸਿੰਘ, ਨਛੱਤਰ ਸਿੰਘ, ਸ਼ਿੰਦਾ ਰਾਮ, ਮੰਦਰ ਰਾਮ, ਗੁਰਮੇਲ ਸਿੰਘ, ਬੂਟਾ ਸਿੰਘ, ਕੇਵਲ ਸਿੰਘ, ਸੁਖਜਿੰਦਰ ਸਿੰਘ, ਜਸਵੀਰ ਸਿੰਘ, ਰਸਾਲ ਸਿੰਘ, ਵਕੀਲ ਰਾਮ, ਜਰਨੈਲ ਸਿੰਘ, ਕੇਵਲ ਕੁਮਾਰ, ਸ਼ਿੰਦਾ ਰਾਮ ਮੈਂਬਰ, ਬਲਦੇਵ ਸਿੰਘ, ਵਜ਼ੀਰ ਸਿੰਘ, ਸੁਖਪਾਲ ਸਿੰਘ, ਹਰਪਾਲ ਸਿੰਘ , ਰੋਹਿਤ, ਅਤੇ ਮਨਜੀਤ ਸਿੰਘ ਆਦਿ ਨੇ ਨੇ ਭਾਜਪਾ ਦਾ ਪੱਲਾ ਫੜਿਆ।

# ਇਲਾਕੇ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ 'ਇੰਡੀਆ ਬੁੱਕ ਆੱਫ਼ ਰਿਕਾਰਡਜ਼' ਵਿੱਚ ਹੋਇਆ ਦਰਜ

**ਸ੍ਰੀ ਆਨੰਦਪੁਰ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਸਿੱਧ ਲੇਖਕ , ਸਮਾਜ ਸੇਵੀ ਕਰਮਯੋਗੀ ਮਿਹਨਤੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਦੀ ਮਿਹਨਤ ਤੇ ਸਕੂਲ ਅਤੇ ਵਿਦਿਆਰਥੀਆਂ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਹੀ ਨਤੀਜਾ ਹੈ। ਇਹ ਐਵਾਰਡ ਉਹਨਾਂ ਨੂੰ ÷ ਇੰਡੀਆ ਬੁੱਕ ਆਫ ਰਿਕਾਰਡਜ਼ ÷ ਦੇ ਦਫਤਰ ਦਿੱਲੀ ਤੋਂ ਪ੍ਰਾਪਤ ਹੋਇਆ ਅਤੇ ਅੱਜ ਇਹ ਅਵਾਰਡ ਉਹਨਾਂ ਨੂੰ ਆਪਣੇ ਹੱਥੀਂ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦਿੱਤਾ ਅਤੇ ਵਿਸ਼ੇਸ਼ ਤੌਰ 'ਤੇ ਮਾਸਟਰ ਸੰਜੀਵ ਧਰਮਾਣੀ ਨੂੰ ਸ਼ਾਬਾਸ਼ ਤੇ ਵਧਾਈ ਦਿੱਤੀ।

ਇਸ ਮੌਕੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਅੱਜ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਮੇਰੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ਮੇਰੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜ ਦੇ ਲਈ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ।

ਇਸ ਮੌਕੇ ਉਹਨਾਂ ਨੇ ਇਹ ਵੀ ਕਿਹਾ ਕਿ ਮੈਂ ਇਸ ਪ੍ਰੋਜੈਕਟ 'ਤੇ ਨਿਸ਼ਕਾਮ ਭਾਵਨਾ ਨਾਲ਼ ਲਗਭਗ ਇੱਕ ਸਾਲ ਸਿਰ ਤੋੜ ਮਿਹਨਤ ਕੀਤੀ ਹੈ। ਸੰਜੀਵ ਧਰਮਾਣੀ ਨੇ ਕਿਹਾ ਕਿ ਸ਼ਾਇਦ ਇਹ ਭਾਰਤ ਦਾ ਪਹਿਲਾ ਅਜਿਹਾ ਸਰਕਾਰੀ ਸਕੂਲ ਹੈ ਜਿਸਦਾ ਨਾਂ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਇਸ ਮੌਕੇ ਉਹਨਾਂ ਨੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਤੇ ਪਰਮਾਤਮਾ ਦਾ ਵੀ ਧੰਨਵਾਦ ਕੀਤਾ। ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਖੁਦ ਵੀ ਆਪਣੀ ਮਿਹਨਤ ਕਰਕੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਇੰਡੀਆ ਬੁੱਕ ਆੱਫ ਰਿਕਾਰਡਜ਼ ਵਿੱਚ ਦਰਜ ਕਰਵਾ ਚੁੱਕੇ ਹਨ , ਉਹ ਕਈ ਸਮਾਜ - ਸੇਵੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ ਤੇ ਆਸਰਾ ਫਾਊਂਡੇਸ਼ਨ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਵੀ ਹਨ। ਇਸ ਤੋਂ ਇਲਾਵਾ ਉਹ ਕੁਰੱਪਸ਼ਨ ਐਂਡ ਕ੍ਰਾਈਮ ਕੰਟਰੋਲ ਟਰੱਸਟ ਇੰਡੀਆ ਦੇ ਪੰਜਾਬ ਇਕਾਈ ਦੇ ਸੈਕਟਰੀ ਵੀ ਹਨ। ਉਨ੍ਹਾਂ ਨੇ ਆਪਣਾ ਤਨ ਮਨ ਧਨ ਸਮਾਜ , ਸਿੱਖਿਆ , ਸਾਹਿਤ ਤੇ ਵਾਤਾਵਰਨ ਦੀ ਸੇਵਾ ਲਈ ਸਮਰਪਿਤ ਕੀਤਾ ਹੋਇਆ ਹੈ।

ਇਸ ਮੌਕੇ ਸਰਪੰਚ ਲੱਕੀ ਕਪਿਲਾ, ਨਿਤਿਨ ਸ਼ਰਮਾ, ਅਜੇ ਕੁਮਾਰ , ਸੁਦਾਮਾ ਰਾਮ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਕੌਮੀ ਪੱਤ੍ਰਿਕਾ

# ਕੈਬਿਨੇਟ ਮੰਤਰੀ ਡਾ ਬਲਜੀਤ ਕੌਰ ਨੇ 1.50 ਲੱਖ ਗੈਲਨ ਦੀ ਸਮਰੱਥਾ ਵਾਲੀ ਉਚੀ ਟੈਂਕੀ ਦੇ ਕੰਮ ਦੀ ਕੀਤੀ ਸ਼ੁਰੂਆਤ



ਮਲੋਟ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਉਂਦੀਆਂ ਗਰਮੀਆਂ ਦੇ ਮੌਸਮ ਨੂੰ ਲੈ ਕੇ ਮਲੋਟ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ , ਇਹ ਪ੍ਰਗਟਾਵਾ ਡਾ ਬਲਜੀਤ ਕੌਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਪੰਜਾਬ ਨੇ ਮਲੋਟ ਵਿਖੇ ਅੰਮ੍ਰਿਤ 2 ਸਕੀਮ ਅਧੀਨ 1.50 ਲੱਖ ਗੈਲਨ ਸਮੱਰਥਾ ਵਾਲੀ ਉੱਚੀ ਟੈਂਕੀ ਦੇ ਕੰਮ ਦੀ ਸ਼ੁਰੂਆਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਪਾਣੀ ਵਾਲੀ ਟੈਂਕੀ ਦੇ ਬਣਨ ਨਾਲ ਵਾਰਡ ਨੰਬਰ 8 ਅਤੇ 9 ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ 1.50 ਲੱਖ ਗੈਲਨ ਦੀ ਸਮਰੱਥਾ ਵਾਲੀ ਇਸ ਟੈਂਕੀ ਨੂੰ ਬਨਾਉਣ ਅਤੇ ਪਾਈਪਾਂ ਪਾਉਣ ਲਈ ਸਰਕਾਰ ਵੱਲੋਂ 4.28 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਇਹ ਕੰਮ 9 ਮਹੀਨਿਆ ਵਿੱਚ ਮੁੰਕਮਲ ਕਰ ਲਿਆ ਜਾਵੇਗਾ ਅਤੇ ਲੋਕਾਂ ਨੂੰ ਨਿਰਵਿਘਨ ਸਾਫ਼ ਸੁਥਰਾ ਸੁੱਧ ਪਾਣੀ ਮੁੱਹਈਆ ਹੋਵੇਗਾ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਦੌਰੇ ਦੌਰਾਨ ਪੀ.ਐਮ.ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਲੋਟ ਦੇ ਸਲਾਨਾ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਦਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਜਲਦੀ ਬਾਕੀ ਰਹਿ ਗਏ ਸਰਕਾਰੀ ਸਕੂਲਾਂ ਵਿੱਚ ਸੀ.ਸੀ. ਟੀ.ਵੀ. ਕੈਮਰੇ ਲਗਾਏ ਜਾਣਗੇ ਤਾਂ ਜੋਂ ਸਕੂਲ ਵਿਦਿਆਰਥਣਾਂ ਦੀ ਸੁਰੱਖਿਆ ਨੂੰ ਬਣਾਇਆ ਜਾ ਸਕੇ ਉਨ੍ਹਾਂ ਸਕੂਲੀ ਬੱਚਿਆਂ ਨੂੰ ਪ੍ਰੇਰਿਤ ਕਰਦੇ ਕਿਹਾ ਕਿ ਪੜ੍ਹਾਈ ਦੇ ਮਾਧਿਅਮ ਰਾਹੀਂ ਉਚ ਅਹੁਦਿਆਂ ਤੇ ਪਹੁੰਚਣ ਲਈ ਦਿਲ ਲਾ ਕੇ ਅਤੇ ਮਿਹਨਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ।

ਇਸ ਮੌਕੇ ਉਨ੍ਹਾਂ ਸਕੂਲ ਲਈ ਜਰਨੇਟਰ ਦਾ ਪ੍ਰਬੰਧ ਜਲਦੀ ਕਰਨ ਦਾ ਵੀ ਐਲਾਨ ਕੀਤਾ ਅਤੇ ਵਿਦਿਆ ਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ। ਆਪਣੇ ਦੌਰੇ ਦੌਰਾਨ ਉਨ੍ਹਾਂ ਪਿੰਡ ਉੜਾਗ ਅਤੇ ਝੋਰੜ ਦੇ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਅਤੇ ਮੌਕੇ ਤੇ ਹੱਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਨ ਬਰਾੜ ਵਾਇਸ ਚੇਅਰਮੈਨ, ਬਲਦੇਵ ਗਗਨੇਜਾ, ਗਗਨਦੀਪ ਸਿੰਘ ਔਲਖ ਸਹਿਰੀ ਪ੍ਰਧਾਨ, ਸੂਬੇਦਾਰ ਗੁਰਦੀਪ ਸਿੰਘ ਵਾਰਡ ਇੰਚਾਰਜ,ਲਵ ਬੱਤਰਾ ਵਾਇਸ ਪ੍ਰਧਾਨ ਟਰੱਕ ਯੂਨੀਅਨ ਮਲੋਟ, ਗੁਰ ਅਵਤਾਰ ਸਿੰਘ, ਜੋਨੀ ਗਰਗ, ਸੰਜੀਵ ਉਪਲ, ਕਰਮਜੀਤ ਸ਼ਰਮਾ, ਪਰਮਜੀਤ ਸਿੰਘ ਗਿੱਲ ਦਫਤਰ ਇੰਚਾਰਜ, ਯਾਦਵਿੰਦਰ ਸਿੰਘ ਸੋਹਣਾ, ਗੁਰਮੀਤ ਸਿੰਘ ਵਿਰਦੀ, ਜਸਮੀਤ ਸਿੰਘ ਬਰਾੜ ਸਕੂਲ ਪ੍ਰਿੰਸੀਪਲ ਗੁਰਬਿੰਦਰਪਾਲ ਸਿੰਘ ਅਤੇ ਭਾਰੀ ਮਾਤਰਾ ਵਿੱਚ ਆਪ, ਆਗੂ ਵੀ ਹਾਜ਼ਰ ਸਨ।

# ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਖੇਤੀਬਾੜੀ ਦਰਸ਼ਨ ਪ੍ਰਦਰਸ਼ਨੀ ਵਿਚ ਉੜਾ ਕੇ ਦੇਖਿਆ ਡਰੋਨ, ਕਿਸਾਨਾਂ ਨੂੰ ਨਵੀਂ ਤਕਨੀਕੀ ਅਪਨਾਉਣ ਦੀ ਅਪੀਲ ਕੀਤੀ

ਚੰਡੀਗੜ੍ਹ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਪਸ਼ੂਪਾਲਣ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਉੱਤਰੀ ਖੇਤਰ ਫਾਰਮ ਮਸ਼ੀਨਰੀ ਸਿਖਲਾਈ ਅਤੇ ਜਾਂਚ ਸੰਸਥਾਨ, ਹਿਸਾਰ ਵਿਚ ਚੱਲ ਰਹੇ ਤਿੰਨ ਦਿਨਾਂ ਦੇ ਖੇਤੀਬਾੜੀ ਦਰਸ਼ਨ ਪ੍ਰਦਰਸ਼ਨੀ ਦਾ ਦੌਰਾ ਕਰ ਨਵੀਂ ਤੇ ਆਧੁਨਿਕ ਖੇਤੀ ਤਕਨੀਕਾਂ ਦਾ ਅਵਲੋਕਨ ਕੀਤਾ ਅਤੇ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਖੇਤੀ ਵਿਚ ਉਨੱਤ ਤਕਨੀਕਾਂ ਦਾ ਸਮਾਵੇਸ਼ ਕਰ ਉਤਪਾਦਨ ਸਮਰੱਥਾ ਵਧਾਉਣ।

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅੱਜ ਉੱਤਰੀ ਖੇਤਰ ਫਾਰਮ ਮਸ਼ੀਨਰੀ ਸਿਖਲਾਈ ਅਤੇ ਜਾਂਚ ਸੰਸਥਾਨ ਹਿਸਾਰ ਵਿਚ ਚੱਲ ਰਹੇ ਤਿੰਨ ਦਿਨਾਂ ਖੇਤੀਬਾੜੀ ਦਰਸ਼ਨ ਪ੍ਰਦਰਸ਼ਨੀ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਪ੍ਰਦਰਸ਼ਨੀ ਹਰਿਆਣਾ ਸਰਕਾਰ



ਦੇ ਖੇਤੀਬਾੜੀ ਮਸ਼ੀਨੀਕਰਣ ਮੁਹਿੰਮ ਨੂੰ ਨਵੀਂ ਤੇਜੀ ਦੇਣ ਅਤੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਨਾਲ ਜੋੜਨ ਦਾ ਇੱਕ ਸਫਲ ਯਤਨ ਹੈ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ, ਜਿੱਥੇ ਸਾਰੀ ਫਸਲਾਂ ਘੱਟੋ ਘੱਟ ਸਹਾਇਕ ਮੁੱਲ 'ਤੇ ਖਰੀਦੀ ਜਾ ਰਹੀ ਹੈ। ਇਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਮਿਲ ਰਿਹਾ ਹੈ ਅਤੇ ਖੇਤੀਬਾੜੀ ਖੇਤਰ ਵਿਚ ਨਵੀਂ ਕ੍ਰਾਂਤੀ ਦਾ ਸੰਚਾਰ ਹੋ ਰਿਹਾ ਹੈ।

ਪ੍ਰਦਰਸ਼ਨੀ ਦੌਰਾਨ ਖੇਤੀਬਾੜੀ ਮੰਤਰੀ ਨੇ ਹਵਾ ਵਿਚ ਡਰੋਨ ਨੂੰ ਉੜਾ ਕੇ ਉਨ੍ਹਾਂ ਦੀ ਕਾਰਜਪ੍ਰਣਾਲੀ ਨੂੰ ਸਮਝਿਆ। ਉਨ੍ਹਾਂ ਨੇ ਕਿਹਾ ਕਿ ਡਰੋਨ ਤਕਨੀਕ ਨਾਲ ਕਿਸਾਨਾਂ ਨੂੰ ਕੀਟਨਾਸ਼ਕਾਂ ਅਤੇ ਫਰਟੀਲਾਈਜਾਂ ਦਾ ਛਿੜਕਾਅ ਕਰਨ ਵਿਚ ਸਹਾਇਤਾ ਮਿਲੇਗੀ, ਜਿਸ ਨਾਲ ਉਤਪਾਦਨ ਲਾਗਤ ਵਿਚ ਕਮੀ ਆਵੇਗੀ ਅਤੇ ਸਮੇਂ ਦੀ ਬਚੱਤ ਹੋਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਡਰੋਨ ਵਰਗੀ ਅੱਤਆਧੁਨਿਕ ਤਕਨੀਕਾਂ ਨੂੰ ਅਪਣਾ ਕੇ ਖੇਤੀ ਨੂੰ ਵੱਧ ਲਾਭਕਾਰੀ ਬਨਾਉਣ।

ਖੇਤੀਬਾੜੀ ਮੰਤਰੀ ਨੇ ਪ੍ਰਦਰਸ਼ਨੀ ਵਿਚ ਵੱਖ-ਵੱਖ ਆਧੁਨਿਕ ਖੇਤੀਬਾੜੀ ਸਮੱਗਰੀਆਂ ਅਤੇ ਮਸ਼ੀਨਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਟਰੈਕਟਰ 'ਤੇ ਬੈਠ ਕੇ ਉਸ ਦੀ ਵਿਸ਼ੇਸ਼ਤਾਵਾਂ ਨੂੰ ਪਰਖਿਆ ਅਤੇ ਸੋਲਰ ਪੰਪ ਦਾ ਮੁਆਇਨਾ ਕੀਤਾ। ਉਨ੍ਹਾਂ ਨੇ ਕਿਹਾ ਕਿ ਸੋਲਰ ਪੰਪ ਤਕਨੀਕ ਕਿਸਾਨ ਲਈ ਉਰਜਾ ਦੀ ਬਚੱਤ ਕਰਨ ਅਤੇ ਸਿੰਚਾਈ ਵਿਵਸਥਾ ਨੂੰ ਸੁਚਾਰੂ ਰੂਪ ਨਾਲ ਸੰਚਾਲਿਤ ਕਰਨ ਵਿਚ ਮਦਦਗਾਰ ਸਾਬਿਤ ਹੋਵੇਗਾ।

ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਉਨੱਤ ਬੀਜਾਂ, ਜੈਵਿਕ ਖੇਤੀ ਅਤੇ ਨਵੀਂ ਤਕਨੀਕਾਂ ਦੀ ਵਰਤੋ ਕਰਨ ਅਤੇ ਸੂਬਾ ਸਰਕਾਰ ਦੀ ਵੱਖ-ਵੱਖ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਚੁੱਕਣ। ਉਨ੍ਹਾਂ ਨੇ ਦਸਿਆ ਕਿ ਸਰਕਾਰ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਮਜਬੂਤ ਕਰਨ ਲਈ ਵੱਖ-ਵੱਖ ਯੋਜਨਾਵਾਂ ਚਲਾ ਰਹੀ ਹੈ, ਜਿਨ੍ਹਾਂ ਵਿਚ ਗ੍ਰਾਂਟ ਅਧਾਰਿਕ ਸਮੱਗਰੀ, ਫਸਲ ਬੀਮਾ ਯੋਜਨਾ, ਜੈਵਿਕ ਖੇਤੀ ਨੂੰ ਪ੍ਰੋਤਸਾਹਨ ਦੇਣ ਦੀ ਯੋਜਨਾਵਾਂ ਸ਼ਾਮਿਲ ਹਨ। ਪ੍ਰੋਗਰਾਮ ਵਿਚ ਮੌਜੂਦ ਮਾਹਰਾਂ ਨੇ ਕਿਸਾਨਾਂ ਨੂੰ ਨਵੀਂ ਖੇਤੀਬਾੜੀ ਤਕਨੀਕਾਂ ਦੀ ਵਿਸਥਾਰ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਆਧੁਨਿਕ ਖੇਤੀ ਦੇ ਲਾਭ ਦੱਸੇ।

ਇਸ ਮੌਕੇ 'ਤੇ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਬੀਆਰ ਕੰਬੋਜ, ਟੀਟੀਸੀ ਨਿਦੇਸ਼ਕ ਮੁਕੇਸ਼ ਜੈਨ, ਖੇਤੀਬਾੜੀ ਵਿਭਾਗ ਦੇ ਉੱਪ ਨਿਦੇਸ਼ਕ ਰਾਜਬੀਰ ਸਿੰਘ, ਸਮੇਤ ਅਨੇਕ ਖੇਤੀਬਾੜੀ ਵਿਗਿਆਨਕ, ਮਾਹਰ ਅਤੇ ਵੱਡੀ ਗਿਣਤੀ ਵਿਚ ਕਿਸਾਨ ਮੌਜੂਦ ਰਹੇ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਵਕੀਲਾਂ ਦੇ ਚੈਂਬਰਾਂ ਦਾ ਉਦਘਾਟਨ ਕੀਤਾ



ਗਿੱਦੜਬਾਹਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗਿੱਦੜਬਾਹਾ ਦੇ ਸਥਾਨਕ ਕੋਰਟ ਕੰਪਲੈਕਸ ਵਿਖੇ ਨਵੇਂ ਬਣੇ ਵਕੀਲਾਂ ਦੇ ਚੈਂਬਰਾਂ ਦਾ ਉਦਘਾਟਨ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜ ਕੁਮਾਰ ਗਰਗ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਫੈਮਿਲੀ ਕੋਰਟ ਕੈਂਪ ਗਿੱਦੜਬਾਹਾ ਦੇ ਪ੍ਰਿੰਸੀਪਲ ਜੱਜ ਮੈਡਮ ਗਰਿਸਾ,ਐਸ ਡੀ ਜੇ ਐਮ ਹਿਮਾਂਸ਼ੂ ਅਰੋੜਾ,ਜੇ ਐਮ ਆਈ ਸੀ ਮੈਡਮ ਏਕਤਾ ਵੀ ਉਚੇਚੇ ਤੌਰ ਤੇ ਮੌਜੂਦ ਸਨ। ਉਦਘਾਟਨ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਰਾਜ ਕੁਮਾਰ ਗਰਗ ਨੇ ਵਕੀਲਾਂ ਨੂੰ ਉਨ੍ਹਾਂ ਦੇ ਨਵੇਂ ਚੈਂਬਰਾ ਲਈ ਵਧਾਈ ਦਿੱਤੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸਤਬੀਰ ਸਿੰਘ ਔਲਖ, ਸਕੱਤਰ ਐਡਵੋਕੇਟ ਕੰਵਰ ਹੰਸਪਾਲ ਸਿੰਘ, ਸਾਬਕਾ ਪ੍ਰਧਾਨ ਐਡਵੋਕੇਟ ਕੁਲਜਿੰਦਰ ਸਿੰਘ ਸੰਧੂ ਤੋਂ ਇਲਾਵਾ ਬਿਲਡਿੰਗ ਕਮੇਟੀ ਦੇ ਮੈਂਬਰ ਐਡਵੋਕੇਟ ਹਰਦੀਪ ਸਿੰਘ ਭੰਗਾਲ, ਐਡਵੋਕੇਟ ਗੁਰਮੀਤ ਸਿੰਘ ਮਾਨ, ਐਡਵੋਕੇਟ ਪਰਾਗ ਚੰਦ ਗਰਗ, ਐਡਵੋਕੇਟ ਸਨੇਹਪ੍ਰੀਤ ਸਿੰਘ ਮਾਨ, ਐਡਵੋਕੇਟ ਦਿਨੇਸ਼ ਅਰੋੜਾ, ਐਡਵੋਕੇਟ ਸੁਰੇਸ਼ ਗਰਗ ਅਤੇ ਐਡਵੋਕੇਟ ਰਾਜੀਵ ਮੁੰਜਾਲ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਸਮੂਹ ਵਕੀਲ ਸਹਿਬਾਨ ਹਾਜ਼ਰ ਸਨ।

# ਪੀ.ਐਮ. ਸ਼੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਹਾਈ ਸਕੂਲ ਵਿੱਚ ਸਲਾਨਾ ਸਮਾਗਮ ਕਰਵਾਇਆ



ਸ੍ਰੀ ਆਨੰਦਪੁਰ ਸਾਹਿਬ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਐਮ. ਸ਼੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਜਿਲਾ ਰੂਪਨਗਰ ਵਿਖੇ ਸਲਾਨਾ ਸਮਾਗਮ ਅਤੇ ਇਨਾਮ ਵੰਡ ਸਮਾਰੋਹ ਯਾਦਗਾਰ ਹੋ ਨਿਬੜਿਆ ਜਿਸ ਦੇ ਵਿੱਚ ਸਕੂਲ ਦੇ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਸਮਾਗਮ ਵਿੱਚ ਉੱਪ ਜਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਅਤੇ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਜੀ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ। ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਦੇ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਨੇ ਖੂਬ ਰੰਗ ਬੰਨਿਆ, ਇਸ ਮੌਕੇ ਵੱਡੀ ਗਿਣਤੀ ਦੇ ਵਿੱਚ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਸਨ। ਸਕੂਲ ਮੁਖੀ ਗੁਰਜਤਿੰਦਰਪਾਲ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਗਈ, ਸਕੂਲ ਦੇ ਡੀ.ਡੀ.ਓ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਵੀ ਇਸ ਪ੍ਰੋਗਰਾਮ ਦੇ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਉਪ ਜਿਲ੍ਹਾ ਸਿੱਖਿਆ ਅਫਸਰ ਜੀ ਨੇ ਆਪਣੇ ਵਡ-ਮੁੱਲੇ ਵਿਚਾਰ ਦਿੱਤੇ ਅਤੇ ਵਿਦਿਆਰਥੀਆਂ ਨੂੰ ਸਖ਼ਤ ਮਹਿਨਤ ਕਰਨ ਲਈ ਪ੍ਰੇਰਿਤ ਕੀਤਾ। ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਤੋਂ ਮਾਪਿਆਂ ਨੂੰ ਜਾਣੂੰ ਕਰਵਾਇਆ।

ਇਸ 'ਤੋਂ ਬਾਅਦ ਖੇਡਾਂ, ਪੜ੍ਹਾਈ ਅਤੇ ਕਲਚਰਲ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ,ਇਸ ਮੌਕੇ ਜਸਵੀਰ ਸਿੰਘ ਜਿਲਾ ਗਾਈਡੈਂਸ ਕੌਂਸਲਰ, ਅਰੁਣ ਕੁਮਾਰ ਲੈਕਚਰਾਰ, ਦਿਨੇਸ਼ ਕੁਮਾਰ, ਸਾਬਕਾ ਮੁੱਖ ਅਧਿਆਪਕ ਅਮਰਜੀਤ ਸਿੰਘ, ਅਮਰੀਕ ਸਿੰਘ, ਜੱਗਾ ਸਿੰਘ ਨਿਕੂਵਾਲ, ਜਰਨੈਲ ਸਿੰਘ ਨਿੱਕੂਵਾਲ, ਪੀਤਮ ਸਿੰਘ, ਬਲਵੀਰ ਕੌਰ, ਕਵਲਜੀਤ ਸਿੰਘ, ਜਸਵਿੰਦਰ ਸਿੰਘ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ, ਪੰਕਜ ਕੁਮਾਰ, ਅਵਤਾਰ ਸਿੰਘ, ਐਸ.ਐਮ.ਸੀ ਕਮੇਟੀ ਦੇ ਚੇਅਰਮੈਨ ਰਮਨਦੀਪ ਕੌਰ, ਅਤੇ ਮੈਂਬਰ ਭੁਪਿੰਦਰ ਲਾਲ , ਨਰੇਸ਼ ਕੁਮਾਰ , ਰਾਮ ਸਿੰਘ, ਸੋਹਣ ਸਿੰਘ ਅਤੇ ਇਸ ਤੋਂ ਇਲਾਵਾ ਸਕੂਲ ਦੇ ਸਟਾਫ ਮੈਂਬਰ ਇਕਬਾਲ ਸਿੰਘ, ਤਰਨਜੀਤ ਸਿੰਘ, ਰੋਹਿਤ, ਕੁਲਵੰਤ ਸਿੰਘ, ਜਸਪਾਲ ਕੌਰ, ਅਮਨਦੀਪ ਕੌਰ, ਅਨੁਗੀਤ ਕੁਮਾਰੀ, ਮਨਦੀਪ ਕੌਰ, ਨੀਲਮ ਕੌਰ, ਕੁਲਵਿੰਦਰ ਕੌਰ, ਲਖਵਿੰਦਰ ਕੌਰ ਅਤੇ ਰਾਮ ਰਤਨ ਜੀ ਹਾਜ਼ਰ ਸਨ।

# ਪੁਲਿਸ ਦਾ ਆਧੁਨਿਕੀਕਰਨ ਲਈ ਜਿਲ੍ਹੇ ਵਿਚ ਸੜਕਾਂ ਤੇ ਬਣਾਏ ਜਾ ਰਹੇ ਹਨ ਆਧੁਨਿਕ ਬੀਟ ਬਾਕਸ: ਐਸਐਸਪੀ

ਜ਼ੀਰਕਪੁਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਐਸਏਐਸ ਨਗਰ ਜ਼ਿਲ੍ਹਾ ਪੁਲਿਸ ਏਅਰਪੋਰਟ ਰੋਡ 'ਤੇ ਆਧੁਨਿਕ ਬੀਟ ਬਾਕਸ/ਟ੍ਰੈਫਿਕ ਬਾਕਸ/ਪੀਸੀਆਰ ਬਾਕਸ ਦੀ ਸਥਾਪਨਾ ਨਾਲ ਆਧੁਨਿਕੀਕਰਨ ਵੱਲ ਇੱਕ ਕਦਮ ਵਧਾ ਦਿੱਤਾ ਹੈ।

ਇਹ ਐਲਾਨ ਜ਼ਿਲ੍ਹੇ ਦੇ ਐਸਐਸਪੀ ਦੀਪਕ ਪਾਰੀਕ ਨੇ ਕੀਤਾ, ਜਿਨ੍ਹਾਂ ਨੇ ਕਿਹਾ ਕਿ ਇਹ ਪੁਲਿਸ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਉਨ੍ਹਾਂ ਨੂੰ ਵਧੇਰੇ ਕੁਸ਼ਲ ਬਣਾਉਣ ਦੇ ਯਤਨਾਂ ਦਾ ਹਿੱਸਾ ਹੈ। ਇਹ ਆਧੁਨਿਕ ਬੀਟ ਬਾਕਸ, ਜੋ ਕਿ ਉੱਨਤ ਤਕਨਾਲੋਜੀ ਨਾਲ ਲੈਸ ਹੈ, ਮਾਜਰੀ ਟੀ-ਪੁਆਇੰਟ, ਛੱਤ ਲਾਈਟ ਪੁਆਇੰਟ ਅਤੇ ਜ਼ਿਲ੍ਹੇ ਦੇ ਹੋਰ ਖੇਤਰਾਂ ਵਿੱਚ ਸਥਾਪਤ ਕੀਤੇ ਜਾਣਗੇ। ਇਸ ਕਦਮ ਦਾ ਉਦੇਸ਼ ਕਰਮਚਾਰੀਆਂ ਅਤੇ ਜਨਤਾ ਦੋਵਾਂ ਨੂੰ ਸਹੂਲਤ ਪ੍ਰਦਾਨ ਕਰਨਾ ਹੈ।

ਇਨ੍ਹਾਂ ਬਕਸਿਆਂ ਦੀ ਸਥਾਪਨਾ ਨਾਲ ਖੇਤਰ ਦੀ ਬਿਹਤਰ ਆਵਾਜਾਈ ਪ੍ਰਬੰਧਨ ਅਤੇ ਨਿਗਰਾਨੀ ਵਿੱਚ ਵੀ ਮਦਦ ਮਿਲੇਗੀ। ਐਸਐਸਪੀ ਦੀਪਕ ਪਾਰੀਕ ਨੇ ਪੁਲਿਸ ਫੋਰਸ ਵਿੱਚ ਆਧੁਨਿਕੀਕਰਨ ਦੀ ਮਹੱਤਤਾ ਅਤੇ ਇਸ ਨਾਲ ਭਾਈਚਾਰੇ ਨੂੰ ਕਿਵੇਂ ਲਾਭ ਹੋ ਸਕਦਾ ਹੈ, ਇਸ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ÷ਇਨ੍ਹਾਂ ਆਧੁਨਿਕ ਬੀਟ ਬਾਕਸਾਂ ਦੀ ਸਥਾਪਨਾ ਨਾਲ, ਅਸੀਂ ਐਸਏਐਸ ਨਗਰ ਦੇ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਹੋਵਾਂਗੇ। ਇਹ ਸਾਨੂੰ ਟ੍ਰੈਫਿਕ ਉਲੰਘਣਾਵਾਂ 'ਤੇ ਨਜ਼ਰ ਰੱਖਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਵੀ ਮਦਦ ਕਰੇਗਾ।÷ ਐਸਏਐਸ ਨਗਰ ਜ਼ਿਲ੍ਹਾ ਪੁਲਿਸ ਆਪਣੀਆਂ ਸੇਵਾਵਾਂ ਵਿੱਚ ਲਗਾਤਾਰ ਸੁਧਾਰ ਕਰਨ ਅਤੇ ਨਵੀਨਤਮ ਤਕਨਾਲੋਜੀ ਨਾਲ ਜੁੜੇ ਰਹਿਣ ਲਈ ਵਚਨਬੱਧ ਹੈ। ਏਅਰਪੋਰਟ ਰੋਡ 'ਤੇ ਆਧੁਨਿਕ ਬੀਟ ਬਾਕਸ ਦੀ ਸਥਾਪਨਾ ਇਸ ਟੀਚੇ ਵੱਲ ਚੁੱਕੇ ਗਏ ਕਈ ਕਦਮਾਂ ਵਿੱਚੋਂ ਇੱਕ ਹੈ। ਪੁਲਿਸ ਵਿਭਾਗ ਜਨਤਾ ਨੂੰ ਇੱਕ ਸੁਰੱਖਿਅਤ ਅਤੇ ਵਧੇਰੇ ਕੁਸ਼ਲ ਭਾਈਚਾਰੇ ਲਈ ਸਹਿਯੋਗ ਕਰਨ ਅਤੇ ਇਹਨਾਂ ਸਹੂਲਤਾਂ ਦੀ ਵਰਤੋਂ ਕਰਨ ਦੀ ਅਪੀਲ ਕਰਦਾ ਹੈ।




# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ 'ਤੇ ਚੱਲਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ: ਮਹਿੰਦਰ ਭਗਤ

ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ, ਸ਼੍ਰੀ ਗੁਰੂ ਰਵਿਦਾਸ ਧਰਮ ਸਥਲ (ਰਜਿਸਟਰਡ) ਟਾਵਰ ਐਨਕਲੇਵ, ਜਲੰਧਰ ਵਿਖੇ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤੇ ਗਏ। ਜਿਸ ਵਿੱਚ ਸਤਿਗੁਰੂ ਸ਼੍ਰੀ ਰਵਿਦਾਸ ਜੀ ਦੇ ਸ਼ਬਦ ਕੀਰਤਨੀ ਜਥਿਆਂ ਵੱਲੋਂ ਗਾਏ ਗਏ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

ਉਨ੍ਹਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਤੋਂ ਮੱਥਾ ਟੇਕਿਆ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ, ਅਤੇ ਇਸ ਪਵਿੱਤਰ ਤਿਉਹਾਰ 'ਤੇ ਸਾਰੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ।ਮੰਦਰ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਮਹਿੰਦਰ ਭਗਤ ਦਾ ਸਨਮਾਨ ਕੀਤਾ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਤੋਂ ਬਾਅਦ, ਮੰਦਰ ਕਮੇਟੀ ਵੱਲੋਂ ਇੱਕ ਵਿਸ਼ਾਲ ਦਾਅਵਤ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਾਬਕਾ ਕੌਂਸਲਰ ਅਮਰੀਕ ਸਿੰਘ, ਸੇਵਾਮੁਕਤ ਕਾਰਜਕਾਰੀ ਰਾਜੇਸ਼ ਭਗਤ, ਪਰਮਜੀਤ ਮਹੇ, ਰਮੇਸ਼ ਮਹੇ ਅਤੇ 'ਆਪ' ਵਰਕਰ ਮੌਜੂਦ ਸਨ।

# ਸੜਕਾਂ ਤੇ ਦੋੜਦੀਆਂ ਓਵਰਲੋਡ ਟਰਾਲੀਆਂ ਦੇ ਰਹੀਆਂ ਹਨ ਹਾਦਸਿਆਂ ਨੂੰ ਸੱਦਾ

ਜ਼ੀਰਕਪੁਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇਕ ਪਾਸੇ ਜਿਥੇ ਜਿਲ੍ਹਾ ਪਲੋਸ ਵਿਭਾਗ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਦੇ ਦਾਅਵੇ ਕਰ ਰਿਹਾ ਹੈ, ਉਧਰ ਦੂਜੇ ਪਾਸੇ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਨਿਯਮ ਤੋੜਨ ਵਾਲਿਆਂ ਖ਼ਿਲਾਫ਼ ਕੋਈ ਢੁਕਵੀਂ ਕਾਰਵਾਈ ਨਹੀਂ ਹੋ ਰਹੀ ਕਿਉਂਕਿ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ, ਟਰੈਕਟਰ-ਟਰਾਲੀ ਚਾਲਕ ਜੋ ਕਿ ਸਰਿਆ, ਮਿੱਟੀ, ਰੇਤਾ ਅਤੇ ਇੱਟਾਂ ਢੋਂਹਦੇ ਹਨ, ਆਮ ਵੇਖਣ ਨੂੰ ਮਿਲਦੇ ਹਨ। ਸ਼ਹਿਰ ''ਚ ਲੰਬੇ ਸਮੇਂ ਤੋਂ ਟਰੈਕਟਰ-ਟਰਾਲੀ ਚਾਲਕ ਆਪਣੀਆਂ ਟਰਾਲੀਆਂ ਵਿਚ ਸਰਿਆ, ਰੇਤਾ, ਮਿੱਟੀ, ਇੱਟਾਂ ਦੀ ਢੋਆ-ਢੁਆਈ ਨਿਡਰ ਹੋ ਕੇ ਬਿਨਾਂ ਢੱਕੇ ਹੀ ਸੜਕਾਂ ''ਤੇ ਲੈ ਕੇ ਆ ਜਾ ਰਹੇ ਹਨ।

ਇਨ੍ਹਾਂ ਟਰੈਕਟਰ ਟਰਾਲੀਆਂ ਤੋਂ ਰੇਤਾ ਮਿੱਟੀ ਉੱਡਦਾ ਰਹਿੰਦਾ ਹੈ ਜਦਕੀ ਟ੍ਰੌਲੀਆਂ ਦੀ ਲੰਬਾਈ ਤੋਂ ਵੱਧ ਲੋਹੇ ਦਾ ਸਮਾਂਨ ਲੱਦ ਸ਼ਰੇਆਮ ਸੜਕਾਂ ਤੇ ਘੁੰਮ ਰਹੇ ਹਨ, ਜੋ ਕਿ ਆਪਣੇ ਪਿੱਛੇ ਆਉਣ-ਜਾਣ ਵਾਲਿਆਂ ਲਈ ਹਾਦਸਿਆਂ ਦਾ ਕਾਰਨ ਬਣਦੇ ਹਨ। ਅਕਸਰ ਹੀ ਦੋ-ਪਹੀਆ ਵਾਹਨ ਚਾਲਕ ਇਸ ਦੀ ਲਪੇਟ ਵਿਚ ਆਉਂਦੇ ਹਨ। ਇਸੇ ਤਰ੍ਹਾਂ ਇੱਟਾਂ ਦਾ ਹਾਲ ਹੈ। ਇੱਟਾਂ ਤੋਂ ਉੱਡਦੀ ਮਿੱਟੀ ਹੀ ਨਹੀਂ, ਸਗੋਂ ਸੜਕਾਂ ''ਤੇ ਡਿੱਗਦੀਆਂ ਇੱਟਾਂ ਵੀ ਵਾਹਨ ਚਾਲਕਾਂ ਲਈ ਖਤਰਨਾਕ ਸਾਬਤ ਹੁੰਦੀਆਂ ਹਨ। ਡਿੱਗੀਆਂ ਇੱਟਾਂ ਕਾਰਨ ਦੁਰਘਟਨਾਵਾਂ ਵਾਪਰਦੀਆਂ ਹਨ।

# ਸਿਟੀ ਮੀਡੀਆ ਪ੍ਰੈਸ ਕਲੱਬ ਨੇ ਸ਼੍ਰੀ ਰਾਮ ਆਸ਼ਰਮ ਮੰਦਿਰ ਦੇ ਸਹਿਯੋਗ ਨਾਲ ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਉਣ ਦਾ ਲਿਆ ਫੈਸਲਾ



ਸੁਨਾਮ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸਿਟੀ ਮੀਡੀਆ ਪ੍ਰੈਸ ਕਲੱਬ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਹੋਈ ਜਿਸ ਦੌਰਾਨ ਕਲੱਬ ਦੀ ਬਿਹਤਰੀ ਅਤੇ ਸਮਾਜ ਸੇਵਾ ਲਈ ਵੱਖ-ਵੱਖ ਫੈਸਲੇ ਲਏ ਗਏ ਅਤੇ ਸ਼੍ਰੀ ਰਾਮ ਆਸ਼ਰਮ ਮੰਦਿਰ ਦੇ ਸਹਿਯੋਗ ਨਾਲ ਅਗਾਮੀ 26 ਫਰਵਰੀ ਨੂੰ ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਉਣ ਦਾ ਫੈਸਲਾ ਵੀ ਲਿਆ ਗਿਆ।

ਇਸ ਮੌਕੇ ਸਿਟੀ ਮੀਡੀਆ ਪ੍ਰੈਸ ਕਲੱਬ ਅਤੇ ਸ਼੍ਰੀ ਰਾਮ ਆਸ਼ਰਮ ਮੰਦਿਰ ਸੁਨਾਮ ਦੇ ਪ੍ਰਧਾਨ ਤਰੁਣ ਬਾਂਸਲ ਨੇ ਆਖਿਆ ਕਿ ਸਿਟੀ ਮੀਡੀਆ ਪ੍ਰੈਸ ਕਲੱਬ ਪੱਤਰਕਾਰਿਤਾ ਦੇ ਖੇਤਰ ਦੇ ਨਾਲ-ਨਾਲ ਸਮਾਜ ਸੇਵਾ ਪ੍ਰਤੀ ਵੀ ਆਪਣੀਆਂ ਜਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦਾ ਆ ਰਿਹਾ ਹੈ ਅਤੇ ਕਲੱਬ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਦਾ ਹੈ ਅਤੇ ਕਲੱਬ ਵੱਲੋਂ ਵੀ ਧਰਮ ਪ੍ਰਤੀ ਆਪਣੀ ਆਸਥਾ ਨੂੰ ਪ੍ਰਗਟਾਉਣ ਲਈ ਦੁਨੀਆਂ ਭਰ ਵਿੱਚ 26 ਫਰਵਰੀ ਨੂੰ ਮਨਾਏ ਜਾ ਰਹੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਵੀ ਸ਼੍ਰੀ ਰਾਮ ਆਸ਼ਰਮ ਮੰਦਿਰ ਦੇ ਸਹਿਯੋਗ ਨਾਲ ਪੂਰੀ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ ਵੱਖ ਵੱਖ ਮੰਦਰ ਕਮੇਟੀਆਂ ਵੱਲੋਂ ਮਹਾਂਸ਼ਿਵਰਾਤਰੀ ਦੇ ਤਿਉਹਾਰ ਦੇ ਮੱਦੇਨਜ਼ਰ ਪ੍ਰਭਾਤ ਫੇਰੀਆਂ ਵੀ ਕੱਢੀਆਂ ਜਾਣਗੀਆਂ।

# ਮੁੱਖ ਮੰਤਰੀ ਵੱਲੋਂ ਨੌਜਵਾਨਾਂ ਨੂੰ ਅਪੀਲ; ਅਮਰੀਕਾ ਤੋਂ ਵਾਪਸੀ ਅੱਖਾਂ ਖੋਲ੍ਹਣ ਵਾਲੀ, ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਨਾ ਜਾਓ

## ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਹਿੱਸੇਦਾਰ ਬਣਨ ਲਈ ਨੌਜਵਾਨਾਂ ਨੂੰ ਸੱਦਾ



ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਤੋਂ ਗੈਰ-ਕਾਨੂੰਨੀ ਪਰਵਾਸੀਆਂ ਦੀ ਵਾਪਸੀ ਤੋਂ ਸਬਕ ਸਿੱਖਣ ਅਤੇ ਗਲਤ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਸੋਚ ਤਿਆਗ ਕੇ ਆਪਣੇ ਸੂਬੇ ਨੂੰ ਦੇਸ਼ ਵਿੱਚ ਮੋਹਰੀ ਬਣਾਉਣ ਲਈ ਸਖ਼ਤ ਮਿਹਨਤ ਕਰਨ। ਇੱਥੇ ਇਕ ਟੂਰਨਾਮੈਂਟ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਜਨਮ ਲੈਣਾ ਸਾਡੇ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਇਥੋਂ ਦੀ ਧਰਤੀ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਹੈ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਸੂਬੇ ਵਿੱਚ ਪਿਛਲੀਆਂ ਸਰਕਾਰਾਂ ਦੀ ਨਾਕਾਮੀ ਕਾਰਨ ਨੌਜਵਾਨ ਬਿਹਤਰ ਭਵਿੱਖ ਦੀ ਭਾਲ ਵਿੱਚ ਹੋਰ ਮੁਲਕਾਂ ਵੱਲ ਪਰਵਾਸ ਕਰਨ ਲਈ ਮਜਬੂਰ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਮਰੀਕਾ ਤੋਂ ਸਮੂਹਿਕ ਵਾਪਸੀ ਸਾਡੇ ਸਾਰਿਆਂ ਲਈ ਅੱਖਾਂ ਖੋਲ੍ਹਣ ਵਾਲੀ ਹੈ ਅਤੇ ਹੁਣ ਸਾਨੂੰ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਨਹੀਂ ਜਾਣਾ ਚਾਹੀਦਾ, ਸਗੋਂ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਪੰਜਾਬ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ 50 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਤਿੰਨ ਸਾਲਾਂ ਵਿੱਚ ਨੌਜਵਾਨਾਂ ਨੂੰ ਇੰਨੀ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਰੁਝਾਨ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ ਕਿਉਂਕਿ ਸੂਬੇ ਦੇ ਨੌਜਵਾਨਾਂ ਲਈ ਵੱਡੀ ਗਿਣਤੀ ਵਿੱਚ ਭਰਤੀ ਦੀ ਤਿਆਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਰਨ ਪੰਜਾਬ ਵਿੱਚ ਪਰਵਾਸ ਨੂੰ ਮੋੜਾ ਪਿਆ ਹੈ ਕਿਉਂਕਿ ਨੌਜਵਾਨ ਸੂਬੇ ਵਿੱਚ ਸਰਕਾਰੀ ਨੌਕਰੀਆਂ ਲੈਣ ਲਈ ਵਿਦੇਸ਼ਾਂ ਤੋਂ ਪਰਤ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਨਾਲ ਨੌਜਵਾਨਾਂ ਦਾ ਸੂਬਾ ਸਰਕਾਰ ਲਈ ਕੰਮ ਕਰਨ ਪ੍ਰਤੀ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਉਹ ਵਿਦੇਸ਼ ਜਾਣ ਦਾ ਵਿਚਾਰ ਤਿਆਗ ਕੇ ਇੱਥੇ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਇਕ ਰਿਕਾਰਡ ਹੈ ਕਿ ਵਿਦੇਸ਼ ਜਾਣ ਦੇ ਪੁਰਾਣੇ ਰੁਝਾਨ ਦੇ ਉਲਟ ਸੂਬੇ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਵਿੱਚ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਪੁਲਿਸ ਵਿਭਾਗ ਦੀ ਕਾਰਜਕੁਸ਼ਲਤਾ ਵਿੱਚ ਵਾਧਾ ਕਰਨ ਅਤੇ ਦੂਜੇ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਸੂਬਾ ਸਰਕਾਰ ਨੇ ਪੁਲਿਸ ਮੁਲਾਜ਼ਮਾਂ ਦੀ ਕਮੀ ਦੂਰ ਕਰਨ ਲਈ ਪੰਜਾਬ ਪੁਲਿਸ ਵਿੱਚ ਹਰ ਸਾਲ 1800 ਸਿਪਾਹੀ ਅਤੇ 300 ਸਬ ਇੰਸਪੈਕਟਰ ਭਰਤੀ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 2100 ਅਸਾਮੀਆਂ ਲਈ ਹਰ ਸਾਲ ਲਗਭਗ 2.50 ਲੱਖ ਉਮੀਦਵਾਰਾਂ ਵੱਲੋਂ ਅਪਲਾਈ ਕਰਨ ਦੀ ਸੰਭਾਵਨਾ ਹੈ, ਇਸ ਲਈ ਸਾਰੇ ਚਾਹਵਾਨ ਪ੍ਰੀਖਿਆਰਥੀ ਪ੍ਰੀਖਿਆ ਪਾਸ ਕਰਨ ਲਈ ਅਕਾਦਮਿਕ ਦੇ ਨਾਲ-ਨਾਲ ਆਪਣੀ ਸਰੀਰਕ ਯੋਗਤਾ ਨੂੰ ਸੁਧਾਰਨਗੇ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪੰਜਾਬ ਪੁਲਿਸ ਵਿੱਚ 10,000 ਨਵੀਂ ਭਰਤੀ ਕਰਨ ਦਾ ਫੈਸਲਾ ਵੀ ਕੀਤਾ ਹੈ, ਜਿਸ ਲਈ ਨੋਟੀਫਿਕੇਸ਼ਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਰਵਾਇਤੀ ਪਾਰਟੀਆਂ ਉਨ੍ਹਾਂ ਨਾਲ ਇਸ ਗੱਲੋਂ ਸਾੜਾ ਰੱਖਦੀਆਂ ਹਨ ਕਿਉਂਕਿ ਉਹ ਇਕ ਆਮ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਇਹ ਆਗੂ ਸਮਝਦੇ ਹਨ ਕਿ ਉਨ੍ਹਾਂ ਕੋਲ ਰਾਜ ਕਰਨ ਦਾ ਇਲਾਹੀ ਅਧਿਕਾਰ ਹੈ, ਜਿਸ ਕਾਰਨ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਇਕ ਆਮ ਆਦਮੀ ਰਾਜ ਨੂੰ ਕੁਸ਼ਲਤਾ ਨਾਲ ਚਲਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੰਮਾ ਸਮਾਂ ਲੋਕਾਂ ਨੂੰ ਮੂਰਖ ਬਣਾਇਆ ਪਰ ਹੁਣ ਲੋਕ ਇਨ੍ਹਾਂ ਦੇ ਗੁਮਰਾਹਕੁੰਨ ਪ੍ਰਚਾਰ ਵਿੱਚ ਨਹੀਂ ਆਉਣ ਵਾਲੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਸਿਆਸਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸਾਡੀ ਸਰਕਾਰ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਨੂੰ ਇਸ ਲਈ ਨਿੰਦਦੇ ਹਨ ਕਿਉਂਕਿ ਸਾਡੀ ਸਰਕਾਰ ਵੱਲੋਂ ਲੋਕ ਪੱਖੀ ਫ਼ੈਸਲੇ ਲਏ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੂਬਾ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਭ ਤੋਂ ਮਹੱਤਵਪੂਰਨ ਜ਼ਰੀਆ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਨਾਲ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵਿੱਚ ਮੱਲਾਂ ਮਾਰਨ ਲਈ ਵਰਤਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਖੇਡਾਂ ਵਿੱਚ ਰੁੱਝੇ ਨੌਜਵਾਨਾਂ ਕੋਲ ਨਸ਼ਿਆਂ ਵੱਲ ਦੇਖਣ ਦਾ ਸਮਾਂ ਹੀ ਨਹੀਂ ਹੁੰਦਾ ਕਿਉਂਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਮੱਲਾਂ ਮਾਰਨ ਲਈ ਆਪਣੀ ਪੂਰੀ ਤਾਕਤ ਲਾ ਰਹੇ ਹੁੰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸਾਲ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਜਾਂਦੀਆਂ ਹਨ, ਜੋ ਖਿਡਾਰੀਆਂ ਨੂੰ ਆਪਣੇ ਹੁਨਰ ਦਿਖਾਉਣ ਲਈ ਮੰਚ ਪ੍ਰਦਾਨ ਕਰਦੀਆਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਖੇਡਾਂ ਸੂਬਾ ਸਰਕਾਰ ਨੂੰ ਖਿਡਾਰੀਆਂ ਦੀਆਂ ਸਮਰੱਥਾਵਾਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਵਿੱਚ ਮਦਦ ਕਰਦੀਆਂ ਹਨ, ਜੋ ਭਵਿੱਖ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਉਨ੍ਹਾਂ ਨੂੰ ਤਿਆਰ ਕਰਨ ਲਈ ਲਾਭਦਾਇਕ ਸਿੱਧ ਹੁੰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ ਕਿਉਂਕਿ ਇਹ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਟੂਰਨਾਮੈਂਟ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਅਜਿਹੇ ਸਮਾਗਮ ਕਰਵਾਉਣੇ ਬੰਦ ਕਰ ਦਿੱਤੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਰ ਹੁਣ ਸੂਬੇ ਵਿੱਚ 'ਆਪ' ਸਰਕਾਰ ਦੇ ਸੱਤਾ ਸੰਭਾਲਣ ਮਗਰੋਂ ਮਾਹੌਲ ਬਦਲ ਗਿਆ ਹੈ ਅਤੇ ਲੋਕ ਅਜਿਹੇ ਸਮਾਗਮਾਂ ਦਾ ਆਨੰਦ ਮਾਣ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਰੰਗਲਾ ਪੰਜਾਬ ਦੀ ਇਕ ਝਲਕ ਹੈ ਅਤੇ ਸੂਬਾ ਸਰਕਾਰ ਵੱਲੋਂ ਹੁਣ ਅਜਿਹੇ ਸਮਾਗਮਾਂ ਰਾਹੀਂ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਬਾਬਤ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਆਮ ਆਦਮੀ ਕਲੀਨਿਕ, ਸੋਲਰ ਲਾਈਟਾਂ ਲਗਾਉਣ, ਕਮਿਊਨਿਟੀ ਹਾਲ ਦੀ ਉਸਾਰੀ, ਵਾਟਰ ਟ੍ਰੀਟਮੈਂਟ ਪਲਾਂਟ ਅਤੇ ਹੋਰ ਕਈ ਵਿਕਾਸ ਕਾਰਜਾਂ ਲਈ ਇਕ ਕਰੋੜ ਰੁਪਏ ਤੋਂ ਵੱਧ ਦੀਆਂ ਗ੍ਰਾਂਟਾਂ ਦਾ ਐਲਾਨ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਿਹਤ ਵਿਭਾਗ ਨੇ ਮਨਾਇਆ ਅੰਤਰਰਾਸ਼ਟਰੀ ਬਾਲ ਕੈਂਸਰ ਦਿਵਸ

ਬਰਨਾਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਵਿਭਾਗ ਬਰਨਾਲਾ ਵੱਲੋਂ ਸਿਵਲ ਸਰਜਨ (ਇੰਚਾਰਜ) ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ ਨਿਰਦੇਸ਼ ਅਧੀਨ ਜ਼ਿਲੇ ਵਿੱਚ ਅੰਤਰਰਾਸ਼ਟਰੀ ਬਾਲ ਕੈਂਸਰ ਦਿਵਸ ਮਨਾਇਆ ਗਿਆ।

ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਕੈਂਸਰ ਦੀ ਬਿਮਾਰੀ ਜਿਆਦਾਤਰ ਵੱਡਿਆਂ 'ਚ ਪਾਈ ਜਾਣ ਵਾਲੀ ਬਿਮਾਰੀ ਸੀ ਜਿਸ ਦੇ ਅੱਜਕੱਲ੍ਹ ਛੋਟੇ ਬੱਚਿਆਂ 'ਚ ਵੀ ਮਾਮਲੇ ਵੱਧ ਰਹੇ ਹਨ। ਇਹ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਬਚਪਨ ਦਾ ਕੈਂਸਰ ਇਲਾਜਯੋਗ ਹੈ ਜੇਕਰ ਮੁੱਢਲੀ ਸਟੇਜ 'ਤੇ ਇਸਦੀ ਪਹਿਚਾਣ ਹੋ ਜਾਵੇ ਅਤੇ ਮਰੀਜ਼ ਨੂੰ ਸਹੀ ਸਮੇਂ 'ਤੇ ਇਸਦਾ ਸਹੀ ਇਲਾਜ ਮਿਲ ਜਾਵੇ।

ਇਸ ਲਈ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਸੁਚੇਤ ਹੋਣ ਦੀ ਜਰੂਰਤ ਹੈ।ਇਸ ਸਬੰਧੀ ਸਿਹਤ ਵਿਭਾਗ ਵੱਲੋਂ ਬਲਾਕ ਧਨੌਲਾ ਵਿਖੇ ਡਾ. ਸਤਵੰਤ ਸਿੰਘ ਔਜਲਾ ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ. ਧਨੌਲਾ ਦੀ ਯੋਗ ਅਗਵਾਈ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਡਾ.ਸਤਵੰਤ ਔਜਲਾ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਕੈਂਸਰ ਦੁਨੀਆਂ ਦੀ ਅਜਿਹੀ ਦੂਜੀ ਬਿਮਾਰੀ ਹੈ ਜਿਸ ਕਾਰਨ ਸਭ ਤੋਂ ਵੱਧ ਲੋਕ ਮਰ ਰਹੇ ਹਨ ਇਸ ਲਈ ਜਾਗਰੂਕ ਹੋ ਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

ਉਹਨਾਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ÷ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼÷ ਤਹਿਤ 1.50 ਲੱਖ ਰੁਪਏ ਦੇ ਇਲਾਜ ਦੀ ਸੁਵਿਧਾ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।



ਇਸ ਸਮੇਂ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ, ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਅਤੇ ਬਲਰਾਜ ਸਿੰਘ ਬਲਾਕ ਅਕਸਟੈਂਸ਼ਨ ਨੇ ਦੱਸਿਆ ਕਿ ਬੱਚਿਆਂ 'ਚ ਦਿਮਾਗ ਦਾ ਕੈਂਸਰ, ਠੋਸ ਟਿਊਮਰ ਅਤੇ ਹੱਡੀਆਂ ਦਾ ਕੈਂਸਰ ਆਮ ਪਾਇਆ ਜਾਂਦਾ ਹੈ। ਸਰੀਰ ਦੇ ਕਿਸੇ ਹਿੱਸੇ 'ਚ ਗੱਠ, ਲਗਾਤਾਰ ਤੇਜ ਬੁਖਾਰ, ਮੂੰਹ ਵਿੱਚੋਂ ਖ਼ੂਨ ਆਉਣਾ, ਕਿਸੇ ਅੰਗ 'ਤੇ ਬਿਨਾਂ ਕਿਸੇ ਕਾਰਨ ਸੋਜ਼, ਲਗਾਤਾਰ ਤੇਜ ਦਰਦ, ਛਾਤੀ ਵਿੱਚ ਗਿਲਟੀ, ਲਗਾਤਾਰ ਖੰਘ, ਆਵਾਜ਼ ਵਿੱਚ ਭਾਰੀਪਣ, ਮਾਹਵਾਰੀ ਦੌਰਾਨ ਖ਼ੂਨ ਦਾ ਜਿਆਦਾ ਪੈਣਾ ਜਾਂ ਮਾਹਵਾਰੀ ਤੋਂ ਬਿਨਾਂ ਖ਼ੂਨ ਦਾ ਪੈਣਾ, ਨਾ ਠੀਕ ਹੋਣ ਵਾਲਾ ਮੂੰਹ ਦਾ ਅਲਸਰ ਆਦਿ ਕੈਂਸਰ ਦੇ ਮੁੱਖ ਲੱਛਣ ਹਨ।

ਉਹਨਾਂ ਦੱਸਿਆ ਕਿ ਕੈਂਸਰ ਸਿਗਰਟ, ਪਾਨ, ਤੰਬਾਕੂ ,ਖੈਣੀ ,ਗੁਟਕਾ, ਸ਼ਰਾਬ ਆਦਿ ਦੀ ਵਰਤੋਂ ਕਰਕੇ, ਜਿਆਦਾ ਕੀਟ ਨਾਸ਼ਕ ਸਪਰੇਅ ਕਰਨ ਨਾਲ, ਮੋਟਾਪਾ ਤੇ ਮਿਲਾਵਟ ਵਾਲੀਆਂ ਚੀਜ਼ਾਂ ਦੇ ਖਾਣ ਪੀਣ ਨਾਲ ਹੋ ਸਕਦਾ ਹੈ। ਇਸ ਲਈ ਜਾਗਰੂਕ ਹੋ ਕੇ, ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆ ਕੇ ਮੌਸਮ ਅਨੁਸਾਰ ਫ਼ਲ ਸਬਜੀਆਂ ਦੀ ਵਰਤੋਂ ਕਰਕੇ ਅਤੇ ਸਮੇਂ ਸਮੇਂ ਤੇ ਆਪਣੀ ਡਾਕਟਰੀ ਜਾਂਚ ਕਰਵਾ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ।

# ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਸੁਪਰੀਮ ਕੋਰਟ ਬੁੱਧਵਾਰ ਨੂੰ ਕਰੇਗੀ ਸੁਣਵਾਈ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ 2023 ਦੇ ਕਾਨੂੰਨ ਤਹਿਤ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਖਿਲਾਫ਼ ਦਾਇਰ ਪਟੀਸ਼ਨਾਂ ’ਤੇ 19 ਫਰਵਰੀ ਨੂੰ ਤਰਜੀਹੀ ਆਧਾਰ ’ਤੇ ਸੁਣਵਾਈ ਕਰੇਗਾ।

ਇਕ NGO Association for Democratic Reforms ਵੱਲੋਂ ਪੇਸ਼ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਐੱਨ. ਕੋਟਿਸ਼ਵਰ ਸਿੰਘ ਦੇ ਬੈਂਚ ਨੂੰ ਦੱਸਿਆ ਕਿ ਸੰਵਿਧਾਨਕ ਬੈਂਚ ਵੱਲੋਂ 2023 ਵਿਚ ਸੁਣਾਏ ਫੈਸਲੇ, ਜਿਸ ਵਿੱਚ ਭਾਰਤ ਦੇ ਚੀਫ ਜਸਟਿਸ ਦੀ ਸ਼ਮੂਲੀਅਤ ਵਾਲੀ ਕਮੇਟੀ ਰਾਹੀਂ 353 ਅਤੇ 53 ਦੀ ਚੋਣ ਅਤੇ ਨਿਯੁਕਤੀ ਦਾ ਨਿਰਦੇਸ਼ ਦਿੱਤਾ ਗਿਆ ਸੀ, ਦੇ ਬਾਵਜੂਦ ਸਰਕਾਰ ਨੇ CJI ਨੂੰ ਕਮੇਟੀ ’ਚੋਂ ਬਾਹਰ ਰੱਖਿਆ ਤੇ “ਜਮਹੂਰੀਅਤ ਦਾ ਮਖੌਲ ਉਡਾਇਆ।”

ਭੂਸ਼ਣ ਨੇ ਕਿਹਾ, “ਇਹ ਮਾਮਲਾ 19 ਫਰਵਰੀ ਨੂੰ ਸੂਚੀਬੱਧ ਹੈ ਪਰ ਇਹ ਆਈਟਮ ਨੰਬਰ 41 ਵਜੋਂ ਸੂਚੀਬੱਧ ਹੈ।



ਸਰਕਾਰ ਨੇ 2023 ਦੇ ਕਾਨੂੰਨ ਮੁਤਾਬਕ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ ਦੀ ਨਿਯੁਕਤੀ ਕੀਤੀ, ਪਰ ਸੰਵਿਧਾਨਕ ਬੈਂਚ ਵੱਲੋਂ ਸੁਣਾਏ ਗਏ ਉਪਰੋਕਤ ਫੈਸਲੇ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਕਿਰਪਾ ਕਰਕੇ ਇਸ ਮਾਮਲੇ ’ਤੇ ਫੌਰੀ ਸੁਣਵਾਈ ਕਰਨ ਦੀ ਲੋੜ ਹੈ।”

ਪਟੀਸ਼ਨਰ ਜਯਾ ਠਾਕੁਰ ਵੱਲੋਂ ਪੇਸ਼ ਵਕੀਲ ਵਰੁਣ ਠਾਕੁਰ ਨੇ ਕਿਹਾ ਕਿ ਸਰਕਾਰ ਵੱਲੋਂ ਨਵੇਂ ਕਾਨੂੰਨ ਤਹਿਤ ਤਿੰਨ ਨਿਯੁਕਤੀਆਂ ਕੀਤੀਆਂ ਗਈਆਂ ਸਨ, ਜੋ ਕਿ ਚੁਣੌਤੀ ਅਧੀਨ ਸੀ।

ਬੈਂਚ ਨੇ ਭੂਸ਼ਣ ਅਤੇ ਹੋਰ ਧਿਰਾਂ ਨੂੰ ਭਰੋਸਾ ਦਿੱਤਾ ਕਿ ਕੁਝ ਜ਼ਰੂਰੀ ਸੂਚੀਬੱਧ ਮਾਮਲਿਆਂ ਤੋਂ ਬਾਅਦ 19 ਫਰਵਰੀ ਨੂੰ ਇਸ ਮਾਮਲੇ ’ਤੇ ਸੁਣਵਾਈ ਕੀਤੀ ਜਾਵੇਗੀ।

ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਸੋਮਵਾਰ ਨੂੰ ਗਿਆਨੇਸ਼ ਕੁਮਾਰ ਦੀ ਦੇਸ਼ ਦੇ 26ਵੇਂ ਮੁੱਖ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਨੂੰ ਹਰੀ ਝੰਡੀ ਦੇ ਦਿੱਤੀ ਸੀ। ਕੁਮਾਰ ਨਵੇਂ ਕਾਨੂੰਨ ਤਹਿਤ ਨਿਯੁਕਤ ਕੀਤੇ ਜਾਣ ਵਾਲੇ ਪਹਿਲੇ ਸੀਈਸੀ ਹਨ ਅਤੇ ਉਨ੍ਹਾਂ ਦਾ ਕਾਰਜਕਾਲ 26 ਜਨਵਰੀ, 2029 ਤੱਕ ਚੱਲੇਗਾ।

ਉਧਰ 1989 ਬੈਚ ਦੇ ਹਰਿਆਣਾ-ਕੇਡਰ ਦੇ ਆਈਏਐਸ ਅਧਿਕਾਰੀ ਤੇ ਮੁੱਖ ਸਕੱਤਰ ਵਿਵੇਕ ਜੋਸ਼ੀ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਜੋਸ਼ੀ, ਜਿਨ੍ਹਾਂ ਦੀ ਜਨਮ ਤਰੀਕ 21 ਮਈ, 1966 ਹੈ, 2031 ਤੱਕ ਚੋਣ ਪੈਨਲ ਵਿੱਚ ਸੇਵਾ ਨਿਭਾਉਣਗੇ। ਕਾਨੂੰਨ ਅਨੁਸਾਰ, ਇੱਕ ਸੀਈਸੀ ਜਾਂ ਇੱਕ ਚੋਣ ਕਮਿਸ਼ਨਰ 65 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੁੰਦਾ ਹੈ ਜਾਂ ਚੋਣ ਪੈਨਲ ਵਿੱਚ ਛੇ ਸਾਲ ਲਈ ਕਾਰਜਕਾਲ ਰੱਖ ਸਕਦਾ ਹੈ।

# ਨਵੇਂ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਸਬੰਧੀ ਅੱਧੀ ਰਾਤ ਨੂੰ ਲਿਆ ਫੈਸਲਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਲਈ ਨਿਰਾਦਰਯੋਗ: ਰਾਹੁਲ ਗਾਂਧੀ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਨਵੇਂ ਮੁੱਖ ਚੋਣ ਕਮਿਸ਼ਨਰ(353) ਦੀ ਚੋਣ ਸਬੰਧੀ ਫੈਸਲਾ ਅੱਧੀ ਰਾਤ ਨੂੰ ਲਏ ਜਾਣਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਲਈ ‘ਨਿਰਾਦਰਯੋਗ’ ਤੇ ‘ਅਪਮਾਨਜਨਕ’ ਹੈ ਅਤੇ ਉਹ ਵੀ ਉਦੋਂ ਜਦੋਂ ਚੋਣ ਦੇ ਪੂਰੇ ਅਮਲ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।



ਚੇਤੇ ਰਹੇ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਚੋਣ ਕਮੇਟੀ, ਜਿਸ ਵਿਚ ਲੋਕ ਸਭਾ ’ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੀ ਮੌਜੂਦ ਸਨ, ਦੀ ਬੈਠਕ ਤੋਂ ਕੁਝ ਘੰਟਿਆਂ ਬਾਅਦ ਸਰਕਾਰ ਨੇ ਸੋਮਵਾਰ ਦੇਰ ਰਾਤ ਗਿਆਨੇਸ਼ ਕੁਮਾਰ ਨੂੰ ਨਵਾਂ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਸੀ।

ਗਾਂਧੀ ਨੇ ਹਾਲਾਂਕਿ (ਬੈਠਕ ਦੌਰਾਨ) ਸੁਪਰੀਮ ਕੋਰਟ ਵਿਚ ਜਾਰੀ ਸੁਣਵਾਈ ਦੇ ਹਵਾਲੇ ਨਾਲ ਬੈਠਕ ਮੁਲਤਵੀ ਕਰਨ ਲਈ ਕਿਹਾ ਸੀ। ਗਾਂਧੀ ਨੇ ਬੈਠਕ ਦੌਰਾਨ ਅਸਹਿਮਤੀ ਨੋਟ ਵੀ ਦਰਜ ਕੀਤਾ।

ਗਾਂਧੀ ਨੇ ਐਕਸ ’ਤੇ ਇਕ ਪੋਸਟ ਵਿਚ ਕਿਹਾ, “ਅਗਲੇ ਚੋਣ ਕਮਿਸ਼ਨਰ ਦੀ ਚੋਣ ਲਈ ਸੱਦੀ ਬੈਠਕ ਦੌਰਾਨ ਮੈਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਕੋਲ ਆਪਣਾ ਵਿਰੋਧ ਵੀ ਦਰਜ ਕੀਤਾ, ਜਿਸ ਵਿਚ ਲਿਖਿਆ ਸੀ : ਕਾਰਜਪਾਲਿਕਾ (ਸਰਕਾਰ) ਦੀ ਦਖਲਅੰਦਾਜ਼ੀ ਤੋਂ ਮੁਕਤ ਇੱਕ ਸੁਤੰਤਰ ਚੋਣ ਕਮਿਸ਼ਨ ਦਾ ਸਭ ਤੋਂ ਬੁਨਿਆਦੀ ਪਹਿਲੂ ਚੋਣ ਕਮਿਸ਼ਨਰ ਅਤੇ ਮੁੱਖ ਚੋਣ ਕਮਿਸ਼ਨਰ ਦੀ ਚੋਣ ਦਾ ਅਮਲ ਹੈ।”

ਗਾਂਧੀ ਨੇ ਆਪਣਾ ਅਸਹਿਮਤੀ ਨੋਟ ਸਾਂਝਾ ਕਰਦਿਆਂ ਕਿਹਾ, “ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਕੇ ਅਤੇ ਭਾਰਤ ਦੇ ਚੀਫ਼ ਜਸਟਿਸ ਨੂੰ ਚੋਣ ਕਮੇਟੀ ’ਚੋਂ ਹਟਾ ਕੇ, ਮੋਦੀ ਸਰਕਾਰ ਨੇ ਸਾਡੇ ਚੋਣ ਅਮਲ ਦੀ ਇਮਾਨਦਾਰੀ ਬਾਰੇ ਕਰੋੜਾਂ ਵੋਟਰਾਂ ਦੇ ਫ਼ਿਕਰਾਂ ਨੂੰ ਵਧਾ ਦਿੱਤਾ ਹੈ।”

ਗਾਂਧੀ ਨੇ ਕਿਹਾ ਕਿ ਵਿਰੋਧੀ ਧਿਰ ਦਾ ਆਗੂ ਹੋਣ ਦੇ ਨਾਤੇ, ਇਹ ਉਨ੍ਹਾਂ ਦਾ ਫਰਜ਼ ਹੈ ਕਿ ਉਹ ਬਾਬਾ ਸਾਹਿਬ ਅੰਬੇਡਕਰ ਅਤੇ ਦੇਸ਼ ਦੇ ਸੰਸਥਾਪਕ ਆਗੂਆਂ ਦੇ ਆਦਰਸ਼ਾਂ ਨੂੰ ਕਾਇਮ ਰੱਖਣ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣ।

ਗਾਂਧੀ ਨੇ ਕਿਹਾ, “ਨਵੇਂ ਸੀਈਸੀ ਦੀ ਚੋਣ ਸਬੰਧੀ ਅੱਧੀ ਰਾਤ ਨੂੰ ਲਿਆ ਫੈਸਲਾ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਲਈ ਨਿਰਾਦਰਯੋਗ ਅਤੇ ਅਪਮਾਨਜਨਕ ਹੈ, ਉਹ ਵੀ ਉਦੋਂ ਜਦੋਂ ਕਮੇਟੀ ਅਤੇ ਪ੍ਰਕਿਰਿਆ ਦੀ ਬਣਤਰ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਅਤੇ 48 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਸੁਣਵਾਈ ਹੋਣੀ ਹੈ।”

# ਪੰਜਾਬ ਦੇ ਕਈ ਪ੍ਰੀਵਾਰ ਧੋਖੇਬਾਜ ਏਜੰਟਾਂ ਦਾ ਹੋ ਰਹੇ ਹਨ ਸ਼ਿਕਾਰ

**ਸਨੌਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਕੱਲ ਦੇ ਨੌਜਵਾਨਾ ਵਿੱਚ ਵਿਦੇਸ਼ ਜਾਣ ਦੀ ਦੌੜ ਲੱਗੀ ਹੋਈ ਹੈ। ਜਿਸ ਕਾਰਨ ਇਥੋਂ ਦੇ ਪਰਿਵਾਰਾਂ ਨੂੰ ਵਿਆਜ ਤੇ ਪੈਸੇ , ਜ਼ਮੀਨਾਂ ਘਰ ਬਾਰ ਵੇਚ ਆਪਣੇ ਬੱਚਿਆਂ ਨੂੰ ਭਵਿੱਖ ਸਵਾਰਨ ਲਈ ਵਿਦੇਸ਼ਾਂ ਵਿੱਚ ਭੇਜੀਆ ਜਾ ਰਿਹਾ ਹੈ ਅਤੇ ਅਕਸਰ ਹੀ ਧੋਖੇਬਾਜ ਏਜੰਟਾਂ ਦਾ ਸ਼ਿਕਾਰ ਹੁੰਦੇ ਹਨ। ਪ੍ਰੰਤੂ ਸਮੇ-ਸਮੇ ਦੀਆਂ ਸਰਕਾਰਾਂ ਵਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਅਜਿਹੀ ਹੀ ਇੱਕ ਤਸਵੀਰ ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਦੇ ਕਸਬਾ ਸਨੌਰ ਤੋਂ ਦੇਖਣ ਨੂੰ ਮਿਲ ਰਹੀ ਹੈ। ਇਥੋਂ ਦੇ ਵਸਨੀਕ ਜਿਸ ਵਲੋਂ ਸ਼ੋਸ਼ਲ ਮੀਡੀਆ ਉਤੇ ਤਸਵੀਰਾ ਵਾਇਰਲ ਕੀਤੀਆਂ ਜਾ ਰਹੀਆਂ ਹਨ ਉਹਨਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸਨੌਰ ਦੇ ਇੱਕ ਏਜੰਟ ਵਲੋਂ ਵਿਦੇਸ਼ ਚ ਵਰਕ ਪਰਮਟ ਉੱਤੇ ਭੇਜਣ ਦਾ ਝਾਸਾ ਦੇ ਕੇ 17 ਲੱਖ ਰੁਪਏ ਦੀ ਮੰਗ ਕੀਤੀ ਇਸ ਸਬੰਧੀ ਇਕ ਐਗਰੀਮੈਂਟ ਕਰਾਇਆ ਗਿਆ। ਜਿਸ ਵਿਚ ਉਨ੍ਹਾਂ ਵਲੋਂ 1.50 ਲੱਖ ਰੁਪਏ ਏਜੰਟ ਦੇ ਬੈਂਕ ਖਾਤੇ ਵਿੱਚ ਪਾਏ ਗਏ ਅਤੇ ਬਾਕੀ ਦੇ ਪੈਸੇ ਪਹੁੰਚ ਤੇ ਕੀਤੇ ਜਾਣ ਕਰਾਰ ਕੀਤਾ ਗਿਆ ਪੀੜਤ ਪਰਿਵਾਰ ਨੇ ਦਸਿਆ ਕਿ ਉਹਨਾਂ ਨੂੰ ਏਜੰਟ ਵਲੋਂ 2 ਮਹੀਨੇ 10 ਦਿਨ ਚ ਵਰਕ ਪਰਮਟ ਆ ਜਾਵੇਗਾ ਕਿਹਾ ਗਿਆ। ਕਈ ਮਹੀਨੇ ਬੀਤਨ ਤੋਂ ਬਾਅਦ ਪੀੜਤ ਪਰਿਵਾਰ ਨੇ ਏਜੰਟ ਨਾਲ ਗੱਲਬਾਤ ਕੀਤੀ ਤਾਂ ਏਜੰਟ ਵਲੋਂ 70 ਹਜਾਰ ਦਾ ਵਾਪਸੀ ਚੈਕ ਦੇ ਦਿੱਤਾ ਗਿਆ ਪਰ ਜਦੋ ਬੈਂਕ ਲਗਾਉਣ ਤੇ ਪਤਾ ਲੱਗਾ ਕਿ ਏਜੰਟ ਦੇ ਖਾਤਾ ਖਾਲੀ ਸੀ। ਪ੍ਰੰਤੂ 2 ਸਾਲ ਬੀਤਣ ਦੇ ਬਾਵਜੂਦ ਵੀ ਬੱਚੇ ਨੂੰ ਨਾ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਏਜੰਟ ਵਲੋਂ ਪੀੜਤ ਨੂੰ ਪੈਸੇ ਮੋੜੇ ਗਏ। ਇਸਦੇ ਸਬੰਧ ਚ ਪੀੜਤ ਪਰਿਵਾਰ ਵਲੋਂ ਸਨੌਰ ਥਾਣਾ ਚ 22-09-2024 ਨੂੰ ਇੱਕ ਏਜੰਟ ਖਿਲਾਫ ਸ਼ਿਕਾਇਤ ਵੀ ਦਰਜ ਕਰਵਾਈ ਗਈ ਪ੍ਰੰਤੂ ਉਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਪੀੜਤ ਪਰਿਵਾਰ ਵਲੋਂ ਕੋਈ ਸੁਣਵਾਈ ਨਾ ਹੋਣ ਉਤੇ ਸ਼ੋਸ਼ਲ ਮੀਡੀਆ ਦਾ ਸਹਾਰਾ ਲਿਆ ਗਿਆ ਜਿਸ ਵਿੱਚ ਉਨ੍ਹਾਂ ਵਲੋਂ ਏਜੰਟ ਨਾਲ ਕੀਤਾ ਐਗਰੀਮੈਂਟ ਦੀਆਂ ਤਸਵੀਰਾਂ ਨਾਲ-ਨਾਲ ਸਨੌਰ ਥਾਣੇ ਉੱਤੇ ਵੀ ਗੰਭੀਰ ਦੋਸ਼ ਲਗਉਂਦੇ ਮੁੱਖ ਮੰਤਰੀ ਪੰਜਾਬ ਦੇ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਅਜਿਹੇ ਏਜੰਟਾ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਤਰ ਦੇ ਆਮੀਰ ਨਾਲ ਮੁਲਾਕਤ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਇੱਥੇ ਹੈਦਰਾਬਾਦ ਹਾਊਸ ਵਿਖੇ ਕਤਰ ਦੇ ਆਮੀਰ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨਾਲ ਮੁਲਾਕਾਤ ਕੀਤੀ। ਇਸ ਸਬੰਧੀ ਵਿਦੇਸ਼ ਮੰਤਰਾਲਾ ਨੇ ਕਿਹਾ ਕਿ ਇਹ ਮਿਲਣੀ ਵਿਸ਼ੇਸ਼ ਦੁਵੱਲੀ ਭਾਈਵਾਲੀ ਲਈ ਇੱਕ ਨਵਾਂ ਮੀਲ ਪੱਥਰ ਹੈ। ਇਸ ਤੋਂ ਪਹਿਲਾਂ ਦਿਨ ਵਿੱਚ ਕਤਰ ਦੇ ਆਮੀਰ ਨੂੰ ਰਾਸ਼ਟਰਪਤੀ ਦਰੋਪਤੀ ਮੁਰਮੂ ਦੀ ਮੌਜੂਦਗੀ ਵਿਚ ਰਾਸ਼ਟਰਪਤੀ ਭਵਨ ’ਚ ਰਸਮੀ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਵੀ ਮੌਜੂਦ ਸਨ। ਵਿਦੇਸ਼ ਮੰਤਰਾਲਾ ਨੇ ‘ਐਕਸ’ ’ਤੇ ਪੋਸਟ ਕੀਤਾ, ਪ੍ਰਧਾਨ ਮੰਤਰੀ ਨੇ ਹੈਦਰਾਬਾਦ ਹਾਊਸ ਵਿਖੇ ਕਤਰ ਰਾਜ ਦੇ ਆਮੀਰ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਕਤਰ ਦੇ ਆਮੀਰ ਦੀ ਭਾਰਤ ਫੇਰੀ ਸਾਡੀ ਵਧਦੀ ਬਹੁਪੱਖੀ ਭਾਈਵਾਲੀ ਨੂੰ ਹੋਰ ਗਤੀ ਪ੍ਰਦਾਨ ਕਰੇਗੀ। ਪੀਟੀਆਈ



# ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਦਿੱਤੇ ਹੁਕਮਾਂ ਤੋਂ ਬਾਅਦ 65,607 ਮਗਨਰੇਗਾ ਦੇ ਨਵੇਂ ਜੌਬ ਕਾਰਡ ਬਣੇ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਭਰ ਵਿੱਚ ਪਿਛਲੇ ਕਰੀਬ ਡੇਢ ਮਹੀਨੇ ਵਿੱਚ 65,607 ਮਗਨਰੇਗਾ ਦੇ ਨਵੇਂ ਜੌਬ ਕਾਰਡ ਬਣੇ ਹਨ। ਜਨਵਰੀ ਮਹੀਨੇ ਵਿੱਚ ਵਿਭਾਗ ਦੀ ਪਹਿਲੀ ਸਮੀਖਿਆ ਮੀਟਿੰਗ ਦੌਰਾਨ ਸੌਂਦ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਹੁਕਮ ਦਿੱਤੇ ਸਨ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਕੈਂਪ ਲਗਾ ਕੇ ਲੋੜਵੰਦ ਅਤੇ ਬਾਕੀ ਰਹਿੰਦੇ ਲੋਕਾਂ ਦੇ ਮਗਨਰੇਗਾ ਅਧੀਨ ਕਾਰਡ ਤੁਰੰਤ ਬਣਾਏ ਜਾਣ।

ਪੰਚਾਇਤ ਮੰਤਰੀ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ ਪੰਜਾਬ ਭਰ ਦੇ ਪਿੰਡਾਂ ਵਿੱਚ 10,533 ਕੈਂਪ ਲਗਾ ਕੇ 65,607 ਨਵੇਂ ਜੌਬ ਕਾਰਡ ਬਣਾਏ ਗਏ ਹਨ। ਇਸ ਵਿੱਚ 2180 ਜੌਬ ਕਾਰਡ ਦਿਵਿਆਂਗ ਲੋਕਾਂ ਦੇ ਵੀ ਹਨ। ਇਸ ਤਰ੍ਹਾਂ ਮੌਜੂਦਾ ਸਮੇਂ ਪੰਜਾਬ ਵਿੱਚ ਮਗਨਰੇਗਾ ਤਹਿਤ ਕੁੱਲ 12 ਲੱਖ 27 ਹਜ਼ਾਰ 603 ਜੌਬ ਕਾਰਡ ਚੱਲ ਰਹੇ ਹਨ।



ਸੌਂਦ ਨੇ ਕਿਹਾ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਰੋਜ਼ਗਾਰ ਦੇਣ ਦੇ ਮਕਸਦ ਨਾਲ ਮਗਨਰੇਗਾ ਦੇ ਜੌਬ ਕਾਰਡ ਬਣਾਉਣ ਲਈ ਪਿੰਡਾਂ ‘ਚ ਵਿਸ਼ੇਸ਼ ਕੈਂਪ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਇਹ ਪ੍ਰਕਿਰਿਆ ਅੱਗੋਂ ਵੀ ਜਾਰੀ ਰੱਖੀ ਜਾਵੇ ਤਾਂ ਜੋ ਕੋਈ ਵੀ ਲੋੜਵੰਦ ਵਿਅਕਤੀ ਕਾਰਡ ਬਣਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਵਿੱਚ ਹੁਣ ਤੱਕ 2.68 ਕਰੋੜ ਤੋਂ ਜ਼ਿਆਦਾ ਮਨੁੱਖੀ ਦਿਹਾੜੀਆਂ ਪੈਦਾ ਕੀਤੀਆਂ ਗਈਆਂ ਹਨ ਅਤੇ 7 ਲੱਖ ਤੋਂ ਵਧੇਰੇ ਪੇਂਡੂ ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

ਪਿੰਡਾਂ ਵਿੱਚ ਮਗਨਰੇਗਾ ਦੇ ਜੌਬ ਕਾਰਡ ਬਣਾਉਣ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਪੰਚਾਇਤ ਮੰਤਰੀ ਸੌਂਦ ਨੇ ਦੱਸਿਆ ਕਿ ਫਾਜ਼ਿਲਕਾ ਵਿੱਚ 434 ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 8497 ਜੌਬ ਕਾਰਡ ਬਣਾਏ ਗਏ। ਇਸੇ ਤਰ੍ਹਾਂ ਗੁਰਦਾਸਪੁਰ ਵਿੱਚ 443 ਕੈਂਪਾਂ ਵਿੱਚ 8309 ਕਾਰਡ, ਪਟਿਆਲਾ ਵਿੱਚ 1022 ਕੈਂਪਾਂ ਵਿੱਚ 6984 ਕਾਰਡ, ਅੰਮ੍ਰਿਤਸਰ ਵਿੱਚ 855 ਕੈਂਪਾਂ ਵਿੱਚ 4850 ਕਾਰਡ, ਹੁਸ਼ਿਆਰਪੁਰ ਵਿੱਚ 640 ਕੈਂਪਾਂ ਵਿੱਚ 4551 ਕਾਰਡ, ਜਲੰਧਰ ਵਿੱਚ 874 ਕੈਂਪਾਂ ਵਿੱਚ 4013 ਕਾਰਡ, ਲੁਧਿਆਣਾ ਵਿੱਚ 833 ਕੈਂਪਾਂ ਵਿੱਚ 3642 ਕਾਰਡ, ਸੰਗਰੂਰ ਵਿੱਚ 421 ਕੈਂਪਾਂ ਵਿੱਚ 3622 ਕਾਰਡ, ਤਰਨ ਤਾਰਨ ਵਿੱਚ 575 ਕੈਂਪਾਂ ਵਿੱਚ 3226 ਕਾਰਡ ਅਤੇ ਪਠਾਨਕੋਟ ਵਿੱਚ 421 ਕੈਂਪਾਂ ਵਿੱਚ 2510 ਜੌਬ ਕਾਰਡ ਬਣਾਏ ਗਏ।

# ਰੁਜ਼ਗਾਰ ਨੂੰ ਹੁਲਾਰਾ ਦੇਣ ਲਈ ਪਟਿਆਲਾ ਵਿਖੇ ਨਵਾਂ ਵਰਲਡ ਹੁਨਰ ਵਿਕਾਸ ਕੇਂਦਰ ਸਥਾਪਤ : ਐਮ.ਪੀ. ਵਿਕਰਮਜੀਤ ਸਿੰਘ ਸਾਹਨੀ



**ਪਟਿਆਲਾ, 19 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨੌਜਵਾਨਾਂ ਨੂੰ ਸਵੈ ਰੋਜ਼ਗਾਰ ਦੇ ਕਾਬਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆ ਪੰਜਾਬ ਤੋਂ ਰਾਜ ਸਭਾ ਮੈਂਬਰ ਸ. ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਪਟਿਆਲਾ ਵਿਖੇ ‘ਮੇਰਾ ਹੁਨਰ ਮੇਰੀ ਸ਼ਾਨ’ ਤਹਿਤ ਸੰਨ ਫਾਉਂਡੇਸ਼ਨ ਵੱਲੋਂ ‘ਵਰਲਡ ਸਕਿੱਲ ਸੈਂਟਰ ਆਫ ਐਕਸੀਲੈਂਸ’ ਦਾ ਉਦਘਾਟਨ ਕੀਤਾ ਗਿਆ।

ਇੱਥੇ ਨਗਰ ਨਿਗਮ ਦਫ਼ਤਰ ਦੇ ਸਾਹਮਣੇ ਕਰਵਾਏ ਗਏ ਇਸ ਸਮਾਗਮ ਦੌਰਾਨ ਵਿਸ਼ਵ ਹੁਨਰ ਕੇਂਦਰ ਆਫ਼ ਐਕਸੀਲੈਂਸ ਦਾ ਉਦਘਾਟਨ ਪੰਜਾਬ ਦੇ ਰੋਜ਼ਗਾਰ ਉਤਪੱਤੀ ਤੇ ਹੁਨਰ ਵਿਕਾਸ ਮੰਤਰੀ ਅਮਨ ਅਰੋੜਾ, ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ, ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ, ਸਿਹਤ ਮੰਤਰੀ ਡਾ. ਬਲਬੀਰ ਸਿੰਘ, ਸੰਸਦ ਮੈਂਬਰ ਧਰਮਵੀਰ ਗਾਂਧੀ, ਵਿਧਾਇਕ ਅਜੀਤ ਪਾਲ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਕੀਤਾ। ਇਸ ਮੌਕੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਦੇ ਮੁਖ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਨੇ ਅਰਦਾਸ ਕੀਤੀ।

ਸੰਨ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਸੰਸਦ ਮੈਂਬਰ ਡਾ. ਸਾਹਨੀ ਨੇ ਦੱਸਿਆ ਕਿ ਇਹ ਅਤਿ-ਆਧੁਨਿਕ ਹੁਨਰ ਵਿਕਾਸ ਕੇਂਦਰ ਸਾਲਾਨਾ 1,000 ਤੋਂ ਵੱਧ ਨੌਜਵਾਨਾਂ ਨੂੰ ਮੁਫ਼ਤ ਸਿਖਲਾਈ ਪ੍ਰਦਾਨ ਕਰੇਗਾ, ਜਿਸ ਨਾਲ ਸਥਾਨਕ ਨੌਜਵਾਨਾਂ ਲਈ ਨੌਕਰੀਆਂ ਯਕੀਨੀ ਬਣਾਈਆਂ ਜਾਣਗੀਆਂ। ਇਸ ਕੇਂਦਰ ਵਿਖੇ ਅਤਿ-ਆਧੁਨਿਕ ਕੋਰਸ ਕਰਵਾਏ ਜਾਂਦੇ ਹਨ, ਜਿਸ ਵਿੱਚ ਜਨਰਲ ਡਿਊਟੀ ਅਸਿਸਟੈਂਟ, ਅਸਿਸਟੈਂਟ ਇਲੈਕਟ੍ਰੀਸ਼ੀਅਨ, ਅਸਿਸਟੈਂਟ ਬਿਊਟੀ ਥੈਰੇਪਿਸਟ, ਬੀਐਫਐਸਆਈ-ਬੈਂਕ ਇਨਸ਼ੋਰੈਂਸ ਰਿਲੇਸ਼ਨਸ਼ਿਪ ਐਸੋਸੀਏਟ, ਬੀਐਫਐਸਆਈ-ਅਕਾਊਂਟ ਅਸਿਸਟੈਂਟ, ਅਤੇ ਘਰੇਲੂ ਡਾਟਾ ਐਂਟਰੀ ਆਪਰੇਟਰ ਸ਼ਾਮਲ ਹਨ।

ਡਾ. ਸਾਹਨੀ ਨੇ ਕਿਹਾ ਕਿ ਸਾਡਾ ਟੀਚਾ ਪੰਜਾਬ ਭਰ ਵਿੱਚ ਸਾਡੇ ਵੱਖ-ਵੱਖ ਹੁਨਰ ਵਿਕਾਸ ਕੇਂਦਰਾਂ ਅਤੇ ਅਪਣਾਏ ਗਏ ਆਈਟੀਆਈ ਰਾਹੀਂ ਸਾਲਾਨਾ 10,000 ਨੌਜਵਾਨਾਂ ਨੂੰ ਸਿਖਲਾਈ ਪ੍ਰਦਾਨ ਕਰਨਾ ਹੈ। ਅਤਿ-ਆਧੁਨਿਕ ਮਸ਼ੀਨਰੀ @ਤੇ ਆਧੁਨਿਕ ਹੁਨਰ ਪ੍ਰਦਾਨ ਕਰਕੇ, ਅਸੀਂ ਸਿੱਖਿਆ ਅਤੇ ਰੁਜ਼ਗਾਰ ਦਰਮਿਆਨ ਪਾੜੇ ਨੂੰ ਪੂਰ ਰਹੇ ਹਾਂ।

ਡਾ. ਸਾਹਨੀ ਨੇ ਨਿਰਵਿਘਨ ਨੌਕਰੀ ਪਲੇਸਮੈਂਟ ਦੀ ਸਹੂਲਤ ਲਈ ਮਜ਼ਬੂਤ ਉਦਯੋਗਿਕ ਸੰਬੰਧਾਂ ਦੀ ਮਹੱਤਤਾ @ਤੇ ਜ਼ੋਰ ਦਿੰਦੇ ਹੋਏ ਕਿਹਾ, ਇਹ ਹੁਨਰ ਕੇਂਦਰ ਨਾ ਸਿਰਫ਼ ਗਿਆਨ ਪ੍ਰਦਾਨ ਕਰੇਗਾ ਬਲਕਿ ਇਹ ਵੀ ਯਕੀਨੀ ਬਣਾਏਗਾ ਕਿ ਸਿਖਲਾਈ ਪ੍ਰਾਪਤ ਵਿਦਿਆਰਥੀ ਨਾਮਵਰ ਕੰਪਨੀਆਂ ਵਿੱਚ ਸਨਮਾਨਜਨਕ ਨੌਕਰੀਆਂ ਪ੍ਰਾਪਤ ਕਰਨ। ਸਾਡਾ ਸੰਪੂਰਨ ਦ੍ਰਿਸ਼ਟੀਕੋਣ ਹੱਥੀਂ ਸਿਖਲਾਈ, ਸਲਾਹ ਅਤੇ ਨੌਕਰੀ ਦੀ ਤਿਆਰੀ ਨੂੰ ਜੋੜਕੇ, ਸਾਡੇ ਨੌਜਵਾਨਾਂ ਲਈ ਇੱਕ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਂਣਾ ਹੈ।

ਸ਼੍ਰੀ ਅਮਨ ਅਰੋੜਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਨਰ ਵਿਕਾਸ ਪੰਜਾਬ ਦੀ ਆਰਥਿਕ ਤਰੱਕੀ ਦਾ ਅਧਾਰ ਹੈ। ਇਹ ਵਰਲਡ ਸਕਿੱਲ ਸੈਂਟਰ ਆਫ਼ ਐਕਸੀਲੈਂਸ ਸਾਡੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਇਹ ਯਕੀਨੀ ਬਣਾਉਣ ਲਈ ਇੱਕ ਵੱਡਾ ਕਦਮ ਹੈ ਕਿ ਉਹ ਆਧੁਨਿਕ ਤਕਨਾਲੋਜੀਆਂ ਵਿੱਚ ਸਿਖਲਾਈ ਪ੍ਰਾਪਤ ਹੋਣ ਅਤੇ ਸਥਾਈ ਨੌਕਰੀ ਦੇ ਮੌਕਿਆਂ ਤੱਕ ਪਹੁੰਚ ਪ੍ਰਾਪਤ ਕਰਨ। ਇਸ ਲਈ ਪੰਜਾਬ ਸਰਕਾਰ ਅਜਿਹੀਆਂ ਪਹਿਲਕਦਮੀਆਂ ਦਾ ਪੂਰਾ ਸਮਰਥਨ ਕਰਦੀ ਹੈ ਜੋ ਇੱਕ ਹੁਨਰਮੰਦ ਅਤੇ ਸਸ਼ਕਤ ਪੰਜਾਬ ਵਿੱਚ ਯੋਗਦਾਨ ਪਾਉਂਦੀਆਂ ਹਨ।

# ਡੰਪਰ ਟਰੱਕ ਦੀ ਵੈਨ ਨਾਲ ਟੱਕਰ ਕਾਰਨ 5 ਦੀ ਮੌਤ, 20 ਜ਼ਖਮੀ

**ਭਿੰਡ (ਐਮਪੀ), 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ’ਚ ਮੰਗਲਵਾਰ ਸਵੇਰੇ ਡੰਪਰ ਟਰੱਕ ਨੇ ਇਕ ਵੈਨ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ 5 ਲੋਕਾਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖਮੀ ਹੋ ਗਏ। ਭਿੰਡ ਜ਼ਿਲ੍ਹੇ ਦੇ ਪੁਲੀਸ ਸੁਪਰਡੈਂਟ (ਐਸਪੀ) ਅਸਿਤ ਯਾਦਵ ਨੇ ਦੱਸਿਆ ਕਿ ਇਹ ਘਟਨਾ ਸਵੇਰੇ 5 ਵਜੇ ਜਵਾਹਰਪੁਰਾ ਪਿੰਡ ਨੇੜੇ ਵਾਪਰੀ ਜਦੋਂ ਲੋਕਾਂ ਦਾ ਇੱਕ ਸਮੂਹ ਇੱਕ ਵਿਆਹ ਸਮਾਗਮ ਤੋਂ ਵਾਪਸ ਆ ਰਿਹਾ ਸੀ। ਕੁਝ ਵਿਅਕਤੀ ਵੈਨ ਵਿੱਚ ਬੈਠੇ ਸਨ ਅਤੇ ਬਾਕੀ ਸੜਕ ’ਤੇ ਖੜ੍ਹੇ ਸਨ ਜਦੋਂ ਅਚਾਨਕ ਇੱਕ ਤੇਜ਼ ਰਫ਼ਤਾਰ ਡੰਪਰ ਟਰੱਕ ਨੇ ਉਨ੍ਹਾਂ ਨੂੰ ਅਤੇ ਗੱਡੀ ਨੂੰ ਟੱਕਰ ਮਾਰ ਦਿੱਤੀ। ਉਨ੍ਹਾਂ ਦੱਸਿਆ ਕਿ ਤਿੰਨ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦ ਕਿ ਦੋ ਹੋਰਾਂ ਨੇ ਬਾਅਦ ਵਿਚ ਦਮ ਤੋੜ ਦਿੱਤਾ। ਮ੍ਰਿਤਕਾਂ ਵਿਚ ਤਿੰਨ ਔਰਤਾਂ ਸਮੇਤ 5 ਵਿਅਕਤੀ ਸ਼ਾਮਲ ਹਨ। ਭਿੰਡ ਦੇ ਕੁਲੈਕਟਰ ਸੰਜੀਵ ਸ਼੍ਰੀਵਾਸਤਵ ਨੇ ਪੀਟੀਆਈ ਨੂੰ ਦੱਸਿਆ ਕਿ ਡੰਪਰ ਟਰੱਕ ਨੇ ਸ਼ਾਇਦ ਮੋਟਰਸਾਈਕਲ ਨੂੰ ਟੱਕਰ ਮਾਰਨ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਵੈਨ ਨੂੰ ਟੱਕਰ ਮਾਰ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ‘ਚੋਂ 12 ਨੂੰ ਇਲਾਜ ਲਈ ਗਵਾਲੀਅਰ ਰੈਫਰ ਕਰ ਦਿੱਤਾ ਗਿਆ, ਜਦਕਿ ਬਾਕੀਆਂ ਦਾ ਭਿੰਡ ਜ਼ਿਲਾ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਗੁੱਸੇ ‘ਚ ਆਏ ਸਥਾਨਕ ਲੋਕਾਂ ਨੇ ਸੜਕ ’ਤੇ ਚੱਕਾ ਜਾਮ ਕਰ ਦਿੱਤਾ ਅਤੇ ਅਧਿਕਾਰੀਆਂ ਵੱਲੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਜਾ ਰਹੀ ਸੀ।

# ਅਫਗਾਨਿਸਤਾਨ ਵਿੱਚ ਭੂਚਾਲ ਦੇ ਝਟਕੇ

**ਬਦਖਸ਼ਾਨ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਫਗਾਨਿਸਤਾਨ ਵਿੱਚ ਮੰਗਲਵਾਰ ਤੜਕੇ 4.3 ਦੀ ਸ਼ਿੱਦਤ ਵਾਲਾ ਭੂਚਾਲ ਮਹਿਸੂਸ ਕੀਤਾ ਗਿਆ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ (ਐਨਸੀਐਸ) ਦੇ ਅਨੁਸਾਰ ਭੂਚਾਲ 180 ਕਿਲੋਮੀਟਰ ਦੀ ਡੂੰਘਾਈ ’ਤੇ ਆਇਆ ਅਤੇ ਇਸ ਨੂੰ ਅਕਸ਼ਾਂਸ਼ 36.52 ਐਨ, ਲੰਬਕਾਰ 71.10 ਈ ’ਤੇ ਰਿਕਾਰਡ ਕੀਤਾ ਗਿਆ। ਭੂਚਾਲ ਭਾਰਤੀ ਸਮੇਂ ਅਨੁਸਾਰ ਸਵੇਰੇ 03:37 ਵਜੇ ਆਇਆ। ਪਿਛਲੇ ਤੀਹ ਦਿਨਾਂ ਵਿੱਚ ਅਫਗਾਨਿਸਤਾਨ ਵਿੱਚ 17 ਵਾਰ ਭੂਚਾਲ ਆ ਚੁੱਕੇ ਹਨ। ਮਨੁੱਖੀ ਮਾਮਲਿਆਂ ਦੇ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ (UNOCHA) ਦੇ ਅਨੁਸਾਰ ਅਫਗਾਨਿਸਤਾਨ ਨੂੰ ਅਕਸਰ ਮੌਸਮੀ ਹੜ੍ਹਾਂ, ਜ਼ਮੀਨ ਖਿਸਕਣ, ਭੂਚਾਲਾਂ ਅਤੇ ਕੁਦਰਤੀ ਆਫ਼ਤਾਂ ਦਾ ਸਾਹਮਣਾ ਪੈਂਦਾ ਹੈ। ਇਹ ਭੂਚਾਲ ਅਫਗਾਨਿਸਤਾਨ ਵਿਚ ਆਰਥਿਕ ਪੱਖੋ ਕਮਜੋਰ ਭਾਈਚਾਰਿਆਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ। ਇਥੇ ਵਿਚ ਜ਼ੋਰਦਾਰ ਭੂਚਾਲਾਂ ਦਾ ਇਤਿਹਾਸ ਰਿਹਾ ਹੈ, ਹਿੰਦੂ ਕੁਸ਼ ਪਰਬਤ ਲੜੀ ਭੂ-ਵਿਗਿਆਨਕ ਤੌਰ ’ਤੇ ਸਰਗਰਮ ਖੇਤਰ ਹੈ ਜਿੱਥੇ ਰੈੱਡ ਕਰਾਸ ਦੇ ਅਨੁਸਾਰ ਹਰ ਸਾਲ ਭੂਚਾਲ ਆਉਂਦੇ ਹਨ।

# ਸੂਬਾ ਸਰਕਾਰ ਆਮ ਲੋਕਾਂ ਨੂੰ ਸੁਚੱਜਾ ਪ੍ਰਸ਼ਾਸਨ ਦੇਣ ਲਈ ਵਚਨਬੱਧ ਤੇ ਯਤਨਸ਼ੀਲ : ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ



**ਬਠਿੰਡਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਨੂੰ ਸੁਚੱਜਾ ਪ੍ਰਸ਼ਾਸਨ ਦੇਣ ਲਈ ਹਮੇਸ਼ਾ ਹੀ ਵਚਨਬੱਧ ਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਥਾਨਕ ਸਰਕਾਰਾਂ ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਸਥਾਨਕ ਦਫਤਰ ਨਿਗਰ ਨਿਗਮ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ, ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ, ਐਸਐਸਪੀ ਮੈਡਮ ਅਮਨੀਤ ਕੌਂਡਲ, ਮੇਅਰ ਸ੍ਰੀ ਪਦਮਜੀਤ ਮਹਿਤਾ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ।

ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸ਼ਹਿਰ ਅੰਦਰ ਸਾਫ-ਸਫਾਈ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਨੂੰ ਤਰਜੀਹ ਦਿੱਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਜ਼ਿਲ੍ਹੇ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਦੀਆਂ ਸਫਾਈ, ਸੀਵਰੇਜ, ਜਲ ਸਪਲਾਈ, ਸਟਰੀਟ ਲਾਈਟਾਂ ਆਦਿ ਨਾਲ ਸਬੰਧਤ ਸਮੱਸਿਆਵਾਂ ਦੇ ਨਿਪਟਾਰੇ ਲਈ ਆਦੇਸ਼ ਵੀ ਦਿੱਤੇ।

ਸ਼ਹਿਰ ਅੰਦਰ ਕੂੜਾ ਪ੍ਰਬੰਧਨ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲੈਂਦਿਆਂ ਡਾ. ਰਵਜੋਤ ਸਿੰਘ ਨੇ ਕੂੜੇ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਵਾਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਘਰਾਂ ਵਿੱਚੋਂ ਕੂੜਾ ਇਕੱਠਾ ਕਰਨ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਤੋਂ ਇਲਾਵਾ ਸੜਕਾਂ ਤੇ ਸ਼ਹਿਰ ਅੰਦਰ ਪਾਰਕਾਂ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ।

# ਪੰਜਾਬ ਸਰਕਾਰ ਨੇ ਮਿਸ਼ਨ ਜੀਵਨਜੋਤ ਅਤੇ ਬੇਸਹਾਰਾ ਬੱਚਿਆਂ ਲਈ 15.95 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਮਿਸ਼ਨ ਜੀਵਨਜੋਤ ਅਤੇ ਬੇਸਹਾਰਾ ਬੱਚਿਆਂ ਲਈ ਚਾਲੂ ਸਾਲ 2024-25 ਤਹਿਤ 15.95 ਕਰੋੜ ਰੁਪਏ ਜਾਰੀ ਕੀਤੇ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਉਣ ਲਈ 08 ਜੁਲਾਈ 2024 ਤੋਂ ਜੀਵਨਜੋਤ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਪ੍ਰੋਜੈਕਟ ਨੂੰ ਜਿਲ੍ਹਾ ਪੱਧਰੀ ਟਾਸਕ ਫੋਰਸ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਭੀਖ ਮੰਗਣ ਵਿੱਚ ਸ਼ਾਮਲ ਬੱਚਿਆਂ ਨੂੰ ਬਚਾਉਣਾ, ਮੁੜ ਵਸੇਬੇ ਅਤੇ ਪੁਨਰਗਠਨ ਕਰਨਾ ਹੈ।



ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਬਾਲ ਭੀਖ ਵਿੱਚ ਸ਼ਾਮਲ ਬੱਚਿਆਂ ਦੇ ਬਚਪਨ ਨੂੰ ਸੁਰੱਖਿਅਤ ਕਰਨ ਲਈ ਪ੍ਰੋਜੈਕਟ ਜੀਵਨਜੋਤ ਮੁਹਿੰਮ ਚਲਾਈ ਜਾ ਰਹੀ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਮੁਹਿੰਮ ਦੌਰਾਨ ਮਹੀਨਾ ਜੁਲਾਈ ਤੋਂ ਹੁਣ ਤੱਕ 268 ਬੱਚੇ ਭੀਖ ਮੰਗਣ ਤੋਂ ਬਚਾਏ ਗਏ ਹਨ।

ਪੰਜਾਬ ਸਰਕਾਰ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ ਐਕਟ 2015 ਅਧੀਨ ਰਾਜ ਵਿੱਚ 07 ਸਰਕਾਰੀ ਚਿਲਡਰਨ ਹੋਮ ਅਤੇ 39 ਗੈਰ ਸਰਕਾਰੀ ਹੋਮ ਰਜਿਸਟਰਡ ਕੀਤੇ ਹੋਏ ਹਨ, ਜਿਨਾਂ ਵਿੱਚ ਅਨਾਥ, ਬੇਸਾਹਾਰਾ ਅਤੇ ਸਪੁਰਧ ਕੀਤੇ ਬੱਚਿਆਂ ਨੂੰ ਰੱਖਣ ਦਾ ਉਪਬੰਧ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਅਤੇ ਮਲੇਰਕੋਟਲਾ ਵਿੱਚ ਸਰਕਾਰ ਜਲਦ ਹੀ ਬੇਸਹਾਰਾ ਬੱਚਿਆਂ ਲਈ 2 ਨਵੇਂ ਹੋਮ ਬਣਾਉਣ ਜਾ ਰਹੀ ਹੈ।

ਮੰਤਰੀ ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭੀਖ ਮੰਗ ਰਹੇ ਬੱਚਿਆਂ ਅਤੇ ਕਿਰਤ ਮਜਦੂਰੀ ਕਰ ਰਹੇ ਬੱਚਿਆਂ ਦੇ ਸੋਸ਼ਣ ਸਬੰਧੀ ਜਾਣਕਾਰੀ ਆਪਣੇ ਜ਼ਿਲ੍ਹੇ ਦੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਅਤੇ ਵਿਭਾਗ ਵੱਲੋਂ ਚਲਾਈ ਜਾ ਰਹੀ ਚਾਇਲਡ ਹੈਲਪਲਾਇਨ ਨੰਬਰ 1098 ਰਾਹੀਂ ਦਿੱਤੀ ਜਾ ਸਕਦੀ ਹੈ। ਵਿਭਾਗ ਵੱਲੋਂ ਬਾਲ ਅਧਿਕਾਰਾਂ ਅਤੇ ਰੱਖਿਆ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਲਈ ਵਚਨਬੱਧ ਹੈ।

# ਹਰਪਾਲ ਸਿੰਘ ਚੀਮਾ ਵੱਲੋਂ ਪਾਰਦਰਸ਼ਤਾ, ਕਾਰਜ਼ਕੁਸ਼ਲਤਾ ਵਧਾਉਣ ਅਤੇ ਪੈਨਸ਼ਨਰਾਂ ਦੀ ਸਹੂਲਤ ਲਈ ਆਈ.ਟੀ. ਅਧਾਰਤ ਵਿੱਤੀ ਮਾਡਿਊਲਾਂ ਦਾ ਉਦਘਾਟਨ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਡਿਜੀਟਲ ਟਰਾਂਸਫਰਮੇਸ਼ਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਅੱਜ ਇਥੇ ਤਿੰਨ ਮਹੱਤਵਪੂਰਨ ਆਈ.ਟੀ. ਅਧਾਰਿਤ ਵਿੱਤੀ ਮਾਡਿਊਲਾਂ ਦਾ ਉਦਘਾਟਨ ਕੀਤਾ, ਜਿਸਦਾ ਉਦੇਸ਼ ਸੂਬੇ ਵਿੱਚ ਵਿੱਤੀ ਪਾਰਦਰਸ਼ਤਾ ਅਤੇ ਕੁਸ਼ਲਤਾ ਨੂੰ ਵਧਾਉਣ ਦੇ ਨਾਲ-ਨਾਲ ਪੈਨਸ਼ਨਰਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ।

ਪੈਨਸ਼ਨਰ ਸੇਵਾ ਪੋਰਟਲ (ਪੀਐਸਪੀ) ਦਾ ਉਦਘਾਟਨ ਕਰਦਿਆਂ ਵਿੱਤ ਮੰਤਰੀ ਨੇ ਪੰਜਾਬ ਸਰਕਾਰ ਦੀ ਆਪਣੇ ਪੈਨਸ਼ਨਰਾਂ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਜਾਹਰ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਡਿਜੀਟਲ ਪਲੇਟਫਾਰਮ ਪੈਨਸ਼ਨ ਨਾਲ ਸਬੰਧਤ ਸੇਵਾਵਾਂ ਲਈ ਤਿਆਰ ਕੀਤਾ ਗਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪੋਰਟਲ ਖ਼ਜ਼ਾਨੇ ਤੋਂ ਬੈਂਕਾਂ ਤੱਕ ਪੈਨਸ਼ਨ ਅਦਾਇਗੀ ਦੇ ਕੇਸਾਂ ਦੀ ਨਿਰਵਿਘਨ ਪ੍ਰਕਿਰਿਆ ਦੀ ਸਹੂਲਤ ਦੇਵੇਗਾ, ਪੈਨਸ਼ਨ ਅਦਾਇਗੀਆਂ ਵਿੱਚ ਦੇਰੀ ਨੂੰ ਘਟਾਏਗਾ, ਰੀਅਲ-ਟਾਈਮ ਕੇਸ ਟ੍ਰੈਕਿੰਗ ਅਤੇ ਸ਼ਿਕਾਇਤਾਂ ਨੂੰ ਸੁਚਾਰੂ ਢੰਗ ਨਾਲ ਨਿਪਟਾਉਣ ਨੂੰ ਯਕੀਨੀ ਬਣਾਏਗਾ।



ਵਿੱਤ ਮੰਤਰੀ ਚੀਮਾ ਨੇ ਗੈਰ-ਖਜ਼ਾਨਾ ਏਕੀਕ੍ਰਿਤ ਵਿੱਤੀ ਪ੍ਰਬੰਧਨ ਸਿਸਟਮ (ਐਨ.ਟੀ.-ਆਈ.ਐਫ.ਐਮ.ਐਸ) ਦਾ ਵੀ ਉਦਘਾਟਨ ਕੀਤਾ, ਜੋ ਕਿ ਜੰਗਲਾਤ ਅਤੇ ਵਰਕਸ ਵਿਭਾਗਾਂ ਦੁਆਰਾ ਪ੍ਰਬੰਧਿਤ ਜਮ੍ਹਾ ਕੰਮਾਂ ਦੀ ਲੇਖਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਇੱਕ ਮੋਹਰੀ ਗੈਰ-ਖਜ਼ਾਨਾ ਲੇਖਾ ਪ੍ਰਣਾਲੀ ਹੈ। ਉਨ੍ਹਾਂ ਐਨ.ਟੀ.-ਆਈ.ਐਫ.ਐਮ.ਐਸ ਦੇ ਫਾਇਦਿਆਂ ਦੀ ਰੂਪ ਰੇਖਾ ਦੱਸਦਿਆਂ ਕਿਹਾ ਕਿ ਇਹ ਮਾਡਿਊਲ ਨੂੰ ਖਜ਼ਾਨੇ ਰਾਹੀਂ ਨਾ ਹੋਣ ਵਾਲੇ ਖਰਚਿਆਂ ਅਤੇ ਪ੍ਰਾਪਤੀਆਂ ਲਈ ਤਿਆਰ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਹ ਮੋਡੀਊਲ ਪਾਰਦਰਸ਼ਤਾ, ਮਹੀਨਾਵਾਰ ਖਾਤਿਆਂ ਨੂੰ ਏਜੀ ਦਫ਼ਤਰ ਵਿਖੇ ਪੇਸ਼ ਕਰਨ ਅਤੇ ਕੰਪਾਈਲੇਸ਼ਨ ਨੂੰ ਯਕੀਨੀ ਬਣਾਉਂਦੇ ਹੋਏ ਸਬ-ਮੌਡਿਊਲਾਂ ਜਿਵੇਂ ਕਿ ਐਨ.ਟੀ.-ਐਮ.ਆਈ.ਐਸ, ਐਨ.ਟੀ.-ਅਕਾਊਂਟਿੰਗ, ਐਨ.ਟੀ-ਬਿਲਿੰਗ, ਅਤੇ ਐਨ.ਟੀ-ਰਸੀਦ ਦੁਆਰਾ ਸਹੀ ਰਿਪੋਰਟਿੰਗ ਨਾਲ ਬਿਹਤਰ ਫੈਸਲੇ ਲੈਣ ਵਿੱਚ ਸੁਧਾਰ ਕਰੇਗਾ।

ਐਸ.ਐਨ.ਏ- ਸਪਰਸ਼, ਕੇਂਦਰੀ ਸਪਾਂਸਰਡ ਸਕੀਮਾਂ ਲਈ ਇੱਕ ਨਵੀਂ ਫੰਡ ਪ੍ਰਵਾਹ ਵਿਧੀ ਦਾ ਉਦਘਾਟਨ ਕਰਦੇ ਹੋਏ, ਜਿਸ ਵਿੱਚ ਐਫ.ਐਮ.ਐਸ, ਸਟੇਟ ਆਈ.ਐਫ.ਐਮ.ਐਸ, ਅਤੇ ਆਰ.ਬੀ.ਆਈ ਦੇ ਈ-ਕੁਬੇਰ ਸਿਸਟਮ ਦੇ ਏਕੀਕ੍ਰਿਤ ਢਾਂਚੇ ਰਾਹੀਂ ਲਾਭਪਾਤਰੀਆਂ ਨੂੰ ਰੀਅਲ-ਟਾਈਮ ਫੰਡ ਟ੍ਰਾਂਸਫਰ ਕਰਨਾ ਸ਼ਾਮਲ ਹੈ, ਵਿੱਤ ਮੰਤਰੀ ਨੇ ਕਿਹਾ ਕਿ ਇਹ ਵਿਧੀ ਬੈਂਕ ਖਾਤਿਆਂ ਵਿੱਚ ਸਟੇਟ ਫੰਡਾਂ ਦੀ ਪਾਰਕਿੰਗ ਨੂੰ ਰੋਕੇਗਾ, ਕਰਜੇ ‘ਤੇ ਫਲੋਟ ਦੀ ਲਾਗਤ ਨੂੰ ਘਟਾਏਗਾ ਅਤੇ ਰਾਜ ਪੱਧਰ ‘ਤੇ ਨਕਦ ਪ੍ਰਬੰਧਨ ਦੀ ਕੁਸ਼ਲਤਾ ਵਿੱਚ ਸੁਧਾਰ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਕਤੂਬਰ 2024 ਵਿੱਚ ਐਸ.ਐਨ.ਏ- ਸਪਰਸ਼ ਲਾਗੂ ਕਰਨ ਲਈ ਚੁਣੇ ਗਏ ਰਾਜਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਰਣਨੀਤਕ ਯਤਨਾਂ ਰਾਹੀਂ ਵਿੱਤ ਵਿਭਾਗ ਨੇ 31 ਜਨਵਰੀ, 2025 ਤੱਕ ਸਫਲਤਾਪੂਰਵਕ 09 ਕੇਂਦਰੀ ਸਪਾਂਸਰਡ ਸਕੀਮਾਂ ਨੂੰ ਸਫਲਤਾਪੂਰਵਕ ਆਨਬੋਰਡ ਕੀਤਾ ਹੈ, ਜਿਸ ਨਾਲ ਰਾਜ ਭਾਰਤ ਸਰਕਾਰ ਤੋਂ 400 ਕਰੋੜ ਰੁਪਏ ਦੀ ਪ੍ਰੋਤਸਾਹਨ ਰਕਮ ਪ੍ਰਾਪਤ ਕਰਨ ਦਾ ਦਾਵੇਦਾਰ ਬਣ ਸਕਿਆ ਹੈ।

ਸਮਾਗਮ ਦੇ ਅੰਤ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖਜ਼ਾਨਾ ਅਤੇ ਲੇਖਾ, ਐਨ.ਆਈ.ਸੀ, ਅਤੇ ਪੀ.ਐਮ.ਐਫ.ਐਸ ਟੀਮ ਦੇ ਸਬੰਧਤ ਅਧਿਕਾਰੀਆਂ ਨੂੰ ਇਹਨਾਂ ਮਹੱਤਵਪੂਰਨ ਮੀਲ ਪੱਥਰਾਂ ਨੂੰ ਪ੍ਰਾਪਤ ਕਰਨ ਲਈ ਅਣਥੱਕ ਯਤਨਾਂ ਵਾਸਤੇ ਪ੍ਰਸ਼ੰਸਾ ਕਰਦਿਆਂ ਤਹਿ ਦਿਲੋਂ ਵਧਾਈ ਦਿੱਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਵਿੱਤ ਅਜੋਏ ਕੁਮਾਰ ਸਿਨਹਾ, ਸਕੱਤਰ ਖਰਚਾ ਵਿਜੇ ਨਾਮਦੇਓਰਾਓ ਜ਼ਾਦੇ, ਡਾਇਰੈਕਟਰ ਖਜ਼ਾਨਾ ਤੇ ਲੇਖਾ ਮੁਹੰਮਦ ਤਇਅਬ, ਡਿਪਟੀ ਅਕਾਊਂਟੈਂਟ ਜਨਰਲ ਰਵੀ ਨੰਦਨ ਗਰਗ, ਡਿਪਟੀ ਅਕਾਊਂਟੈਂਟ ਜਨਰਲ ਮਨੀਸ਼ਾ ਤੂਰ, ਐਡੀਸ਼ਨਲ ਡਾਇਰੈਕਟਰ ਟੀ ਐਂਡ ਏ ਸਿਮਰਜੀਤ ਕੌਰ ਅਤੇ ਰਿਜਨਲ ਡਾਇਰੈਕਟਰ ਆਰਬੀਆਈ ਵਿਵੇਕ ਸ੍ਰੀਵਾਸਤਵ ਵੀ ਮੌਜੂਦ ਸਨ।

# ਟੀਚਾਬੱਧ ਮੁਹਿੰਮ ਸਦਕਾ ਪੰਜਾਬ ਦਾ ਜੀਐਸਟੀ ਅਧਾਰ ਵਧਿਆ: ਦੋ ਸਾਲਾਂ ਵਿੱਚ 79,000 ਤੋਂ ਵੱਧ ਨਵੇਂ ਟੈਕਸਦਾਤਾ ਹੋਏ ਸ਼ਾਮਲ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਆਧਾਰ ਨੂੰ ਵਿਸ਼ਾਲ ਕਰਨ ਲਈ ਟੀਚਾਬੱਧ ਜੀਐਸਟੀ ਰਜਿਸਟ੍ਰੇਸ਼ਨ ਮੁਹਿੰਮ ਚਲਾਏ ਜਾਣ ਦੇ ਨਤੀਜੇ ਵਜੋਂ ਸਾਲ 2023-24 ਵਿੱਚ 46,338 ਅਤੇ ਦਸੰਬਰ 2024 ਤੱਕ ਲਗਭਗ 33000 ਨਵੇਂ ਟੈਕਸਦਾਤਾ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਟੈਕਸਦਾਤਾਵਾਂ ਨੂੰ ਟੈਕਸ ਫਾਈਲਿੰਗ ਪ੍ਰਕਿਰਿਆਵਾਂ, ਆਈਟੀਸੀ ਦਾਅਵਿਆਂ ਅਤੇ ਕਰਪਾਲਣਾ ਲਾਭਾਂ ਬਾਰੇ ਜਾਗਰੂਕ ਕਰਨ ਲਈ ਇੱਕ ਰਾਜ ਵਿਆਪੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਰਾਜ ਦੇ ਜੀਐਸਟੀ ਵਿਭਾਗ ਨੇ ਜਨਵਰੀ 2025 ਵਿੱਚ ਇੱਕ ਹੋਰ ਜੀਐਸਟੀਆਰ ਰਜਿਸਟ੍ਰੇਸ਼ਨ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਤਹਿਤ ਲਗਭਗ 48,000 ਨਵੇਂ ਡੀਲਰਾਂ ਦਾ ਦੌਰਾ ਕੀਤਾ ਗਿਆ ਅਤੇ ਪੰਜਾਬ ਭਰ ਵਿੱਚ ਲਗਭਗ 10,500 ਯੋਗ ਡੀਲਰਾਂ ਨੂੰ ਸਫਲਤਾਪੂਰਵਕ ਰਜਿਸਟਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਮੁਹਿੰਮ ਦੌਰਾਨ ਵੱਧ ਤੋਂ ਵੱਧ ਟੈਕਸਦਾਤਾਵਾਂ ਨੂੰ ਸ਼ਾਮਿਲ ਕਰਨ ਲਈ ਜਾਗਰੂਕਤਾ ਕੈਂਪ, ਮਾਰਕੀਟ ਅਤੇ ਉਦਯੋਗ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਅਤੇ ਚਾਰਟਰਡ ਅਕਾਊਂਟੈਂਟਸ (ਸੀਏ), ਐਡਵੋਕੇਟ ਅਤੇ ਅਕਾਊਂਟੈਂਟਸ ਵਰਗੇ ਪੇਸ਼ੇਵਰਾਂ ਨਾਲ ਗੱਲਬਾਤ ਆਦਿ ਵੱਖ-ਵੱਖ ਭਾਈਚਾਰਕ ਸ਼ਮੂਲੀਅਤ ਵਾਲੇ ਤਰੀਕਿਆਂ ਦੀ ਵਰਤੋਂ ਕੀਤੀ ਗਈ।

ਖਪਤਕਾਰਾਂ ਵਿੱਚ ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਪਹਿਲਕਦਮੀਆਂ ਦਾ ਜਿਕਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਨੇ ÷ਬਿਲ ਲਿਆਓ ਇਨਾਮ ਪਾਓ ਸਕੀਮ÷ ਜਾਰੀ ਕਰਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਵਿੱਚ ਜਾਗਰੂਕਤਾ ਫੈਲਾਉਣ ਲਈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਲਈ ਪਹਿਲਕਦਮੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਜਿੱਥੇ ਕਰ ਪਾਲਣਾ ਨਾ ਕਰਨ ਵਾਲੇ ਵਪਾਰੀਆਂ ਨੂੰ 8.15 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਉਥੇ ‘ਮੇਰਾ ਬਿੱਲ’ ਐਪ ਰਾਹੀਂ ਬਿੱਲ ਅਪਲੋਡ ਕਰਨ ਵਾਲੇ 4,106 ਖਪਤਕਾਰਾਂ ਨੇ ਕੁੱਲ 2.45 ਕਰੋੜ ਰੁਪਏ ਦੇ ਇਨਾਮ ਜਿੱਤੇ।

ਵਿੱਤ ਮੰਤਰੀ ਨੇ ਕਿਹਾ , ਰਜਿਸਟਰਡ ਡੀਲਰਾਂ ਤੋਂ ਟੈਕਸ ਮਾਲੀਆ ਵਧਾਉਣ ਲਈ ਵਿਭਾਗ ਨੇ ਦਰੁਸਤ ਜੀ.ਐਸ.ਟੀ ਫਾਈਲਿੰਗ ਅਤੇ ਕਰਪਾਲਣਾ ਨੂੰ ਯਕੀਨੀ ਬਣਾਇਆ ਜਿਸ ਸਦਕਾ 93 ਫੀਸਦੀ ਰਜਿਸਟਰਡ ਟੈਕਸਦਾਤਾ ਲਗਾਤਾਰ ਸਮੇਂ @ਤੇ ਰਿਟਰਨ ਭਰ ਰਹੇ। ਵਿਭਾਗ ਵੱਲੋਂ ਐਡਵਾਂਸਡ ਡਾਟਾ ਐਨਾਲਿਟਿਕ ਟੂਲਜ਼ ਨੂੰ ਏਕੀਕ੍ਰਿਤ ਕਰਨ ਲਈ ਆਈ.ਆਈ.ਟੀ ਹੈਦਰਾਬਾਦ ਦੇ ਨਾਲ ਸਹਿਯੋਗ ਕਰਨ ਤੋਂ ਇਲਾਵਾ ਮਾਲੀਆ ਲੀਕੇਜ ਨੂੰ ਰੋਕਣ ਲਈ ਨਿਰਣਾਇਕ ਅਤੇ ਜਾਂਚ ਮਾਡਿਊਲ ਲਾਗੂ ਕੀਤੇ ਅਤੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਜੁਰਮਾਨੇ ਕੀਤੇ ਗਏ।

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਕਰ ਮਾਲੀਏ ਵਿੱਚ ਸੁਧਾਰ, ਟੈਕਸ ਚੋਰੀ ਨੂੰ ਘਟਾਉਣ ਅਤੇ ਨਿਰਪੱਖ ਟੈਕਸ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਜੀਐਸਟੀ ਟੈਕਸ ਅਧਾਰ ਦਾ ਵਿਸਥਾਰ ਕਰਨਾ ਬਹੁਤ ਜ਼ਰੂਰੀ ਹੈ।

# ਫਾਜ਼ਿਲਕਾ ਸਿਵਲ ਹਸਪਤਾਲ ਦੇ ਅਕਾਊਂਟੈਂਟ ਨੂੰ ਅਦਾਲਤ ਨੇ ਦਿੱਤੀ ਸਖ਼ਤ ਸਜ਼ਾ

**ਏਜੰਸੀਆਂ**

ਫਾਜ਼ਿਲਕਾ 19 ਫਰਵਰੀ। ਸਿਵਲ ਹਸਪਤਾਲ ਫਾਜ਼ਿਲਕਾ ਦੇ ਲੇਖਾਕਾਰ (ਅਕਾਊਂਟੈਂਟ) ਨੂੰ ਕਰੀਬ 3 ਸਾਲ ਪੁਰਾਣੇ ਰਿਸ਼ਵਤਖੋਰੀ ਦੇ ਮਾਮਲੇ 'ਚ ਮੁਲਜ਼ਮ ਠਹਿਰਾਇਆ ਗਿਆ ਹੈ। ਐਡੀਸ਼ਨਲ ਸੈਸ਼ਨ ਜੱਜ



ਫਾਜ਼ਿਲਕਾ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਉਸ ਨੂੰ 5 ਸਾਲ ਦੀ ਕੈਦ ਅਤੇ 25,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੱਸਣਯੋਗ ਹੈ ਕਿ ਸਿਵਲ ਹਸਪਤਾਲ ਫਾਜ਼ਿਲਕਾ ਦੇ ਸਾਬਕਾ ਲੇਖਾਕਾਰ ਧਰਮਵੀਰ ਖ਼?ਲਾਫ਼ 29 ਅਪ੍ਰੈਲ 2022 ਨੂੰ ਪੁਲਸ ਥਾਣਾ ਵਿਜੀਲੈਂਸ ਬਿਊਰੋ, ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਦਰਜ ਕੀਤੇ ਗਏ ਮਾਮਲੇ ਦੇ ਅਨੁਸਾਰ ਸ਼ਿਕਾਇਤਕਰਤਾ ਸਿਵਲ ਹਸਪਤਾਲ ਫਾਜ਼ਿਲਕਾ 'ਚ ਕੰਟੀਨ ਚਲਾਉਂਦਾ ਸੀ। ਸਰਕਾਰ ਦੇ ਨੈਸ਼ਨਲ ਹੈਲਥ ਮਿਸ਼ਨ ਤਹਿਤ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਜਣੇਪੇ ਲਈ ਆਉਣ ਵਾਲੀਆਂ ਗਰਭਵਤੀ ਔਰਤਾਂ ਨੂੰ ਮੁਫ਼ਤ ਖ਼ੁਰਾਕ ਦਿੱਤੀ ਜਾਂਦੀ ਹੈ। ਜਣਨੀ ਸੁਰੱਖਿਆ ਸੇਵਾ ਪ੍ਰੋਗਰਾਮ ਯੋਜਨਾ ਦੇ ਤਹਿਤ ਸ਼ਿਕਾਇਤਕਰਤਾ ਦੀ ਕੰਟੀਨ ਤੋਂ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਜਣੇਪੇ ਲਈ ਆਉਣ ਵਾਲੀਆਂ ਗਰਭਵਤੀ ਔਰਤਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਇਆ ਜਾਂਦਾ ਸੀ। ਮੁਲਜ਼ਮ ਲੇਖਾਕਾਰ ਨੇ ਸ਼ਿਕਾਇਤਕਰਤਾ ਕੰਟੀਨ ਸੰਚਾਲਕ ਤੋਂ ਖ਼ੁਰਾਕ ਨਾਲ ਸਬੰਧਿਤ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਰਿਸ਼ਵਤ ਦੀ ਮੰਗ ਕੀਤੀ। ਇਸ 'ਤੇ ਸ਼ਿਕਾਇਤਕਰਤਾ ਨੇ ਇਸ ਸਬੰਧੀ ਵਿਜੀਲੈਂਸ ਬਿਊਰੋ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਵਿਜੀਲੈਂਸ ਨੇ ਦੋਸ਼ੀ ਲੇਖਾਕਾਰ ਨੂੰ ਫੜ੍ਹਨ ਦੀ ਯੋਜਨਾ ਬਣਾਈ ਅਤੇ ਉਸਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ੍ਹ ਲਿਆ ਗਿਆ। ਸਰਕਾਰੀ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਮੁਲਜ਼ਮ ਖ਼?ਲਾਫ਼ ਦੋਸ਼ਾਂ ਨੂੰ ਸਹੀ ਪਾਇਆ ਅਤੇ ਉਸ ਨੂੰ ਮੁਲਜ਼ਮ ਠਹਿਰਾਉਂਦੇ ਹੋਏ 5 ਸਾਲ ਦੀ ਕੈਦ ਅਤੇ 25,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਅਦਾਲਤ ਨੇ ਇਹ ਵੀ ਕਿਹਾ ਕਿ ਜੁਰਮਾਨਾ ਨਾ ਭਰਨ ਦੀ ਸੂਰਤ 'ਚ ਮੁਲਜ਼ਮ ਨੂੰ 6 ਮਹੀਨੇ ਦੀ ਵਾਧੂ ਕੈਦ ਕੱਟਣੀ ਪਵੇਗੀ।

# ਐਕਸ਼ਨ ਮੋਡ 'ਚ ਕੈਬਨਿਟ ਮੰਤਰੀ ਰਵਜੋਤ ਸਿੰਘ, ਅਫਸਰਾਂ-ਅਧਿਕਾਰੀਆਂ ਨੂੰ ਦਿੱਤੇ ਸਖਤ ਹੁਕਮ

**ਸਰਦੂਲ ਸਿੰਘ**

ਜਲੰਧਰ 19 ਫਰਵਰੀ। ਨਗਰ ਨਿਗਮ ਚੋਣਾਂ ਤੋਂ ਬਾਅਦ ਕੈਬਨਿਟ ਮੰਤਰੀ ਰਵਜੋਤ ਸਿੰਘ ਅੱਜ ਜਲੰਧਰ ਪਹੁੰਚੇ। ਇਸ ਦੌਰਾਨ, ਉਨ੍ਹਾਂ ਨੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਸਮੇਤ ਕੌਂਸਲਰਾਂ ਨਾਲ ਮੀਟਿੰਗ ਕੀਤੀ। ਜਿੱਥੇ ਅੱਜ ਕੈਬਨਿਟ ਮੰਤਰੀ ਐਕਸ਼ਨ ਮੋਡ ਵਿੱਚ ਨਜ਼ਰ ਆਏ। ਦਰਅਸਲ, ਅੱਜ ਦੀ ਮੀਟਿੰਗ ਵਿੱਚ ਕੌਂਸਲਰਾਂ ਨੂੰ 6 ਮਹੀਨਿਆਂ ਦੇ ਅੰਦਰ-ਅੰਦਰ ਆਪਣੇ-ਆਪਣੇ ਵਾਰਡਾਂ ਵਿੱਚ ਦਫ਼ਤਰ ਖੋਲ੍ਹਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਮੰਤਰੀ ਰਵਜੋਤ ਸਿੰਘ ਨੇ ਦਫ਼ਤਰਾਂ ਦੇ ਖੁੱਲ੍ਹਣ ਦਾ ਸਮਾਂ ਵੀ ਤੈਅ ਕਰ ਦਿੱਤਾ ਹੈ। ਹੁਕਮਾਂ ਅਨੁਸਾਰ ਹਰੇਕ ਵਾਰਡ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਦਫ਼ਤਰ ਖੋਲ੍ਹਿਆ ਜਾਵੇਗਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵਾਰਡ ਵਿੱਚ ਦਫ਼ਤਰਾਂ ਦੀ ਅਚਨਚੇਤ ਜਾਂਚ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਦਫ਼ਤਰ ਨਾ ਖੋਲ੍ਹਣ 'ਤੇ ਕੌਂਸਲਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਸਫ਼ਾਈ ਅਤੇ ਹੋਰ ਕੰਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਮੀਖਿਆ ਮੀਟਿੰਗ ਦੌਰਾਨ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚ ਪਹਿਲੀਆਂ 5 ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ ਗਏ। ਆਵਾਰਾ ਕੁੱਤਿਆਂ ਦੀ ਸਭ ਤੋਂ ਵੱਡੀ ਸਮੱਸਿਆ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਸਦਾ ਡਾਟਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਚੁੱਕਣ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਸਬੰਧੀ ਇਲਾਕੇ ਦੇ ਕੌਂਸਲਰਾਂ ਨੂੰ ਆਪਣੇ



ਇਲਾਕੇ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਇਸ ਮਾਮਲੇ ਵਿੱਚ ਕੌਂਸਲਰ ਵੱਲੋਂ ਪਾਲੇ ਗਏ ਕੁੱਤਿਆਂ ਸੰਬੰਧੀ ਦਸਤਾਵੇਜ਼ਾਂ ਦੀ ਗਿਣਤੀ ਅਤੇ ਦਸਤਖਤ ਕਰਨੇ ਜ਼ਰੂਰੀ ਹੋਣਗੇ। ਇਸ ਦੌਰਾਨ ਕੈਬਨਿਟ ਮੰਤਰੀ ਨੇ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਯਾਤਰੀਆਂ ਦੀਆਂ ਪੱਗਾਂ ਉਤਾਰਨ ਦੀ ਨਿੰਦਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਯਾਤਰੀਆਂ ਨੂੰ ਦੁਬਾਰਾ ਹੱਥਕੜੀ ਲਗਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਹੁਣ ਯਾਤਰੀਆਂ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਮੌਜੂਦਗੀ ਵਿੱਚ ਹੱਥਕੜੀਆਂ ਲਗਾ ਕੇ ਵਾਪਸ ਭੇਜ ਦਿੱਤਾ ਗਿਆ, ਜੋ ਕਿ ਨਿੰਦਣਯੋਗ ਹੈ। ਪੱਛਮੀ ਹਲਕੇ ਦੇ ਇੱਕ ਆਗੂ ਵੱਲੋਂ ਲਗਾਏ ਗਏ ਸਮਾਰਟ ਸਿਟੀ ਘੁਟਾਲੇ ਦੇ ਦੋਸ਼ਾਂ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਟਰੈਵਲ ਏਜੰਟਾਂ ਵੱਲੋਂ ਯਾਤਰੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਭੇਜਣ ਦੇ ਮਾਮਲੇ ਵਿੱਚ, ਸਰਕਾਰ ਵੱਲੋਂ ਉਕਤ ਏਜੰਟਾਂ ਲਈ ਐੱਸਆਈਟੀ ਦਾ ਗਠਨ ਕੀਤਾ ਗਿਆ ਹੈ। ਇਸ ਸਮੇਂ ਦੌਰਾਨ, ਏਜੰਟਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ, ਜਦੋਂ ਕਿ ਜਲਦੀ ਹੀ ਅਜਿਹੇ ਹੋਰ ਏਜੰਟਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। 2 ਸਾਲ ਪਹਿਲਾਂ ਗੈਰ-ਕਾਨੂੰਨੀ ਉਸਾਰੀ ਸਬੰਧੀ ਨੋਟਿਸ ਜਾਰੀ ਕਰਕੇ ਐੱਫਆਈਆਰ ਦਰਜ ਕੀਤੀ ਗਈ ਸੀ, ਪਰ ਇਸ 'ਤੇ ਕੋਈ ਕਾਰਵਾਈ ਨਾ ਹੋਣ 'ਤੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਮਾਮਲਾ ਅੱਜ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਇਸ 'ਤੇ ਜਲਦੀ ਹੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਦੀ ਪੰਥਕ ਸਿਆਸਤ 'ਚ ਭੂਚਾਲ, ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਤੋਂ ਬਾਅਦ ਇਕ ਹੋਰ ਧਮਾਕਾ

ਪਟਿਆਲਾ 19 ਫਰਵਰੀ। ਪੰਜਾਬ ਦੀ ਪੰਥਕ ਸਿਆਸਤ ਵਿਚ ਆਇਆ ਭੂਚਾਲ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਹਰਜਿੰਦਰ ਸਿੰਘ ਧਾਮੀ ਵਲੋਂ ਐੱਸ. ਜੀ. ਪੀ. ਸੀ. ਦੀ ਪ੍ਰਧਾਨਗੀ ਅਤੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਅਸਤੀਫਾ ਦੇਣ ਤੋਂ ਬਾਅਦ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਕਿਰਪਾਲ ਸਿੰਘ ਬਡੂੰਗਰ ਨੇ ਵੀ ਫਾਰਗ ਕੀਤੇ ਜਾਣ ਦੀ ਗੱਲ ਆਖੀ ਹੈ। ਕਿਰਪਾਲ ਸਿੰਘ ਬਡੂੰਗਰ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿਖ ਕੇ ਆਖਿਆ ਹੈ ਕਿ ਮੈਨੂੰ ਸੱਤ ਮੈਂਬਰੀ ਕਮੇਟੀ ਤੋਂ ਫਾਰਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ 7 ਮੈਂਬਰੀ ਕਮੇਟੀ ਦੀਆਂ ਦੋ ਮੀਟਿੰਗਾਂ ਪਹਿਲਾਂ ਵੀ ਹੋਈਆਂ ਹਨ ਪਰ ਕੋਈ ਸਾਰਥਕ ਹੱਲ ਨਹੀਂ ਨਿਕਲਿਆ। ਹੁਣ ਵੀ ਅਨਿਸ਼ਚਿਤਤਾ ਵਾਲਾ ਮਾਹੌਲ ਬਣਿਆ ਹੋਇਆ ਹੈ। ਅੱਜ ਤੀਜੀ ਮੀਟਿੰਗ ਵਿਚ ਸ਼ਾਮਲ ਹੋਣਾ ਸੀ ਪਰ ਕਮੇਟੀ ਦੇ



ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਸਤੀਫ਼ਾ ਦੇ ਦਿੱਤਾ ਹੈ ਅਜੇ ਤੱਕ ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਮੀਟਿੰਗ ਹੋਣੀ ਹੈ ਜਾਂ ਨਹੀਂ। ਇਸ ਕਰਕੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਹੈ ਕਿ ਮੈਨੂੰ ਇਸ ਕਮੇਟੀ ਵਿਚੋਂ ਬਾਹਰ ਕੀਤਾ ਜਾਵੇ। ਅੱਜ ਦੀ ਮੀਟਿੰਗ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਚੇਅਰਮੈਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਆਪ ਅਸਤੀਫਾ ਦੇ ਗਏ ਹਨ ਤਾਂ ਉਨ੍ਹਾਂ ਨੇ ਹੀ ਮੀਟਿੰਗ ਰੱਖਣੀ ਹੁੰਦੀ ਹੈ ਫਿਰ ਅੱਜ ਦੀ ਮੀਟਿੰਗ ਕਿਵੇਂ ਹੋ ਸਕਦੀ ਸੀ।

## ਦੇਸ਼ ਅੰਦਰ ਫੈਲਣ ਲੱਗਾ ਨਵਾਂ ਵਾਇਰਸ ! ਹੁਣ ਤਕ 7 ਮੌਤਾਂ

ਮੁੰਬਈ 19 ਫਰਵਰੀ। ਦੇਸ਼ ਅੰਦਰ ਫੈਲ ਰਹੇ ਵਾਇਰਸ ਨੇ ਸਿਹਤ ਮਾਹਿਰਾਂ ਦੀ ਚਿੰਤਾ ਵਧਾ ਦਿੱਤੀ ਹੈ। ਇਸ ਵਾਇਰਸ ਕਾਰਨ ਹੋਈ ਤਾਜ਼ਾ ਮੌਤ ਨੇ ਹੋਰ ਵੀ ਡਰ ਪੈਦਾ ਕਰ ਦਿੱਤਾ ਹੈ। ਮਹਾਰਾਸ਼ਟਰ ਵਿੱਚ ਗੁਇਲੇਨ ਬਰੇ ਸਿੰਡਰੋਮ (ਜੀਬੀਐਸ) ਬੁਰੀ ਤਰ੍ਹਾਂ ਫੈਲ ਰਿਹਾ ਹੈ। ਮੁੰਬਈ ਦੇ ਨਾਇਰ ਹਸਪਤਾਲ ਵਿੱਚ ਦਾਖਲ ਇੱਕ 53 ਸਾਲਾ ਮਰੀਜ਼ ਦੀ ਇਸ ਸਿੰਡਰੋਮ ਕਾਰਨ ਮੌਤ ਹੋ ਗਈ ਹੈ। ਮਰੀਜ਼ ਵਡਾਲਾ ਇਲਾਕੇ ਦਾ ਰਹਿਣ ਵਾਲਾ ਸੀ ਅਤੇ ਬੀਐਮਸੀ ਦੇ ਬੀਐਨ ਦੇਸਾਈ ਹਸਪਤਾਲ ਵਿੱਚ ਵਾਰਡ ਬੁਆਏ ਵਜੋਂ ਕੰਮ ਕਰਦਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਨਾਇਰ ਹਸਪਤਾਲ 'ਚ ਉਸਦਾ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਇਲਾਜ ਚੱਲ ਰਿਹਾ ਸੀ। ਇਸੇ ਵਾਇਰਸ ਤੋਂ ਪੀੜਤ ਇਕ ਹੋਰ ਲੜਕੀ ਵੀ ਇਸੇ ਹਸਪਤਾਲ ਵਿੱਚ ਦਾਖਲ ਹੈ। ਇਹ ਲੜਕੀ ਪਾਲਘਰ ਇਲਾਕੇ ਦੀ ਰਹਿਣ ਵਾਲੀ ਹੈ ਅਤੇ 10ਵੀਂ ਜਮਾਤ ਦੀ ਵਿਦਿਆਰਥਣ ਹੈ। ਇਸ ਤੋਂ ਪਹਿਲਾਂ 6 ਫਰਵਰੀ ਨੂੰ ਜੀਬੀਐਸ ਸਿੰਡਰੋਮ ਵਾਇਰਸ ਕਾਰਨ ਇੱਕ ਮਰੀਜ਼ ਦੀ ਮੌਤ ਹੋ ਗਈ ਸੀ। ਇਸ ਤੋਂ ਪਹਿਲਾਂ 26 ਜਨਵਰੀ ਨੂੰ ਮਹਾਰਾਸ਼ਟਰ ਦੇ ਪੁਣੇ ਵਿੱਚ ਇੱਕ ਚਾਰਟਰਡ ਅਕਾਊਂਟੈਂਟ ਦੀ ਗੁਇਲੇਨ-ਬੈਰੇ ਸਿੰਡਰੋਮ (ਜੀਬੀਐਸ) ਬਿਮਾਰੀ ਨਾਲ ਮੌਤ ਹੋ ਗਈ ਸੀ। ਉਹ ਡੀਐਸਕੇ ਵਿਸ਼ਵਾ ਇਲਾਕੇ ਵਿੱਚ ਰਹਿੰਦਾ ਸੀ। ਗੁਇਲੇਨ-ਬੈਰੇ ਸਿੰਡਰੋਮ (ਜੀਬੀਐਸ) ਦੇ ਪ੍ਰਕੋਪ ਦੇ ਵਿਚਕਾਰ, 29 ਜਨਵਰੀ ਨੂੰ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪ੍ਰਸ਼ਾਸਨ ਨੂੰ ਮਰੀਜ਼ਾਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਵਿਸ਼ੇਸ਼ ਪ੍ਰਬੰਧ ਕਰਨ ਲਈ ਕਿਹਾ ਸੀ। ਧਿਆਨ ਯੋਗ ਹੈ ਕਿ ਇਸ ਤੋਂ ਪਹਿਲਾਂ 27 ਜਨਵਰੀ ਨੂੰ ਪੁਣੇ ਵਿੱਚ ਜੀਬੀਐਸ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ, ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਸੂਬੇ ਵਿੱਚ ਜਨਤਕ ਸਿਹਤ ਦਖਲਅੰਦਾਜ਼ੀ ਅਤੇ ਪ੍ਰਬੰਧਨ ਵਿੱਚ ਸਹਾਇਤਾ ਲਈ ਸੱਤ ਮੈਂਬਰੀ ਟੀਮ ਤਾਇਨਾਤ ਕੀਤੀ ਸੀ। ਕੇਂਦਰ ਦੀ ਉੱਚ ਪੱਧਰੀ ਟੀਮ ਵਿੱਚ ਬਹੁ-ਅਨੁਸ਼ਾਸਨੀ ਮਾਹਿਰ ਸ਼ਾਮਲ ਸਨ। ਇਸਦਾ ਉਦੇਸ਼ ਦੇ ਸ਼ੱਕੀ ਅਤੇ ਪੁਸ਼ਟੀ ਕੀਤੇ ਮਾਮਲਿਆਂ ਵਿੱਚ ਵਾਧੇ ਦੇ ਮੱਦੇਨਜ਼ਰ ਜਨਤਕ ਸਿਹਤ ਦਖਲਅੰਦਾਜ਼ੀ ਅਤੇ ਪ੍ਰਬੰਧਨ ਸਥਾਪਤ ਕਰਨ ਵਿੱਚ ਸੂਬੇ ਦੀਆਂ ਸਿਹਤ ਅਥਾਰਟੀਆਂ ਦਾ ਸਮਰਥਨ ਕਰਨਾ ਹੈ। ਸੂਬੇ ਦੇ ਸਿਹਤ ਵਿਭਾਗ ਨੇ ਸਲਾਹ ਦਿੱਤੀ ਹੈ ਕਿ ਆਮ ਸਾਵਧਾਨੀਆਂ ਵਰਤ ਕੇ ਜੀਬੀਐੱਸ ਨੂੰ ਕੁਝ ਹੱਦ ਤਕ ਰੋਕਿਆ ਜਾ ਸਕਦਾ ਹੈ

# ਸਕੂਲੀ ਬੱਚਿਆਂ ਨੂੰ ਲੈ ਕੇ ਹੈਰਾਨ ਕਰਦਾ ਖ਼ੁਲਾਸਾ, ਹੋਸ਼ ਉਡਾਉਣ ਵਾਲੀ ਰਿਪੋਰਟ ਆਈ ਸਾਹਮਣੇ

**ਕਿਸ਼ਨ ਪਾਲ**

ਚੰਡੀਗੜ੍ਹ 19 ਫਰਵਰੀ। ਨੈਸ਼ਨਲ ਹੈਲਥ ਐਂਡ ਫੈਮਿਲੀ ਸਰਵੇ ਮੁਤਾਬਕ ਚੰਡੀਗੜ੍ਹ 'ਚ 44 ਫ਼ੀਸਦੀ ਔਰਤਾਂ ਅਤੇ 38 ਫ਼ੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ। ਪੀ. ਜੀ. ਆਈ. ਦੀ ਖੋਜ ਮੁਤਾਬਕ 40 ਫ਼ੀਸਦੀ ਤੋਂ ਜ਼ਿਆਦਾ ਸਕੂਲੀ ਬੱਚੇ ਮੋਟੇ ਹਨ, ਜਿਨ੍ਹਾਂ 'ਚ ਕੁੜੀਆਂ ਦਾ ਭਾਰ ਮੁੰਡਿਆਂ ਨਾਲੋਂ ਜ਼ਿਆਦਾ ਹੈ। ਪੀ. ਜੀ. ਆਈ. ਐਂਡੋਕ੍ਰਾਈਨੋਲੋਜੀ ਅਤੇ ਮੈਟਾਬੋਲਿਜ਼ਮ ਵਿਭਾਗ ਦੇ ਐਸੋਸੀਏਟ ਪ੍ਰੋ. ਡਾ. ਆਸ਼ੂ ਰਸਤੋਗੀ ਦੀ ਮੰਨੀਏ ਤਾਂ ਔਰਤਾਂ 'ਚ ਸ਼ੂਗਰ ਅਤੇ ਮੋਟਾਪੇ ਦਾ ਖ਼ਤਰਾ 1.5 ਗੁਣਾ ਵੱਧ ਹੁੰਦਾ ਹੈ ਕਿਉਂਕਿ ਉਹ ਘਰੇਲੂ ਕੰਮਾਂ ਨੂੰ ਹੀ ਕਸਰਤ ਸਮਝਦੀਆਂ ਹਨ। ਹਾਲਾਂਕਿ ਅਜਿਹਾ ਨਹੀਂ ਹੈ। ਹਫ਼ਤੇ 'ਚ ਕਰੀਬ 150 ਮਿੰਟ ਦੀ ਸਰੀਰਕ ਗਤੀਵਿਧੀ ਜ਼ਰੂਰੀ ਹੈ। ਇੱਕ ਘੰਟੇ 'ਚ 5 ਕਿਲੋਮੀਟਰ ਤੋਂ ਵੱਧ ਪੈਦਲ ਚੱਲਣਾ ਚੰਗੀ ਕਸਰਤ ਹੈ। ਡਾ. ਰਸਤੋਗੀ ਦਾ ਕਹਿਣਾ ਹੈ ਕਿ ਭਾਰ 'ਚ 5 ਤੋਂ 7 ਫ਼ੀਸਦੀ ਦੀ ਕਮੀ ਵੀ ਕਈ ਸਿਹਤ ਸਥਿਤੀਆਂ 'ਚ ਫ਼ਾਇਦੇਮੰਦ ਹੁੰਦੀ ਹੈ। ਮੋਟਾਪਾ ਦਿਮਾਗ ਅਤੇ ਫੇਫੜਿਆਂ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਡਿਮੈਂਸ਼ਿਆ ਦਾ ਕਾਰਨ ਬਣ ਕੇ ਇਕਾਗਰਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅੱਖਾਂ 'ਤੇ ਨੁਕਸਾਨਦੇਹ ਪ੍ਰਭਾਵ ਪਾ ਸਕਦਾ ਹੈ। ਕੋਲੈਸਟਰੋਲ ਵੱਧਣ ਵਰਗੀਆਂ ਦਿਲ ਸਬੰਧੀ ਬੀਮਾਰੀਆਂ ਦਾ ਕਾਰਨ ਬਣ ਸਕਦਾ ਹੈ। ਖ਼ਾਸ ਕਰਕੇ ਟਾਈਪ 2 ਸ਼ੂਗਰ ਦਾ ਕਾਰਨ ਬਣ ਸਕਦਾ ਹੈ। ਨਾ ਸਿਰਫ਼ ਚੰਡੀਗੜ੍ਹ ਸਗੋਂ ਲੈਂਸੇਟ ਦੇ ਨਵੇਂ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਭਾਰਤ ਦੁਨੀਆ ਦਾ ਤੀਜਾ ਅਜਿਹਾ ਦੇਸ਼ ਬਣ ਗਿਆ ਹੈ, ਜਿੱਥੇ ਸਭ ਤੋਂ ਜ਼ਿਆਦਾ ਓਵਰਵੇਟ ਲੋਕ ਰਹਿੰਦੇ ਹਨ। ਔਰਤਾਂ ਅਕਸਰ ਸੋਚਦੀਆਂ ਹਨ ਕਿ ਉਹ ਸਾਰਾ ਦਿਨ ਘਰ 'ਚ ਕੰਮ ਕਰਦੀਆਂ ਹਨ। ਅਜਿਹੀ ਸਥਿਤੀ 'ਚ ਸਰੀਰਕ ਕਸਰਤ ਹੋ ਜਾਂਦੀ ਹੈ। ਉਨ੍ਹਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਹੈ, ਪਰ ਮੋਟਾਪਾ ਸਾਇਲੈਂਟ ਬਿਮਾਰੀ ਵਾਂਗ ਹੈ, ਜੋ ਹੌਲੀ-ਹੌਲੀ ਸਰੀਰ ਦੇ ਹਰ ਅੰਗ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਾਰਨ ਸ਼ੂਗਰ, ਬਲੱਡ ਪ੍ਰੈਸ਼ਰ, ਲੀਵਰ ਦੀ ਸਮੱਸਿਆ, ਫੈਟੀ ਲਿਵਰ, ਦਿਲ ਅਤੇ ਫੇਫੜਿਆਂ 'ਤੇ ਵੀ ਅਸਰ ਦੇਖਣ ਨੂੰ ਮਿਲਦਾ ਹੈ। ਫੇਫੜਿਆਂ ਦੀ ਕਾਰਜ ਸਮਰੱਥਾ 'ਤੇ ਇਸਦਾ ਅਸਰ ਪੈਂਦਾ ਹੈ। ਅਜਿਹੇ 'ਚ ਹਾਰਟ ਫੇਲੀਅਰ ਦੀ ਸੰਭਾਵਨਾ ਵੀ ਇਨ੍ਹਾਂ ਲੋਕਾਂ 'ਚ ਹੁੰਦੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-4 'ਚ ਬੱਚਿਆਂ ਦੀ ਗੱਲ ਕਰੀਏ ਤਾਂ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਚ ਮੋਟਾਪਾ 1.9 ਫ਼ੀਸਦੀ ਹੈ। ਡਾਕਟਰਾਂ ਦੀ ਮੰਨੀਏ ਤਾਂ ਇਹੋ ਜੀਵਨ ਸ਼ੈਲੀ ਜਾਰੀ ਰਹੀ ਤਾਂ ਕੁੱਝ ਸਾਲਾਂ 'ਚ ਇਹ ਗਿਣਤੀ ਵੱਧ ਜਾਵੇਗੀ। ਇਸ ਦੇ ਨਾਲ ਹੀ ਗੈਰ ਸੰਚਾਰੀ ਬਿਮਾਰੀਆਂ ਵੀ ਵੱਧਣਗੀਆਂ। ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਮੋਟਾਪਾ ਇਕੱਲਾ ਨਹੀਂ ਹੈ। ਮੋਟਾਪੇ ਨਾਲ ਕਈ ਹੋਰ ਬਿਮਾਰੀਆਂ ਜੁੜੀਆਂ ਹੋਈਆਂ ਹਨ। ਸਾਨੂੰ ਲੱਗਦਾ ਹੈ ਕਿ ਅਸੀਂ ਸਿਹਤਮੰਦ ਅਤੇ ਵਧੀਆ ਖਾ ਰਹੇ ਹਾਂ, ਪਰ ਤੁਹਾਨੂੰ ਪਤਾ ਹੋਵੇਗਾ ਕਿ ਥਾਲੀ ਵਿਚ ਕਿੰਨਾ ਸਿਹਤਮੰਦ ਭੋਜਨ ਹੈ। ਦੂਜਾ ਸਭ ਤੋਂ ਵੱਡਾ ਕਾਰਨ ਸਰੀਰਕ ਗਤੀਵਿਧੀਆਂ ਨਾ ਕਰਨਾ ਹੈ। ਜ਼ਿਆਦਾਤਰ ਲੋਕਾਂ ਕੋਲ ਸੀਟਿੰਗ ਜੌਬ ਹੈ, ਮਤਲਬ ਕਿ ਉਹ ਘੰਟਿਆਂ ਬੱਧੀ ਬੈਠ ਕੇ ਕੰਮ ਕਰਦੇ ਹਨ। ਕੁੱਝ ਦਿਨ ਇਸ ਤਰ੍ਹਾਂ ਕੰਮ ਕਰਨਾ ਠੀਕ ਹੈ, ਪਰ ਲੰਬੇ ਸਮੇਂ ਵਿਚ ਇਸ ਦੇ ਤੁਹਾਡੇ ਸਰੀਰ 'ਤੇ ਕਈ ਮਾੜੇ ਪ੍ਰਭਾਵ ਪੈਂਦੇ ਹਨ, ਖ਼ਾਸ ਕਰਕੇ ਮੋਟਾਪਾ।

## ਰਾਤੋ-ਰਾਤ ਮਾਲਾਮਾਲ ਹੋ ਗਏ ਪੰਜਾਬੀ, ਜਾਗੀ ਕਿਸਮਤ ਤੇ ਬਣੇ ਕਰੋੜਪਤੀ

ਲੁਧਿਆਣਾ 19 ਫਰਵਰੀ। ਕੁਝ ਹੀ ਦਿਨਾਂ ਵਿੱਚ ਪੰਜਾਬੀਆਂ ਦੀ ਕਿਸਮਤ ਚਮਕ ਉੱਠੀ ਅਤੇ ਉਹ ਕਰੋੜਪਤੀ ਬਣ ਗਏ। ਦਰਅਸਲ ਰਾਜਸ਼੍ਰੀ ਲਾਟਰੀ ਵਿੱਚ ਹਰ ਰੋਜ਼ ਲੱਖਾਂ-ਕਰੋੜਾਂ ਦੇ ਇਨਾਮਾਂ ਦੀ ਪਰੰਪਰਾ ਨੂੰ ਜਾਰੀ ਰੱਖਦੇ ਹੋਏ, ਫਰਵਰੀ 2025 ਤੋਂ ਇੱਕ ਨਵੀਂ ਸਕੀਮ ਨਾਲ ਸ਼ੁਰੂ ਹੋਏ ਰਾਜਸ਼੍ਰੀ-10 ਹਫ਼ਤਾਵਾਰੀ ਲਾਟਰੀ ਡਰਾਅ ਵਿੱਚ ਅਬੋਹਰ ਦੇ ਰਿਟੇਲਰ ਅਨਮੋਲ ਲਾਟਰੀ ਏਜੰਸੀ ਦੁਆਰਾ ਵੇਚੀ ਗਈ ਟਿਕਟ 'ਤੇ 11 ਲੱਖ ਦਾ ਪਹਿਲਾ ਇਨਾਮ ਜਿੱਤਿਆ ਗਿਆ। ਇਸ ਤੋਂ ਪਹਿਲਾਂ ਵੀ ਬਰਨਾਲਾ (ਪੰਜਾਬ) ਦੇ ਸੁਖਚੈਨ ਲਾਟਰੀ ਏਜੰਸੀ ਵੱਲੋਂ ਵੇਚੀ ਟਿਕਟ 'ਤੇ ਬੀਤੀ 7 ਫਰਵਰੀ ਨੂੰ 11 ਲੱਖ ਦਾ ਪਹਿਲਾ ਇਨਾਮ ਨਿਕਲਿਆ ਸੀ। ਫਰਵਰੀ ਮਹੀਨੇ ਦੇ ਪਹਿਲੇ 2 ਹਫ਼ਤਿਆਂ ਵਿਚ ਹੀ ਰਾਜਸ਼?ਰੀ 10 ਵੀਕਲੀ ਲਾਟਰੀ ਵਿਚ 11-11 ਲੱਖ ਦੇ 2 ਇਨਾਮ ਪੰਜਾਬ ਵਿਚ ਅਤੇ 2 ਇਨਾਮ



ਮਹਾਰਾਸ਼ਟਰ ਵਿਚ ਲੱਗਣ ਨਾਲ ਲੋਕਾਂ ਦਾ ਵਿਸ਼ਵਾਸ ਦਿਨ-ਬ-ਦਿਨ ਰਾਜਸ਼?ਰੀ ਲਾਟਰੀ ਵਿਚ ਵਧਦਾ ਹੀ ਜਾ ਰਿਹਾ ਹੈ। ਜੇਕਰ ਜਨਵਰੀ ਤੋਂ ਲੈ ਕੇ ਹੁਣ ਤੱਕ ਦੀ ਗੱਲ ਕਰੀਏ ਤਾਂ ਹੁਣ ਤੱਕ ਢੇਰਾਂ ਇਨਾਮਾਂ ਦੀ ਵਾਛੜ ਹੋ ਚੁੱਕੀ ਹੈ। ਰਾਜਸ਼?ਰੀ 250 ਮੰਥਲੀ ਲਾਟਰੀ ਵਿਚ ਇਕ-ਇਕ ਲੱਖ ਦੇ ਦਸ ਇਨਾਮ ਲੱਗੇ, ਜਿਸ ਵਿਚੋਂ 6 ਇਨਾਮ ਸਿਰਫ਼ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਹੀ ਲੱਗੇ ਹਨ। 7 ਜਨਵਰੀ ਨੂੰ ਰਾਜਸ਼?ਰੀ 250 ਮੰਥਲੀ ਲਾਟਰੀ ਵਿਚ ਇਕ ਕਰੋੜ ਰੁਪਏ ਦਾ ਇਨਾਮ ਵੀ ਰਿਧੀ ਲਾਟਰੀ ਲੁਧਿਆਣਾ ਵੱਲੋਂ ਵੇਚੀ ਗਈ ਟਿਕਟ 'ਤੇ ਨਿਕਲਿਆ ਸੀ। ਰਾਜਸ਼?ਰੀ ਲਾਟਰੀ ਇਕ ਬਹੁਤ ਹੀ ਭਰੋਸੇਯੋਗ ਸਰਕਾਰੀ ਲਾਟਰੀ ਹੈ।

# ਪੰਜਾਬ ਲਈ ਖ਼ਤਰੇ ਦੀ ਘੰਟੀ, ਦਿਨੋਂ-ਦਿਨ ਵੱਧਣ ਲੱਗੀ ਚਿੰਤਾ

ਤਪਾ ਮੰਡੀ 19 ਫਰਵਰੀ। ਫਰਵਰੀ ਮਹੀਨੇ 'ਚ ਪੈ ਰਹੀ ਕੜਾਕੇਦਾਰ ਧੁੱਪ ਅਤੇ ਗਰਮੀ ਕਾਰਨ ਖੇਤਾਂ 'ਚ ਖੜ੍ਹੀ ਕਣਕ ਦੀ ਫਸਲ 'ਤੇ ਬੁਰਾ ਅਸਰ ਪੈ ਰਿਹਾ ਹੈ। ਕਿਸਾਨ ਤੇਜਵੰਤ ਸਿੰਘ ਧਾਲੀਵਾਲ, ਬਲਵੰਤ ਸਿੰਘ ਧਾਲੀਵਾਲ ਤੇ ਪਰਮਜੀਤ ਸਿੰਘ ਪੰਮਾ ਨੇ ਦੱਸਿਆ ਕਿ ਮੌਸਮ ਦੇ ਬਦਲਾਅ ਕਾਰਨ ਉਨ੍ਹਾਂ ਦੀ ਚਿੰਤਾ ਲਗਾਤਾਰ ਵੱਧਦੀ ਜਾ ਰਹੀ ਹੈ, ਜੇਕਰ ਕਣਕ ਦੀਆਂ ਬੱਲੀਆਂ ਪੱਕਣ ਸਮੇਂ ਠੰਡ ਰਹੇ ਤਾਂ ਕਣਕ ਦਾ ਦਾਣਾ ਮੋਟਾ ਅਤੇ ਵਜ਼ਨਦਾਰ ਹੋ ਜਾਂਦਾ ਹੈ। ਜੇਕਰ ਗਰਮੀ ਪਵੇ ਜਿਸ ਤਰ੍ਹਾਂ ਕਿ ਹੁਣ ਪੈ ਰਹੀ ਹੈ ਤਾਂ ਬੱਲੀਆਂ ਦਾ ਦਾਣਾ ਪਿਚਕ ਜਾਂਦਾ ਹੈ ਅਤੇ ਵਜ਼ਨ ਵੀ ਹੋਲਾ ਰਹਿ ਜਾਂਦਾ ਹੈ। ਇਸ ਤਰ੍ਹਾਂ ਨਾਲ ਕਣਕ ਦਾ ਝਾੜ ਘੱਟ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅਜੇ ਕਣਕ ਦੀਆਂ ਬੱਲੀਆਂ ਤਾਜ਼ੀਆਂ ਹੀ ਹਨ ਅਤੇ ਇਸ ਦੇ ਪੱਕਣ 'ਚ ਅਜੇ ਲਗਭਗ 2 ਮਹੀਨੇ ਪਏ ਹਨ ਪਰ ਮੌਸਮ ਦਾ ਬਦਲਾਅ ਇਸ ਤਰ੍ਹਾਂ ਹੈ ਜਿਵੇਂ ਅਪ੍ਰੈਲ ਦਾ ਮਹੀਨਾ ਹੋਵੇ ਅਤੇ ਅਜਿਹੀ ਗਰਮੀ ਕਣਕ ਦੀ ਫਸਲ ਲਈ ਬਹੁਤ ਹੀ ਨੁਕਸਾਨਦਾਇਕ ਹੋਵੇਗੀ। ਕਿਸਾਨ ਪਹਿਲਾਂ ਹੀ ਕਰਜ਼ਾਈ ਹੈ ਅਤੇ ਉਸ ਨੇ ਕਣਕ ਦੀ ਫਸਲ 'ਤੇ ਬਹੁਤ ਆਸ਼ਾਂ ਲਾਈਆਂ ਹੋਈਆਂ ਹਨ ਪਰ ਕਿਸਾਨਾਂ ਦੀਆਂ ਆਸਾਂ ਨੂੰ ਬੂਰ ਪੈਣ ਦਾ ਮੌਕਾ ਮਿਲਦਾ ਦਿਸ਼ ਨਹੀਂ ਰਿਹਾ।

## ਪੰਜਾਬ 'ਚ ਵੱਡੀ ਵਾਰਦਾਤ, ਮਹਿਲਾ ਦੇ ਢਿੱਡ 'ਚ ਮਾਰੀਆਂ ਲੱਤਾਂ

ਲੁਧਿਆਣਾ 19 ਫਰਵਰੀ। ਲੁਧਿਆਣਾ 'ਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਇਥੇ ਪੈਸੇ ਲੈਣ ਗਏ ਜੋੜੇ ਨਾਲ ਤਿੰਨ ਭੈਣਾਂ ਨੇ ਮਿਲ ਕੇ ਬੇਰਹਿਮੀ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਮਹਿਲਾ ਦੇ ਢਿੱਡ ਵਿਚ ਲੱਤਾਂ ਮਾਰੀਆਂ। ਇਸ ਕਾਰਨ ਉਸ ਦੀ ਨਵਜਾਤ ਬੱਚੀ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਥਾਣਾ ਜਮਾਲਪੁਰ ਪੁਲਸ ਨੇ ਤਿੰਨੇ ਮਹਿਲਾਵਾਂ 'ਤੇ ਪਰਚਾ ਦਰਜ ਕਰ ਲਿਆ। ਫਿਲਹਾਲ ਤਿੰਨੇ ਮਹਿਲਾਵਾਂ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਹੈ। ਮੁਲਜ਼ਮਾਂ ਦੀ ਪਛਾਣ ਸੁਨੀਤਾ ਪਤਨੀ ਸੁਭਾਸ਼ ਚੰਦ, ਅੰਤਿਮਾ ਪੁਤਰੀ ਸੁਭਾਸ਼ ਚੰਦ, ਅਰਚਨਾ ਪੁਤਰੀ ਸੁਭਾਸ਼ ਚੰਦ ਨਿਵਾਸੀ ਮਹਾਵੀਰ ਕਾਲੋਨੀ ਭਾਮੀਆਂ ਖ਼ੁਰਦ ਵਜੋਂ ਹੋਈ ਹੈ। ਫਿਲਹਾਲ ਤਿੰਨੇ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਸ਼ਿਕਾਇਤ ਕਰਤਾ ਮਾਇਆ ਪਤਨੀ ਸੁਰੇਸ਼ ਨਿਵਾਸੀ ਮਹਾਵੀਰ ਕਾਲੋਨੀ ਭਾਮੀਆਂ ਖ਼ੁਰਦ ਨੇ ਦੱਸਿਆ ਕਿ ਉਸ ਦੇ ਪਤੀ ਸੁਰੇਸ਼ ਰਾਜ ਮਿਸਤਰੀ ਦਾ ਕੰਮ ਕਰਦੇ ਹਨ। ਉਹ 19 ਜਨਵਰੀ ਨੂੰ ਪਤੀ ਦੇ ਨਾਲ ਸੁਨੀਤਾ ਦੇ ਕੋਲ ਕੀਤੇ ਹੋਏ ਕੰਮ ਦੇ ਪੈਸੇ ਲੈਣ ਲਈ ਗਈ ਸੀ, ਜਿੱਥੇ ਮੁਲਜ਼ਮ ਦੇ ਨਾਲ ਉਸ ਦੀ ਦੋਵੇਂ ਭੈਣਾਂ ਵੀ ਮੌਜੂਦ ਸਨ। ਪੈਸੇ ਮੰਗਣ 'ਤੇ ਉਨ੍ਹਾਂ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁੱਟਮਾਰ 'ਤੇ ਉਤਰ ਆਏ। ਇਸ ਦੌਰਾਨ ਉਨਾਂ ਨੇ ਉਸ ਦੇ ਢਿੱਡ ਵਿਚ ਲੱਤਾਂ ਮਾਰੀਆਂ। 20 ਜਨਵਰੀ ਨੂੰ ਉਸ ਦੀ ਸਿਹਤ ਵਿਗੜ ਗਈ ਤਾਂ ਉਸ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾ ਦਿੱਤਾ।

# ਪ੍ਰਿੰਸੀਪਲ ਤੇ ਅਧਿਆਪਕ ਹੋ ਜਾਣ ਚੌਕੰਨੇ, ਬੇਹੱਦ ਸਖ਼ਤ ਹੋ ਗਈ ਡਿਊਟੀ

**ਏਜੰਸੀਆਂ**

ਲੁਧਿਆਣਾ 19 ਫਰਵਰੀ। ਅੱਜ ਤੋਂ ਸ਼ੁਰੂ ਹੋਈਆਂ ਸੀ. ਬੀ. ਐੱਸ. ਈ. 10ਵੀਂ ਅਤੇ 12ਵੀਂ ਦੀਆਂ ਸਾਲਾਨਾ ਪ੍ਰੀਖਿਆਵਾਂ ਲਈ ਬੋਰਡ ਵਲੋਂ ਵੱਖ-ਵੱਖ ਡਿਊਟੀਆਂ 'ਤੇ ਨਿਯੁਕਤ ਕੀਤੇ ਗਏ ਸਕੂਲਾਂ ਦੇ ਪ੍ਰਿੰਸੀਪਲਾਂ, ਵਾਈਸ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਲਈ ਇਹ ਖ਼ਬਰ ਬਹੁਤ ਮਹੱਤਵਪੂਰਨ ਹੈ। ਦਰਅਸਲ ਬੋਰਡ ਨੂੰ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਡਿਊਟੀ 'ਤੇ ਤਾਇਨਾਤ ਕਿਸੇ ਵੀ ਕਰਮਚਾਰੀ ਦੀ ਡਿਊਟੀ ਨਾ ਤਾਂ ਬਦਲੀ ਜਾਵੇਗੀ ਅਤੇ ਨਾ ਹੀ ਕੱਟੀ ਜਾਵੇਗੀ। ਸੀ. ਬੀ. ਐੱਸ. ਈ. ਦੇ ਰੀਜਨਲ ਅਧਿਕਾਰੀ ਰਾਜੇਸ਼ ਗੁਪਤਾ ਨੇ ਉਕਤ ਹੁਕਮਾਂ ਸਬੰਧੀ ਸਾਰੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਪ੍ਰੀਖਿਆਵਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਬੋਰਡ ਵਲੋਂ ਵੱਖ-ਵੱਖ ਪ੍ਰੀਖਿਆ ਕੇਂਦਰਾਂ 'ਚ ਸੈਂਟਰ ਸੁਪਰਡੈਂਟ, ਆਬਜ਼ਰਵਰ, ਫਲਾਇੰਗ ਸਕੁਐਡ, ਹੈੱਡ ਐਗਜ਼ਾਮੀਨਰ ਦੇ ਤੌਰ 'ਤੇ ਪ੍ਰਿੰਸੀਪਲਾਂ, ਵਾਈਸ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਪਰ ਪ੍ਰੀਖਿਆ ਡਿਊਟੀ ਲੱਗਣ ਤੋਂ ਬਾਅਦ ਕਈ ਅਧਿਆਪਕਾਂ ਨੇ ਇਸ ਡਿਊਟੀ ਤੋਂ ਬਚਣ ਲਈ ਬੋਰਡ ਨੂੰ ਕਈ ਤਰ੍ਹਾਂ ਦੇ ਬਹਾਨੇ ਘੜਨੇ ਸ਼ੁਰੂ ਕਰ ਦਿੱਤੇ ਹਨ। ਇਹ ਦੱਸਿਆ ਗਿਆ ਹੈ ਕਿ ਕਈਆਂ ਨੇ ਆਪਣੇ ਨਿੱਜੀ ਮੁੱਦਿਆਂ, ਡਾਕਟਰੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਬਿਨਾਂ ਕਿਸੇ ਸਹਾਇਕ ਦਸਤਾਵੇਜ਼ਾਂ ਤੋਂ



ਡਿਊਟੀ ਬਦਲਣ ਜਾਂ ਰੱਦ ਕਰਨ ਦੀ ਬੇਨਤੀ ਕੀਤੀ ਹੈ, ਜਦੋਂ ਕਿ ਕਈਆਂ ਨੇ ਸਿਫਾਰਸ਼ਾਂ ਰਾਹੀਂ ਆਪਣੀ ਡਿਊਟੀ ਘਟਾਉਣ ਜਾਂ ਬਦਲਣ ਦੀ ਬੇਨਤੀ ਕੀਤੀ ਹੈ ਪਰ ਸੀ. ਬੀ. ਐੱਸ. ਈ. ਨੇ ਅਜਿਹੀਆਂ ਸਾਰੀਆਂ ਅਰਜ਼ੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਵਿਅਕਤੀ ਨੂੰ ਜਿੱਥੇ ਵੀ ਸੌਂਪੀ ਗਈ ਹੈ, ਉਸ ਨੂੰ ਆਪਣੀ ਡਿਊਟੀ ਕਰਨੀ ਪਵੇਗੀ। ਇਸ ਨੂੰ ਨਾ ਤਾਂ ਹੁਣ ਕੱਟਿਆ ਜਾਵੇਗਾ ਅਤੇ ਨਾ ਹੀ ਬਦਲਿਆ ਜਾਵੇਗਾ। ਪੱਤਰ 'ਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਅਜਿਹੀ ਸਥਿਤੀ ਨੂੰ ਸਿਰਫ ਜਾਇਜ਼ ਮੈਡੀਕਲ ਕਾਰਨ ਜਾਂ ਐਮਰਜੈਂਸੀ ਮੈਡੀਕਲ ਆਧਾਰ 'ਤੇ ਹੀ ਮੰਨਿਆ ਜਾਵੇਗਾ ਪਰ ਇਸ ਲਈ ਵੀ ਸਿਵਲ ਸਰਜਨ ਵਲੋਂ ਪ੍ਰਮਾਣਿਤ ਸਰਟੀਫਿਕੇਟ ਹੀ ਜਾਇਜ਼ ਹੋਵੇਗਾ। ਜੇਕਰ ਕੋਈ ਸਟਾਫ਼ ਡਿਊਟੀ ਅਲਾਟ ਕੀਤੇ ਜਾਣ ਤੋਂ ਪਹਿਲਾਂ ਕਿਸੇ ਜਾਇਜ਼ ਕਾਰਨ ਕਰ ਕੇ ਮੈਡੀਕਲ ਛੁੱਟੀ 'ਤੇ ਹੈ, ਤਾਂ ਉਸ ਨੂੰ ਛੋਟ ਦਿੱਤੀ ਜਾ ਸਕਦੀ ਹੈ ਪਰ ਇਸ ਲਈ ਸਕੂਲ ਤੋਂ ਉਸ ਦਾ ਮੈਡੀਕਲ ਰਿਕਾਰਡ ਵੀ ਦੇਖਿਆ ਜਾਵੇਗਾ। ਬੋਰਡ ਦੇ ਅਧਿਕਾਰੀ ਨੇ ਕਿਹਾ ਹੈ ਕਿ ਜੇਕਰ ਡਿਊਟੀ 'ਤੇ ਕਿਸੇ ਸਟਾਫ਼ ਦਾ ਕੋਈ ਰਿਸ਼ਤੇਦਾਰ ਜਾਂ ਨਜ਼ਦੀਕੀ ਉਸੇ ਪ੍ਰੀਖਿਆ ਕੇਂਦਰ 'ਚ ਪ੍ਰੀਖਿਆ ਦੇ ਰਿਹਾ ਹੈ, ਤਾਂ ਉਸ ਨੂੰ ਪਹਿਲਾਂ ਹੀ ਸੀ. ਬੀ. ਐੱਸ. ਈ. ਨੂੰ ਸੂਚਿਤ ਕਰਨਾ ਹੋਵੇਗਾ। ਅਧਿਕਾਰੀ ਨੇ ਕਿਹਾ ਕਿ ਪ੍ਰੀਖਿਆਵਾਂ ਸਬੰਧੀ ਜਾਰੀ ਹਦਾਇਤਾਂ ਦੀ ਹਰ ਹਾਲਤ 'ਚ ਪਾਲਣਾ ਕਰਨਾ ਜ਼ਰੂਰੀ ਹੈ। ਜੇਕਰ ਕਿਤੇ ਵੀ ਕੋਈ ਅਣਗਹਿਲੀ ਪਾਈ ਜਾਂਦੀ ਹੈ ਤਾਂ ਸਕੂਲ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਧਿਆਪਕ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ।

# ਤੁਸੀਂ ਤਾਂ ਨਹੀਂ ਖਾ ਰਹੇ ਇਹ ਦਵਾਈਆਂ, ਖਤਰੇ 'ਚ ਪੈ ਸਕਦੀ ਹੈ ਜ਼ਿੰਦਗੀ !

**ਏਜੰਸੀਆਂ**

ਨੈਸ਼ਨਲ ਡੈਸਕ 19 ਫਰਵਰੀ। ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ, ਡੈਨਮਾਰਕ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਗਰਭ ਨਿਰੋਧਕ ਗੋਲੀਆਂ ਲੈਣ ਨਾਲ ਔਰਤਾਂ ਵਿੱਚ ਹਾਰਮੋਨਲ ਬਦਲਾਅ ਆਉਂਦੇ ਹਨ ਜੋ ਦਿਲ ਦੇ ਦੌਰੇ ਅਤੇ ਸਟ?ਰੋਕ ਦਾ ਖ਼ਤਰਾ ਵਧਾ ਸਕਦੇ ਹਨ। ਇਹ ਖੋਜ 10 ਸਾਲਾਂ ਤੋਂ ਵੱਧ ਸਮੇਂ ਤੱਕ ਚੱਲੀ ਅਤੇ ਇਸ ਵਿੱਚ 20 ਲੱਖ ਤੋਂ ਵੱਧ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਸੀ। ਗਰਭ ਨਿਰੋਦਖ ਗੋਲੀਆਂ ਔਰਤਾਂ ਲਈ ਇੱਕ ਪ੍ਰਮੁੱਖ ਜਨਮ ਨਿਯੰਤਰਣ ਵਿਧੀ ਹੈ ਜਿਨ੍ਹਾਂ ਦੀ ਵਰਤੋਂ ਲੱਖਾਂ ਔਰਤਾਂ ਕਰਦੀਆਂ ਹਨ। ਇਹ ਗੋਲੀਆਂ ਸਰੀਰ ਵਿੱਚ ਹਾਰਮੋਨਲ ਬਦਲਾਅ ਲਿਆਉਂਦੀਆਂ ਹਨ ਜੋ ਓਵੂਲੇਸ਼ਨ ਨੂੰ ਰੋਕਣ ਅਤੇ ਗਰਭ ਅਵਸਥਾ ਨੂੰ ਰੋਕਣ ਦਾ ਕੰਮ ਕਰਦੀਆਂ ਹਨ ਪਰ ਹੁਣ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਗੋਲੀਆਂ ਦੇ ਸੇਵਨ ਨਾਲ ਦਿਲ ਦੇ ਦੌਰੇ ਅਤੇ ਸਟ?ਰੋਕ ਦਾ ਖ਼ਤਰਾ ਵਧ ਸਕਦਾ ਹੈ। ਖੋਜਕਰਤਾਵਾਂ ਨੇ ਪਾਇਆ ਕਿ ਜੋ ਔਰਤਾਂ ਆਮ ਤੌਰ 'ਤੇ ਗਰਭ ਨਿਰੋਧਕ ਗੋਲੀਆਂ ਦੀ ਵਰਤੋਂ ਕਰਦੀਆਂ ਹਨ, ਉਨ੍ਹਾਂ ਵਿੱਚ ਇਸਕੇਮਿਕ ਸਟ?ਰੋਕ (ਦਿਮਾਗੀ ਦੌਰੇ ਦੀ ਇੱਕ ਕਿਸਮ) ਅਤੇ ਦਿਲ ਦੇ ਦੌਰੇ ਦਾ ਖ਼ਤਰਾ ਦੁੱਗਣਾ ਹੋ ਸਕਦਾ ਹੈ। ਇਹ ਖੋਜ ਕੋਪਨਹੇਗਨ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤੀ ਗਈ



ਸੀ ਜਿਨ੍ਹਾਂ ਨੇ ਸਿੱਟਾ ਕੱਢਿਆ ਸੀ ਕਿ ਇਹਨਾਂ ਗੋਲੀਆਂ ਦਾ ਸੇਵਨ ਜੋਖਮ ਨੂੰ ਵਧਾਉਂਦਾ ਹੈ, ਖਾਸ ਕਰਕੇ ਜੇਕਰ ਲੰਬੇ ਸਮੇਂ ਤੱਕ ਵਰਤਿਆ ਜਾਵੇ। ਖੋਜਕਰਤਾਵਾਂ ਨੇ ਇਹ ਵੀ ਪਾਇਆ ਕਿ ਸੰਯੁਕਤ ਗਰਭ ਨਿਰੋਧਕ ਗੋਲੀ ਦੀ ਵਰਤੋਂ ਦੇ ਨਤੀਜੇ ਵਜੋਂ ਹਰ ਸਾਲ 4,760 ਔਰਤਾਂ ਵਿੱਚੋਂ ਇੱਕ ਨੂੰ ਇੱਕ ਵਾਧੂ ਸਟ?ਰੋਕ ਹੋ ਸਕਦਾ ਹੈ। ਇਸੇ ਤਰ੍ਹਾਂ, ਹਰ 10,000 ਔਰਤਾਂ ਪਿੱਛੇ ਇੱਕ ਵਾਧੂ ਦਿਲ ਦਾ ਦੌਰਾ ਪੈ ਸਕਦਾ ਹੈ। ਹਾਲਾਂਕਿ ਇਹ ਜੋਖਮ ਘੱਟ ਹੈ, ਇਸ ਅਧਿਐਨ ਦੇ ਨਤੀਜਿਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਡਾਕਟਰਾਂ ਨੂੰ ਗਰਭ ਨਿਰੋਧਕ ਗੋਲੀਆਂ ਲਿਖਣ ਤੋਂ ਪਹਿਲਾਂ ਇਨ੍ਹਾਂ ਜੋਖਮਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਖੋਜ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਯੋਨੀ ਰਿੰਗਾਂ ਅਤੇ ਪੈਚਾਂ ਵਰਗੇ ਗੈਰ-ਮੌਖਿਕ ਗਰਭ ਨਿਰੋਧਕ ਤਰੀਕਿਆਂ ਦੀ ਵਰਤੋਂ ਵੀ ਦਿਲ ਦੇ ਦੌਰੇ ਦੇ ਜੋਖਮ ਨੂੰ ਵਧਾ ਸਕਦੀ ਹੈ। ਖਾਸ ਤੌਰ 'ਤੇ, ਯੋਨੀ ਰਿੰਗ ਨੇ ਇਸਕੇਮਿਕ ਸਟ?ਰੋਕ ਦੇ ਜੋਖਮ ਨੂੰ 2.4 ਗੁਣਾ ਅਤੇ ਦਿਲ ਦੇ ਦੌਰੇ ਦੇ ਜੋਖਮ ਨੂੰ 3.8 ਗੁਣਾ ਵਧਾ ਦਿੱਤਾ। ਇਸ ਦੇ ਨਾਲ ਹੀ, ਪੈਚ ਦੀ ਵਰਤੋਂ ਨਾਲ ਇਸਕੇਮਿਕ ਸਟ?ਰੋਕ ਦਾ ਖ਼ਤਰਾ 3.4 ਗੁਣਾ ਵਧ ਗਿਆ। ਇਹ ਖੋਜ ਦਰਸਾਉਂਦੀ ਹੈ ਕਿ ਹਾਰਮੋਨਲ ਗਰਭ ਨਿਰੋਧਕਾਂ ਦੀ ਲੰਬੇ ਸਮੇਂ ਤੱਕ ਵਰਤੋਂ ਔਰਤਾਂ ਵਿੱਚ ਦਿਲ ਅਤੇ ਦਿਮਾਗ ਨਾਲ ਸਬੰਧਤ ਸਮੱਸਿਆਵਾਂ ਦੇ ਜੋਖਮ ਨੂੰ ਵਧਾ ਸਕਦੀ ਹੈ। ਹਾਲਾਂਕਿ ਜੋਖਮ ਸਾਰੀਆਂ ਔਰਤਾਂ ਲਈ ਇੱਕੋ ਜਿਹਾ ਨਹੀਂ ਹੈ, ਡਾਕਟਰਾਂ ਨੂੰ ਔਰਤ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸਨੂੰ ਲਿਖਣ ਤੋਂ ਪਹਿਲਾਂ ਸਾਵਧਾਨੀ ਵਰਤਣੀ ਚਾਹੀਦੀ ਹੈ।

## ਬਿਜਲੀ ਖਪਤਕਾਰਾਂ ਲਈ ਖੁਸ਼ਖਬਰੀ: ਕੇਂਦਰ ਸਰਕਾਰ ਨੇ ਦਿੱਤੀ ਵੱਡੀ ਰਾਹਤ

ਨੈਸ਼ਨਲ ਡੈਸਕ 19 ਫਰਵਰੀ। ਹਰਿਆਣਾ ਦੇ ਬਿਜਲੀ ਖਪਤਕਾਰਾਂ ਲਈ ਵੱਡੀ ਰਾਹਤ ਦੀ ਖ਼ਬਰ ਹੈ। ਕੇਂਦਰ ਸਰਕਾਰ ਨੇ ਰੀਵੈਮਪਡ ਡਿਸਟ?ਰੀਬਿਊਸ਼ਨ ਸੈਕਟਰ ਸਕੀਮ ਤਹਿਤ ਸੂਬੇ 'ਚ ਬਿਜਲੀ ਸਪਲਾਈ 'ਚ ਸੁਧਾਰ ਲਈ 6797 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਸ ਫੈਸਲੇ ਨਾਲ ਖਪਤਕਾਰਾਂ ਨੂੰ ਬਿਹਤਰ ਬਿਜਲੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸੂਬੇ ਦੇ ਊਰਜਾ ਮੰਤਰੀ ਅਨਿਲ ਵਿੱਜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਰਾਸ਼ੀ ਦੀ ਵਰਤੋਂ ਵੱਖ-ਵੱਖ ਪਾਵਰ ਪ੍ਰਾਜੈਕਟਾਂ ਦੇ ਆਧੁਨਿਕੀਕਰਨ ਅਤੇ ਸਮਾਰਟ ਡਿਸਟ?ਰੀਬਿਊਸ਼ਨ ਸਿਸਟਮ ਦੇ ਵਿਕਾਸ ਲਈ ਕੀਤੀ ਜਾਵੇਗੀ। ਇਸ ਫੰਡ 'ਚੋਂ ਗੁਰੂਗ੍ਰਾਮ ਅਤੇ ਫਰੀਦਾਬਾਦ ਦੇ ਸਿਸਟਮ ਆਧੁਨਿਕੀਕਰਨ ਅਤੇ ਸਮਾਰਟ ਡਿਸਟ?ਰੀਬਿਊਸ਼ਨ ਪ੍ਰਾਜੈਕਟਾਂ ਲਈ 3638.21 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਹ ਨਿਵੇਸ਼ ਬਿਜਲੀ ਸਪਲਾਈ ਨੂੰ ਵੱਧ ਸਮਾਰਟ ਅਤੇ ਕੁਸ਼ਲ ਬਣਾਉਣ ਵਿਚ ਮਦਦ ਕਰੇਗਾ, ਜਿਸ ਨਾਲ ਖਪਤਕਾਰਾਂ ਨੂੰ ਨਿਰਵਿਘਨ ਸੇਵਾ ਪ੍ਰਦਾਨ ਕੀਤੀ ਜਾਵੇਗੀ। ਰੀਵੈਮਪਡ ਡਿਸਟ?ਰੀਬਿਊਸ਼ਨ ਸੈਕਟਰ ਸਕੀਮ ਭਾਰਤ ਸਰਕਾਰ ਦੀ ਇਕ ਵਿਸ਼ੇਸ਼ ਯੋਜਨਾ ਹੈ, ਜਿਸਦਾ ਉਦੇਸ਼ ਬਿਜਲੀ ਵੰਡ ਖੇਤਰ ਦੀ ਵਿੱਤੀ ਅਤੇ ਸੰਚਾਲਨ ਕੁਸ਼ਲਤਾ ਨੂੰ ਮਜ਼ਬੂਤ ??ਕਰਨਾ ਹੈ। ਊਰਜਾ ਮੰਤਰੀ ਅਨਿਲ ਵਿਜ ਨੇ ਦੱਸਿਆ ਕਿ ਇਸ ਸਕੀਮ ਤਹਿਤ ਸਮਾਰਟ ਮੀਟਰਿੰਗ ਦੇ ਕੰਮਾਂ ਲਈ ਟੈਂਡਰ ਜਾਰੀ ਕੀਤੇ ਜਾਣਗੇ ਅਤੇ ਖਪਤਕਾਰਾਂ ਲਈ ਪ੍ਰੀਪੇਡ ਸਮਾਰਟ ਮੀਟਰ ਲਗਾਏ ਜਾਣਗੇ, ਜਿਸ ਨਾਲ ਬਿਜਲੀ ਬਿਲਿੰਗ ਅਤੇ ਸਪਲਾਈ ਵਿਚ ਪਾਰਦਰਸ਼ਤਾ ਵਧੇਗੀ। ਇਸ ਪ੍ਰਾਜੈਕਟ ਨਾਲ ਸੂਬੇ ਵਿਚ ਬਿਜਲੀ ਪ੍ਰਣਾਲੀ ਹੋਰ ਮਜ਼ਬੂਤ ??ਅਤੇ ਆਧੁਨਿਕ ਹੋਵੇਗੀ। ਸਰਕਾਰ ਦਾ ਉਦੇਸ਼ ਖਪਤਕਾਰਾਂ ਨੂੰ ਨਿਰਵਿਘਨ ਅਤੇ ਬਿਹਤਰ ਬਿਜਲੀ ਸਪਲਾਈ ਪ੍ਰਦਾਨ ਕਰਨਾ ਹੈ, ਜਿਸ ਨਾਲ ਸੂਬੇ ਦੀਆਂ ਊਰਜਾ ਲੋੜਾਂ ਨੂੰ ਕੁਸ਼ਲਤਾ ਨਾਲ ਪੂਰਾ ਕੀਤਾ ਜਾ ਸਕਦਾ ਹੈ।